INTERNATIONAL MAGAZINE

RNI No. 61816/95

ਏਕੋ ਬ੍ਰਹਮੁ ਦੁਤੀਅ ਨਾਸਿਤ।

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

## ਸਤੰਬਰ 2025



## ਦ੍ਰਿਸ਼:-

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ 16 ਅਗਸਤ 1604 ਈ. ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਰਵਾਏ। ਬਾਬਾ ਬੁੱਢਾ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਆਪਣੇ ਸੀਸ ਉਪਰ ਸ਼ਸੋਭਿਤ ਕਰਕੇ ਰਾਮਸਰ ਸਾਹਿਬ ਤੋਂ ਸ੍ਰੀ ਹਰਿਮੰਦਰ ਸਾਹਿਬ ਵੱਲ ਲੈ ਕੇ ਜਾਂਦੇ ਹੋਏ। ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਚੌਰ ਕਰਦੇ ਹੋਏ ਅਤੇ ਪਿਛੇ ਕੀਰਤਨ ਕਰਦੀਆਂ ਹੋਈਆਂ ਸੰਗਤਾਂ।

## ਟਰੱਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਵੱਖ-ਵੱਖ ਸੈਂਟਰਾਂ ਵਿੱਚ ਸਾਲਾਨਾ ਸਮਾਗਮਾਂ ਦੌਰਾਨ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹੋਏ।




ਸ੍ਰੀ ਚਮਕੌਰ ਸਾਹਿਬ


ਮਲੇਰਕੋਟਲਾ


ਭੱਠਾ ਸਾਹਿਬ (ਰੋਪੜ)


ਆਲੋਵਾਲ (ਪਟਿਆਲਾ)

# ਆਤਮ ਮਾਰਗ


ਸਾਲ-ਇਕੱਤੀਵਾਂ, ਮਹੀਨਾ-ਸਤੰਬਰ, 2025

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

**ਚੇਅਰਮੈਨ** — ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ** — ਬਾਬਾ ਹਰਪਾਲ ਸਿੰਘ ਜੀ ਚੀਫ ਐਡੀਟਰ

ਮੈਨੇਜਿੰਗ ਐਡੀਟਰ — ਭਾਈ. ਡਾ. ਸੁਖਵਿੰਦਰ ਸਿੰਘ ਜੀ


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਸੰਪਰਕ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

Email :atammarg1@yahoo.co.in

Registration Under Foreign Contribution (Regulation) Act 1976 R. No. 115320023

**Postal Address for any Enquiry, Money Order, Cheque and drafts :**

**'ATAM MARG' MAGAZINE**

Gurdwara Ishar Parkash, Ratwara Sahib
(New Chandigarh) P.o. Mullanpur Garibdas,
Teh. Kharar, Distt. S.A.S Nagar
(MOHALI) - 140901, Pb. India

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 years) |
|---|---|
| 4500/- | 45000/- |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## Media Broadcast (Ratwara Sahib)

Please visit us on internet at :-
For Atam Marg Email : atammarg1@yahoo.co.in,
Website & Live video -

www.ratwarasahib.org
www.ratwarasahib.com
www.vgrmct.org

} Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

Live Programme & Cable Tv Network

98728-14385, 94172-14385

98147-12900

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -

9417214378, 9417214384

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 9592212900
6. ਬੀਐਡ ਕਾਲਜ ਅਤੇ ਨਰਸਿੰਗ ਕਾਲਜ 9417214382
8. ਬਿਰਧ ਆਸ਼ਰਮ 9815728220

## ਵਿਸ਼ੇਸ਼ ਜਾਣਕਾਰੀ ਲਈ

ਸ਼੍ਰੀ ਮਾਨ ਜੀ - 98551-32009

ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900

ਹੋਰ ਸੰਪਰਕ ਨੰਬਰ

98889-10777, 96461-01996, 9417214381

# ਤੱਤਕਰਾ


| | | |
|---|---|---|
| 1. | **ਸੰਪਾਦਕੀ** | 5 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 2. | **ਬਾਰਹ ਮਾਹਾ** | 7 |
| | *ਡਾ. ਭਾਈ ਵੀਰ ਸਿੰਘ ਜੀ* | |
| 3. | **ਮੰਞ ਪਿਆਰਾ ਗੁਰੂ ਨੂੰ.......।** | 8 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | **ਚਉਥੈ ਪਹਰਿ ਸਬਾਹ ਕੈ....................॥** | 17 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | **ਸਾਈ ਨਾਮੁ ਅਮੋਲੁ..........॥** | 21 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 6. | **ਐਸੇ ਜਨ ਵਿਰਲੇ ਸੰਸਾਰੇ.....॥** | 31 |
| | *ਸੰਤ ਬਾਬਾ ਲਖਬੀਰ ਸਿੰਘ ਜੀ* | |
| 7. | **ਬਿੰਦੀ ਅਤੇ ਨਾਦੀ ਵੰਸ ਦੇ ਸਬੰਧ** | 35 |
| | **(ਬਾਬਾ ਸ੍ਰੀ ਚੰਦ ਜੀ ਦੇ ਆਗਮਨ ਦਿਵਸ ਨੂੰ ਸਮਰਪਿਤ)** | |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 8. | **ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਾਂਝੀਵਾਲਤਾ** | 40 |
| | *ਡਾ. ਗੁਰਨੇਕ ਸਿੰਘ* | |
| 9. | **ਗੁਰਬਾਣੀ ਅਰਥ ਭੰਡਾਰ** | 44 |
| | *ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ* | |
| 10. | **ਗੁਰ ਨਾਨਕ ਆਗਮਨ** | 47 |
| | *ਡਾ. ਭਾਈ ਵੀਰ ਸਿੰਘ ਜੀ* | |
| 11. | **ਸ੍ਰੀ ਗੁਰੂ ਅੰਗਦ ਦਰਸ਼ਨ** | 50 |
| | *ਕ੍ਰਿਤ - ਪੂਰਨ ਸਿੰਘ* | |
| 12. | **ਜਨ ਪਰਉਪਕਾਰੀ ਆਏ - ਭਾਗ 4** | 53 |
| | *ਪ੍ਰੋ. ਗੁਰਦੇਵ ਸਿੰਘ* | |
| 13. | **ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ** | 56 |

# ਸੰਪਾਦਕੀ

## ਸਾ ਬੁਧਿ ਦੀਜੈ ਜਿਤੁ ਵਿਸਰਹਿ ਨਾਹੀ ॥
## ਸਾ ਮਤਿ ਦੀਜੈ ਜਿਤੁ ਤੁਧੁ ਧਿਆਈ ॥

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

ਗੁਰਬਾਣੀ ਦੀਆਂ ਉਪਰੋਕਤ ਪੰਕਤੀਆਂ ਦੀ ਰੋਸ਼ਨੀ ਵਿਚ ਸੁਰਤਿ ਸਬਦਿ ਦੇ ਮਾਰਗ ਦੀ ਲੜੀ ਨੂੰ ਅੱਗੇ ਤੋਰਦਿਆਂ ਹਥਲੇ ਅੰਕ ਦੀ ਸੰਪਾਦਕੀ ਦੀ ਸ਼ੁਰੂਆਤ, ਗੁਰੂ ਕ੍ਰਿਪਾ ਸਦਕਾ ਕਰ ਰਹੇ ਹਾਂ। ਉਪਰੋਕਤ ਪੰਕਤੀਆਂ ਦੇ ਸਾਨੂੰ ਦੋ ਸ਼ਬਦਾਂ 'ਤੇ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ। ਇਹ ਸ਼ਬਦ ਹਨ ਬੁਧਿ ਅਤੇ ਮਤਿ। ਬੋਲਣ ਅਤੇ ਲਿਖਣ ਵਿਚ ਭਾਵੇਂ ਇਹ ਸ਼ਬਦ ਵੱਖ ਹਨ ਪਰ ਸਿਧਾਂਤਕ ਤੌਰ 'ਤੇ ਇਨ੍ਹਾਂ ਦੇ ਅਰਥਾਂ ਵਿਚ ਬਹੁਤਾ ਫਰਕ ਨਜ਼ਰ ਨਹੀਂ ਆਉਂਦਾ। ਬਾਣੀ ਧੁਰ ਦਰਗਾਹ ਤੋਂ ਆਈ, ਪ੍ਰਮੇਸ਼ਰ ਸਰੂਪ ਹੈ। ***'ਵਾਹੁ ਵਾਹੁ ਬਾਣੀ ਨਿਰੰਕਾਰ ਹੈ......॥' (ਅੰਗ-੫੧੫)*** ਅਕਾਲ ਪੁਰਖ ਦੇ ਮੰਡਲ ਦੀ ਬਾਤ ਸਮਝਣੀ ਕੋਈ ਸੌਖੀ ਖੇਡ ਨਹੀਂ। ਮ੍ਰਿਤ ਮੰਡਲ ਦਾ ਵਾਸੀ ਅਕਾਲ ਮੰਡਲ ਦੀ ਬਾਤ ਕਿਵੇਂ ਸਮਝ ਸਕਦਾ ਹੈ? ਇਸ ਨੂੰ ਸਮਝਣ ਵਾਸਤੇ ਆਤਮਿਕ ਅਵਸਥਾ ਦੀ ਉਚਤਾਈ ਦੀ ਲੋੜ ਹੈ। ਇਹ ਬਖਸ਼ਿਸ਼ ਉਹ ਆਪਣੇ ਦਰ ਘਰ ਤੋਂ ਵਰੋਸਾਏ, ਬਖਸ਼ੀਆਂ ਰੂਹਾਂ ਵਾਲੇ ਸੰਤ ਜਨਾਂ ਭਾਵ ਆਪਣੇ ਪਿਆਰਿਆਂ 'ਤੇ ਕਰਦੇ ਹਨ -

*ਸੰਤ ਸਹਾਈ ਜੀਅ ਕੇ ਭਵਜਲ ਤਾਰਣਹਾਰ ॥*
*ਸਭ ਤੇ ਊਚੇ ਜਾਣੀਅਹਿ ਨਾਨਕ ਨਾਮ ਪਿਆਰ ॥*
*ਅੰਗ- ੯੨੯*

ਭਾਵ -

*ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ ॥ ਅੰਗ - ੧੧*

ਉਹ ਅਕਾਲ ਪੁਰਖ ਕਿੱਡਾ ਵੱਡਾ ਹੈ। ***'ਕੇਵਡੁ ਵਡਾ ਡੀਠਾ ਹੋਇ ॥' (ਅੰਗ-੯)*** ਉਸ ਦੀ ਬਾਤ ਤਾਂ ਪਾ ਸਕਦੇ ਹਾਂ ਜੇ ਉਸ ਨੂੰ ਦੇਖਿਆ ਹੋਵੇ। ਅਕਾਲ ਪੁਰਖ ਵਲੋਂ ਸਾਡੇ ਵਰਗੇ ਮ੍ਰਿਤ ਮੰਡਲ ਦੇ ਜੀਵਾਂ 'ਤੇ ਮਿਹਰਾਮਤਿ ਦੀ ਬਾਰਿਸ਼ ਕਰਦਿਆਂ ਸਾਨੂੰ ਇਸ ਬਾਣੀ ਦੀ ਬਖਸ਼ਿਸ਼ ਹੋਈ। ਬਾਣੀ ਦੀ ਬਖਸ਼ਿਸ਼ ਵੀ ਪੰਜਾਬੀ ਬੋਲੀ ਅਤੇ ਗੁਰਮੁਖੀ ਲਿਪੀ ਵਿਚ ਹੋਈ। ਕੇਵਲ ਸੀਨੇ-ਬਸੀਨੇ ਜ਼ੁਬਾਨੀ ਹੀ ਨਹੀਂ, ਸਗੋਂ ਸਮੁੱਚੀ ਬਾਣੀ ਸਾਨੂੰ ਸੱਚੇ ਪਾਤਸ਼ਾਹ ਦੇ ਪਵਿੱਤਰ ਮੁਖਾਰਬਿੰਦ ਅਤੇ ਅਨੁਭਵ ਰਾਹੀਂ ਆਈ, ਲਿਖਤ ਰੂਪ ਵਿਚ ਪ੍ਰਕਾਸ਼ਮਾਨ ਹੋਈ। ਜਿਵੇਂ ਪਹਿਲਾਂ ਵੀਚਾਰ ਕੀਤੀ ਗਈ ਹੈ ਕਿ ਅਕਾਲ ਮੰਡਲ ਦੀ ਬਾਤ ਸਮਝਣੀ ਸੌਖੀ ਗੱਲ ਨਹੀਂ। ਹੋਰ ਵੱਡੀ ਬਖਸ਼ਿਸ਼ ਇਹ ਹੋਈ ਹੈ ਕਿ ਸਮੁੱਚੀ ਬਾਣੀ ਸਾਨੂੰ (signs & symbols) ਚਿੰਨ੍ਹ ਅਤੇ ਨਿਸ਼ਾਨਾਂ ਦੇ ਪ੍ਰਤੀਬਿੰਬਾਂ ਰਾਹੀਂ ਪ੍ਰਗਟ ਹੋਈ। ਅਕਾਲ ਮੰਡਲ ਦੀ ਬਾਤ, ਸਾਨੂੰ ਮ੍ਰਿਤ ਮੰਡਲ ਦੇ ਜੀਵਾਂ ਨੂੰ ਸਮਝਾਉਣ ਲਈ, ਸਾਡੇ ਨਿਤਪ੍ਰਤੀ ਜੀਵਨ ਵਿਚ ਵਰਤੀਆਂ ਜਾਣ ਵਾਲੀਆ ਚੀਜ਼ਾਂ ਰਾਹੀਂ ਦਿਤੀ ਗਈ ਤਾਂ ਜੋ ਸਾਨੂੰ ਉਹ ਭਾਵ ਅਰਥ ਸਮਝ ਆ ਜਾਣ, ਜਿਥੇ ਸੱਚੇ ਪਾਤਸ਼ਾਹ ਸਾਨੂੰ ਪਹੁੰਚਾਉਣਾ ਚਾਹੁੰਦੇ ਹਨ।

ਆਉ! ਇਸ ਵੀਚਾਰ ਨੂੰ ਵਿਸਰਾਮ ਦੇਂਦਿਆਂ ਸ਼ੁਰੂਆਤੀ ਵੀਚਾਰ ਵਲ ਆਈਏ। ਆਪਣੀ ਵੀਚਾਰ, ਬੁਧਿ ਅਤੇ ਮਤਿ ਸ਼ਬਦਾਂ ਦੇ ਸਿਧਾਂਤਕ ਪੱਖ ਦੀ ਚਲ ਰਹੀ ਹੈ। ਭਾਵੇਂ ਬੁਧਿ ਅਤੇ ਮਤਿ, ਬਾਣੀ ਵਿਚ ਇਕੋ ਹੀ ਅਰਥਾਂ ਵਿਚ ਆਏ ਹਨ ਪਰ ਕਿਤੇ-ਕਿਤੇ 'ਬੁਧਿ' ਨੂੰ ਸ਼ੁਭ ਸਿੱਖਿਆ ਦੇ ਅਰਥਾਂ ਵਿਚ ਵੀ ਵਰਤਿਆ ਗਿਆ ਹੈ। ਇਥੇ ਸਾਨੂੰ 'ਸ਼ੁਭ' ਸਿਖਿਆ ਦੀ ਜਾਣਕਾਰੀ ਮਿਲ ਰਹੀ ਹੈ। ਇਸ ਦਾ ਮਤਲਬ ਇਹ ਹੈ ਕਿ ਕੋਈ 'ਅਸ਼ੁਭ' ਸਿੱਖਿਆ ਵੀ ਹੋਵੇਗੀ ਜੇ ਸ਼ੁੱਭ ਹੈ ਤਾਂ ਅਸ਼ੁੱਭ ਵੀ ਹੈ। ਐਸੀ ਸਿਖਿਆ, ਐਸਾ ਗਿਆਨ ਗੁਰਮਤਿ ਵਿਚ ਪਰਵਾਨ ਨਹੀਂ ਜੋ ਪ੍ਰਮੇਸ਼ਰ ਨਾਲੋਂ ਤੋੜਦਾ ਹੋਵੇ। ਐਸੀ ਸਿੱਖਿਆ ਕਿਸੇ ਕੰਮ ਦੀ ਨਹੀਂ ਜੋ ਆਪਣੇ ਧੇਅ ਦਾ ਗਿਆਨ ਨਹੀਂ ਕਰਾਉਂਦੀ। ਤਾਂ ਹੀ ਸੱਚੇ ਪਾਤਸ਼ਾਹ ਫੁਰਮਾਨ ਕਰਦੇ ਹਨ -

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*
*ਅੰਗ - ੪੪੧*

ਭਾਵ ਲੇਖੇ ਵਿਚ ਕੇਵਲ ਆਪਣੇ ਆਪੇ ਦੀ ਪਛਾਣ ਹੀ ਪੈਂਦੀ ਹੈ। ਬਾਕੀ ਤਾਂ *'ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ (ਅੰਗ-੧੨)* ਹੋਰ ਸਪੱਸ਼ਟ ਸੇਧ ਸੱਚੇ ਪਾਤਸ਼ਾਹ ਬਖਸ਼ਿਸ਼ ਕਰ ਰਹੇ ਹਨ -

*ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥*
*ਅੰਗ - ੪੬੭*

ਭਾਵ –

*ਸੰਤ ਕੀ ਸੇਵਾ ਨਾਮੁ ਧਿਆਈਐ ॥ ਅੰਗ – ੨੬੫*

*ਜਪਹੁ ਤ ਏਕੋ ਨਾਮਾ ॥ ਅਵਰਿ ਨਿਰਾਫਲ ਕਾਮਾ ॥*
*ਅੰਗ – ੭੨੮*

ਸਿੱਖਿਆ ਭਾਵੇਂ ਕਿਸੇ ਵੀ ਖੇਤਰ ਨਾਲ ਸਬੰਧਿਤ ਹੋਵੇ, ਜੇ ਆਪਣੇ ਆਪੇ ਦੀ ਪਛਾਣ ਨਹੀਂ ਹੋਈ ਤਾਂ ਉਹ ਨਿਹਫਲ ਹੈ –

*ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥*
*ਅੰਗ – ੧*

*ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥*
*ਅੰਗ – ੧੪੦*

ਅਜੋਕੇ ਮਨੁੱਖ ਨੇ ਬਹੁਤ ਪ੍ਰਾਪਤੀਆਂ ਕਰ ਲਈਆਂ ਹਨ। ਨਾ-ਮੁਮਕਿਨ ਨੂੰ ਮੁਮਕਿਨ, ਅਸੰਭਵ ਨੂੰ ਸੰਭਵ ਕਰਨ ਵਿਚ ਦਿਨ ਰਾਤ ਯਤਨਸ਼ੀਲ ਹੈ। ਮਨੁੱਖ ਨੇ ਆਪਣੇ ਲਈ ਸੁਖਾਂ ਦੇ ਸਾਧਨ ਵਿਕਸਿਤ ਕਰ ਲਏ ਹਨ ਪਰ ਕਦੇ ਪ੍ਰਲੋਕ ਦੇ ਸੁੱਖ ਦੇ ਬਾਰੇ ਨਹੀਂ ਸੋਚਿਆ। ਸੋਚੇ ਵੀ ਕਿਵੇਂ ਕਿਉਂਕਿ ਉਸ ਮੰਡਲ ਤੱਕ ਇਹਦੀ ਪਹੁੰਚ ਨਹੀਂ ਹੈ। ਉਥੇ ਕੇਵਲ ਸਮਰੱਥ ਗੁਰੂ ਦੀ ਪਹੁੰਚ ਹੈ ਜੋ ਉਥੇ ਰਾਖੀ ਕਰਦੇ ਹਨ–

*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥*
*ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥*
*ਅੰਗ – ੧੨੮੧*

*ਤੂੰ ਮੇਰਾ ਰਾਖਾ ਸਭਨੀ ਥਾਈ .....॥ ਅੰਗ – ੧੦੩*

ਉਥੇ ਕੇਵਲ ਨਾਮ ਨੇ ਸਹਾਇਤਾ ਕਰਨੀ ਹੈ –

*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥ ਅੰਗ – ੨੬੪*

ਫਿਰ ਥੋੜ੍ਹੀ ਸਮਝ ਰੱਖਣ ਵਾਲਾ, ਥੋੜ੍ਹੀ ਬੁੱਧੀ ਵਾਲਾ ਸੋਚਦਾ ਹੈ ਕਿ ਕਿਉਂ ਨਾ ਉਹ ਵਸੀਲੇ ਵਰਤੇ ਜਾਣ ਜਿਨ੍ਹਾਂ ਨਾਲ ਲੋਕ ਤੇ ਪ੍ਰਲੋਕ ਸੁਹੇਲਾ ਹੋਵੇ। ਰਤਵਾੜਾ ਸਾਹਿਬ ਦੇ ਸਾਲਾਨਾ ਸਮਾਗਮ ਵਿਚ ਇਕ ਵਿਦਵਾਨ ਵਲੋਂ ਕਥਨ ਕੀਤਾ ਗਿਆ ਕਿ ਲੋਕ ਸੰਵਾਰ ਲਵੋ, ਪ੍ਰਲੋਕ ਆਪੇ ਸੰਵਰ ਜਾਵੇਗਾ।

ਰਤਵਾੜਾ ਸਾਹਿਬ ਵਾਲੇ ਪਿਆਰੇ ਮਹਾਂਪੁਰਸ਼ਾਂ ਨੇ (ਸਚਖੰਡਵਾਸੀ ਸੰਤ ਵਰਿਆਮ ਸਿੰਘ ਜੀ) ਉਸ ਕਥਨ ਵਿਚ ਸੋਧ ਕਰਦਿਆਂ ਬਚਨ ਕੀਤਾ ਕਿ ਪ੍ਰਲੋਕ ਸੰਵਾਰ ਲਵੋ, ਲੋਕ ਆਪੇ ਸੰਵਰ ਜਾਵੇਗਾ। ਪ੍ਰਲੋਕ ਸੰਵਾਰਨ ਵਾਸਤੇ ਸਮਰੱਥ ਗੁਰੂ ਦੀ ਲੋੜ ਹੈ। ਸਮਰੱਥ ਗੁਰੂ, ਗਿਆਨ ਦੇ ਨੇਤਰ ਬਖਸ਼ ਕੇ ਅਗਿਆਨ ਦਾ ਨਾਸ਼ ਕਰ, ਆਤਮਿਕ ਮੰਡਲ ਵਿਚ ਪਹੁੰਚਾ ਦਿੰਦੇ ਹਨ –

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ*
*ਵਿਚੇ ਹੋਵੈ ਮੁਕਤਿ ॥ ਅੰਗ – ੫੨੨*

*ਗਿਆਨ ਅੰਜਨੁ ਗੁਰਿ ਦੀਆ*
*ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ*
*ਨਾਨਕ ਮਨਿ ਪਰਗਾਸੁ ॥ ਅੰਗ – ੨੯੩*

ਇਕ ਸੰਸਾਰ ਪ੍ਰਸਿੱਧ ਵਿਗਿਆਨੀ ਨੇ ਆਪਣੇ ਅੰਤਲੇ ਸਮੇਂ ਕਥਨ ਕੀਤਾ ਕਿ ਬਹੁਤ ਕੁਝ ਸਿੱਖਿਆ ਪਰ ਆਪਣੇ ਆਪੇ ਦੀ ਪਛਾਣ ਨਹੀਂ ਕਰ ਸਕਿਆ। ਆਖਰੀ ਇੱਛਾ ਜ਼ਾਹਿਰ ਕੀਤੀ ਕਿ ਅਗਲਾ ਜਨਮ ਮਿਲੇ ਤਾਂ ਮੈਂ ਆਪਣੇ ਆਪੇ ਦੀ ਪਛਾਣ ਕਰਾਂ। ***'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥'*** 'ਸੌ ਹੱਥ ਰੱਸਾ ਸਿਰੇ 'ਤੇ ਗੰਢ' ਭਾਵ ਆਖਰਕਾਰ ਅਰਦਾਸ ਵਿਚ ਜੁੜਣ ਦੀ ਲੋੜ ਹੈ ਕਿ ਹੇ ਸੱਚੇ ਪਾਤਸ਼ਾਹ! ਐਸੀ ਸ਼ੁੱਭ ਸਿੱਖਿਆ ਬਖਸ਼ੋ, ਐਸੀ ਬੁੱਧੀ, ਐਸੀ ਅਕਲ ਦੇਵੋ ਕਿ ਮੈਂ ਉਹ ਕਾਰਜ ਕਰ ਲਵਾਂ ਜਿਸ ਨੂੰ ਕਰਨ ਵਾਸਤੇ ਮਾਤ ਲੋਕ 'ਤੇ ਆਇਆ ਹਾਂ ਅਤੇ ਮੇਰੀ ਇਹ ਮਾਤ ਲੋਕ ਦੀ ਯਾਤਰਾ ਸਫਲ ਹੋ ਜਾਵੇ।

*ਸਫਲ ਸਫਲ ਭਈ ਸਫਲ ਜਾਤ੍ਰਾ ॥*
*ਆਵਣ ਜਾਣ ਰਹੇ ਮਿਲੇ ਸਾਧਾ ॥ ਅੰਗ – ੬੮੭*

ਜਨਮਾਂ-ਜਨਮਾਂ ਤੋਂ ਵਿਛੜੇ ਹਾਂ, ਹੁਣ ਮੇਲ ਲਵੋ–

*ਬਹੁਤ ਜਨਮ ਬਿਛੁਰੇ ਥੇ ਮਾਧਉ*
*ਇਹੁ ਜਨਮੁ ਤੁਮ੍ਹਾਰੇ ਲੇਖੇ ॥ ਅੰਗ – ੬੯੪*
*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ*
*ਸਿਮਰਤ ਕਹਾ ਨਹੀ ॥ ਅੰਗ – ੬੩੧*

ਸੋ ਲੋੜ ਹੈ ਉਸ ਮਤਿ ਜਾਂ ਬੁੱਧੀ ਨੂੰ ਧਾਰਨ ਕਰਨ ਦੀ, ਜਿਸ ਨੂੰ ਵਰਤਦਿਆਂ ਸਾਡਾ ਇਹ ਜਨਮ ਸਫਲ ਹੋ ਜਾਵੇ।

*ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥*
*ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥*
*ਅੰਗ– ੭੨੬*

ਸੋ ਆਉ! ਜੁੜੀਏ, ਅਰਦਾਸ ਵਿਚ, ਸੱਚੇ ਪਾਤਸ਼ਾਹ –

*ਸਾ ਬੁਧਿ ਦੀਜੈ ਜਿਤੁ ਵਿਸਰਹਿ ਨਾਹੀ ॥*
*ਸਾ ਮਤਿ ਦੀਜੈ ਜਿਤੁ ਤੁਧੁ ਧਿਆਈ ॥ ਅੰਗ – ੧੦੦*

*(ਬਾਕੀ ਪੰਨਾ 43 ਤੇ)*

# ਅਸੁਨਿ

**(ਅੱਸੂ ਮਹੀਨੇ ਦੀ ਸੰਗਰਾਂਦ : 16 ਸਤੰਬਰ, ਦਿਨ ਮੰਗਲਵਾਰ)**

*ਡਾ. ਭਾਈ ਵੀਰ ਸਿੰਘ ਜੀ*

**ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥**
**ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ ॥**
**ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ ॥**
**ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ ॥**
**ਜਿੰਨ੍ੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ ॥**
**ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ ॥**
**ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ ॥**
**ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ ॥**
**ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ ॥ ੮ ॥ ਅੰਗ - ੧੩੪**

ਅੱਸੂ ਦ੍ਵਾਰਾ (ਉਪਦੇਸ਼ ਹੈ ਕਿ) ਉਮਾਹੂ ਹੋ ਕੇ ਪ੍ਰੇਮ ਉਮੜਿਆ ਪਿਆ ਹੈ ਕਿ ਕਿਵੇਂ ਵਾਹਿਗੁਰੂ ਜੀ ਨੂੰ ਜਾ ਮਿਲੀਏ। ਹੇ ਮਾਈ! ਮਨ ਅਤੇ ਤਨ ਵਿਚ ਦਰਸ਼ਨ ਦੀ ਬਹੁਤ ਪਿਆਸ ਲਗ ਰਹੀ ਹੈ, ਕੋਈ ਆ ਕੇ (ਮੈਨੂੰ) ਹਰੀ ਨੂੰ ਮਿਲਾ ਦੇਵੇ। ਸੰਤ (ਵਾਹਿਗੁਰੂ) ਪ੍ਰੇਮ ਕੇ ਸਹਾਈ (ਕਹੀਦੇ) ਹਨ ਮੈਂ ਹੁਣ ਉਹਨਾਂ ਦੇ ਚਰਨੀਂ ਜਾ ਲੱਗਾਂ। ਪ੍ਰਭੂ ਤੋਂ ਬਿਨਾਂ ਕਿਵੇਂ ਸੁਖ ਮਿਲ ਸਕਦਾ ਹੈ? (ਜਦ ਕਿ) ਪ੍ਰਭੂ ਤੋਂ ਬਿਨਾਂ ਸੁਖਦਾਈ ਕੋਈ) ਦੂਜੀ ਜਗ੍ਹਾ ਹੈ ਹੀ ਨਹੀਂ। ਜਿਹਨਾਂ ਨੇ (ਵਾਹਿਗੁਰੂ ਜੀ ਦਾ) ਪ੍ਰੇਮ ਰਸ ਚਾਖਿਆ ਹੈ ਉਹ ਰੱਜ ਰਹੇ ਤੇ ਤ੍ਰਿਪਤ ਹੋ ਰਹੇ ਹਨ। (ਆਓ ਅਸੀਂ ਬੀ) ਆਪਾ-ਭਾਵ ਤਿਆਗ ਕੇ ਬੇਨਤੀ ਕਰੀਏ ਕਿ ਹੇ ਪ੍ਰਭੂ (ਜੀ! ਸਾਨੂੰ ਬੀ) ਲੜ ਲਾ ਲਓ। (ਕਿਉਂਕਿ) ਜੋ ਹਰਿ ਕੰਤ ਨੇ ਮਿਲਾ ਲਈਆਂ, ਓਹ (ਫੇਰ) ਕਦੇ ਬੀ ਵਿਛੁੜ ਨਹੀਂ ਜਾਂਦੀਆਂ, (ਭਾਵ ਵਾਹਿਗੁਰੂ ਜੀ ਦਾ ਪ੍ਰੇਮ ਅਵਿਨਾਸ਼ੀ ਹੈ) ਹੇ ਨਾਨਕ! ਵਾਹਿਗੁਰੂ ਤੋਂ ਬਿਨਾਂ (ਰਖਯਕ ਤੇ ਸਦਾ ਨਿਭਣ ਵਾਲਾ ਹੋਰ) ਦੂਜਾ ਕੋਈ ਨਹੀਂ (ਇਸ ਲਈ ਅਸੀਂ) ਹਰੀ ਦੀ ਸ਼ਰਨ ਆਏ ਹਾਂ। ਅੱਸੂ ਵਿਚ ਜਿਨ੍ਹਾਂ ਉਤੇ ਪ੍ਰਕਾਸ਼ ਰੂਪ ਹਰੀ ਦੀ ਮਿਹਰ ਹੋਵੇ ਉਹ ਸੁਖੀ ਵਸਦੀਆਂ ਹਨ (ਅਥਵਾ ਇਹ) ਅੱਸੂ ਦ੍ਵਾਰੇ ਉਪਦੇਸ਼ ਹੈ।

ਵਿਆਖਿਆ - ਇਸ ਮਹੀਨੇ ਵਿਚ ਫੇਰ ਉਸ ਬਿਰਹਨੀ ਦੁਆਰਾ ਜਗਿਆਸੂ ਦਾ ਜ਼ਿਕਰ ਹੈ ਜਿਸ ਨੂੰ ਵਿਛੋੜੇ ਦੀ ਕਸਕ ਲਗ ਰਹੀ ਹੈ ਤੇ ਦਰਸ਼ਨ ਦੀ ਪਿਆਸ ਪ੍ਰਭੂ ਦੇ ਮੇਲ ਦੀਆਂ ਸੱਧਰਾਂ ਦੇ ਰਹੀ ਹੈ ਤੇ ਯਾਚਨਾ ਹੋ ਰਹੀ ਹੈ ਕਿ ਕੋਈ ਮਿਲਾਪ ਦਾ ਰਾਹ ਦੱਸੇ ਤੇ ਪ੍ਰਭੂ ਨੂੰ ਮਿਲ ਕੇ ਮਿਲਾਪ ਸੁਖ ਪ੍ਰਾਪਤ ਹੋ ਜਾਵੇ।

ਨਿਰੁੱਕਤ - ਉਮਾਹੜਾ - ਚਸ਼ਮੇ ਵਾਂਗੂੰ ਆਪਣੇ ਆਪ ਉਛਾਲੇ ਵਿਚ ਆ ਕੇ, ਉਮਾਹੂ ਹੋ ਕੇ, ਉਛਲਣ ਵਾਲਾ। ਮਾਇ-ਹੇ ਮਾਈ! ਹੇ ਪਿਆਰੇ, ਹੇ ਗੁਰੂ, ਹੇ ਭਾਈ, ਹੇ ਸਤਿਸੰਗੀ, ਮਿਤ੍ਰ ਆਦਿ ਅਰਥਾਂ ਵਿਚ ਇਹ ਸੰਬੋਧਨ ਵਰਤਿਆ ਜਾਂਦਾ ਹੈ।

ਸਹਾਈ ਪ੍ਰੇਮ ਕੇ - ਭਾਵ ਜਿਨ੍ਹਾਂ ਨੂੰ ਪ੍ਰੇਮ ਲੱਗਾ ਹੈ, ਉਹਨਾਂ ਦੀ ਸਹਾਇਤਾ ਕਰਦੇ ਹਨ।

ਜਾਇ - ਜਗ੍ਹਾ, ਥਾਂ।

# ਮੰਝ ਪਿਆਰਾ ਗੁਰੂ ਨੂੰ......।

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ-20)*

ਸੋ ਇਹ ਮਾਇਆ ਦਾ ਪ੍ਰਕਰਣ ਚਲਦਾ ਸੀ। ਰਾਜੇ ਜਨਕ ਨੇ ਕਿਹਾ ਕਿ ਜਦੋਂ ਆਦਮੀ ਹੋਸ਼-ਹਵਾਸ ਵਿਚ ਹੋਵੇ ਤਾਂ ਮਾਇਆ ਦਾ ਅਸਰ ਨਹੀਂ ਪੈ ਸਕਦਾ। ਸੰਤ ਕਹਿੰਦੇ, ਮਾਇਆ ਤਾਂ ਬਹੁਤ ਬੁਰੀ ਪੈਂਦੀ ਹੈ। ਕਹਿੰਦਾ, ਕੋਈ ਨਾ। ਥੋੜ੍ਹੇ ਦਿਨਾਂ ਤੋਂ ਬਾਅਦ -

*ਨਰਪਤਿ ਏਕੁ ਸਿੰਘਾਸਨਿ ਸੋਇਆ*
*ਸੁਪਨੇ ਭਇਆ ਭਿਖਾਰੀ ॥*
*ਅਛਤ ਰਾਜ ਬਿਛੁਰਤ ਦੁਖੁ ਪਾਇਆ*
*ਸੋ ਗਤਿ ਭਈ ਹਮਾਰੀ ॥* *ਅੰਗ - ੬੫੭*

ਦਰਬਾਰ ਲੱਗਿਆ ਹੋਇਆ ਹੈ। ਜੇਠ ਦਾ ਮਹੀਨਾ ਹੈ। ਖਸ ਦੀਆਂ ਟਟੀਆਂ ਦੇ ਨਾਲ, ਪਾਣੀ ਛਿੜਕ-ਛਿੜਕ ਕੇ ਦਰਬਾਰ ਹਾਲ ਨੂੰ ਬਰਫ਼ ਵਰਗਾ ਠੰਢਾ ਕਰਿਆ ਹੋਇਐ। ਸਾਰੇ ਵਜ਼ੀਰ, ਅਮੀਰ ਸਭ ਬੈਠੇ ਨੇ। ਵੱਡੇ ਆਫੀਸਰ ਬੈਠੇ ਨੇ ਤੇ ਬਚਨ ਚੱਲ ਰਹੇ ਨੇ ਕਿ ਬੈਠੇ-ਬੈਠੇ ਰਾਜੇ ਜਨਕ ਨੂੰ ਇਕ ਨੀਂਦ ਦਾ ਝੂਟਾ ਆ ਗਿਆ। ਨੀਂਦ ਆਉਣ 'ਤੇ ਕਿਸੇ ਨੂੰ ਨਹੀਂ ਪਤਾ ਹੁੰਦਾ ਕਿ ਮੈਨੂੰ ਗਾੜ੍ਹੀ ਨੀਂਦ ਪੰਜ ਮਿੰਟ ਨੀਂਦ ਆਈ ਹੈ ਕਿ ਪੰਜ ਘੰਟੇ ਆਈ ਹੈ। ਸੁਪਨਾ 12 ਸੈਕਿੰਡ ਦਾ ਹੋਇਆ ਕਰਦੈ, ਛੋਟਾ ਸੁਪਨਾ। ਜਿਹੜਾ ਵੱਡਾ ਸੁਪਨਾ ਹੁੰਦੈ, ਉਹ ਇਸ ਤੋਂ ਵੱਧ ਵੀ ਹੋ ਸਕਦੈ। ਉਹ ਇਕ ਮਿੰਟ ਦਾ ਵੀ ਹੋ ਸਕਦੈ, ਢਾਈ ਮਿੰਟ ਦਾ ਵੀ ਹੋ ਸਕਦੈ ਪਰ ਢਾਈ ਮਿੰਟ ਦਾ ਸੁਪਨਾ ਕਿਸੇ-ਕਿਸੇ ਨੂੰ ਆਉਂਦੈ। 12 ਸੈਕਿੰਡ ਦਾ ਹੀ ਇਸ ਤਰ੍ਹਾਂ ਲਗਦਾ ਹੁੰਦੈ ਕਿ ਸਾਰੀ ਰਾਤ, ਸਾਰੀ ਜ਼ਿੰਦਗੀ ਲੰਘ ਗਈ। ਬਹੁਤ ਤੇਜ਼ ਚਲਦੀ ਹੈ ਮਸ਼ੀਨ ਇਹ।

ਰਾਜੇ ਜਨਕ ਨੂੰ ਸੁਪਨਾ ਕੀ ਆਉਂਦੈ ਕਿ ਦੂਸਰੇ ਦੇਸ਼ ਦੇ ਰਾਜੇ ਨੇ ਚੜ੍ਹਾਈ ਕਰ ਦਿਤੀ। ਫੌਜਾਂ ਹਾਰ ਗਈਆਂ ਤੇ ਉਸ ਰਾਜੇ ਨੇ ਆ ਕੇ ਬਹੁਤ ਬੇਇਜ਼ਤੀ ਕਰੀ, ਰਾਜੇ ਜਨਕ ਦੀ। ਤਖ਼ਤ ਖੋਹ ਲਿਆ, ਇਸ ਤੋਂ। ਇਕ ਕੱਪੜਾ ਤੇੜ ਜੋਗਾ ਰਹਿਣ ਦਿਤਾ ਇਹਦੇ ਤੇ ਇਹਨੂੰ ਬੇਇੱਜ਼ਤ ਕਰਕੇ ਕੱਢ ਦਿਤਾ। ਹੁਕਮ ਦੇ ਦਿਤਾ ਕਿ ਕੋਈ ਇਹਨੂੰ ਪਾਣੀ, ਰੋਟੀ ਕੁਝ ਨਾ ਦੇਵੇ, ਨਿਰਾਦਰ ਕਰੋ ਇਹਦਾ। ਬਚਨਾਂ ਨਾਲ ਵੀ ਨਿਰਾਦਰ ਕਰੋ, ਉਸ ਤਰ੍ਹਾਂ ਹੋਰ ਤਰੀਕਿਆਂ ਨਾਲ ਵੀ ਕਰੋ ਤੇ ਧੱਕੇ ਮਾਰ ਰਹੇ ਨੇ, ਬੱਚੇ ਮਗਰ ਪਏ ਹੋਏ ਨੇ, ਕਮਲਾ ਹੋਇਆ ਨੱਠਿਆ ਜਾਂਦਾ ਹੈ। ਪੁਲਿਸ ਪਿੱਛੇ ਹੈ, ਇਕ ਦਿਨ ਆ ਗਿਆ, ਰਾਤ ਪੈ ਗਈ। ਗਰਮੀ ਦਾ ਮਹੀਨਾ ਹੈ, ਬਹੁਤ ਔਖਾ ਹੋਇਆ, ਤਪ ਰਿਹਾ ਹੈ, ਪਾਣੀ ਦੀ ਪਿਆਸ ਲਗ ਰਹੀ ਹੈ। ਜੰਗਲ 'ਚ ਗਿਆ, ਉਥੇ ਜੰਗਲੀ ਜਾਨਵਰ ਬੋਲਦੇ ਨੇ, ਦਰਖ਼ਤ ਦੇ ਟਾਹਣੇ 'ਤੇ ਬੈਠਾ ਰਿਹਾ। ਦੂਜੇ ਦਿਨ ਫੇਰ ਪੁਲਿਸ ਵਾਲੇ ਆ ਗਏ, ਕਹਿੰਦੇ, ਚੱਲ ਨਿਕਲ। ਤਿੰਨ ਦਿਨਾਂ ਵਿਚ ਹੀ ਰਾਜ ਤੋਂ ਬਾਹਰ ਕੱਢ ਦਿਤਾ। ਬਹੁਤ ਦੁਖੀ ਹੋ ਗਿਆ, ਇੱਟਾਂ ਵੱਟੇ ਬੱਚਿਆਂ ਨੇ ਮਾਰੇ, ਖ਼ੂਨ ਚਲ ਰਿਹੈ। ਰਾਜ ਦੀ ਹੱਦ ਪਾਰ ਕਰਕੇ, ਅੱਗੇ ਇਕ ਦਰਖ਼ਤ ਦਾ ਮੁੱਢ ਹੈ, ਉਥੇ ਬੈਠ ਗਿਆ, ਬੈਠ ਕੇ ਰੋਣ ਲਗ ਗਿਆ। ਵਾਲ ਖਿਲਰੇ ਪਏ ਨੇ, ਦਾੜ੍ਹਾ ਖਿਲਰਿਆ ਪਿਐ। ਬਹੁਤ ਰੋਂਦੈ, ਕੱਪੜਾ ਕੋਈ ਹੈ ਨਹੀਂ। ਭੁੱਖਾ ਪਿਆਸਾ ਹੈ। ਐਨੇ ਨੂੰ ਕੋਈ ਪ੍ਰੇਮੀ ਆਇਆ। ਉਹ ਕਹਿਣ ਲੱਗਿਆ, ਪ੍ਰੇਮੀਆਂ! ਤੂੰ ਐਨਾ ਕਿਉਂ ਰੋ ਰਿਹੈਂ? ਤੇਰੇ ਉਪਰ ਕੀ ਬਿਪਤਾ ਆ ਗਈ? ਕੀ ਸ਼ਕਲ ਬਣਾਈ ਹੈ?

ਕਹਿਣ ਲੱਗਿਆ, ਪ੍ਰੇਮੀਆਂ! ਮੇਰੀ ਭਾਵੀ ਮੇਰੇ ਉਤੇ ਬੀਤ ਗਈ। ਮੈਂ ਕੱਲ੍ਹ ਤਕ ਰਾਜਾ ਜਨਕ ਸੀ, ਮਿਥਲਾਪੁਰੀ ਦਾ ਤੇ ਆਹ ਦੋ ਦਿਨ ਹੋਏ ਮੇਰਾ ਰਾਜ ਖੁਸ ਗਿਆ ਤੇ ਮੈਨੂੰ ਬੇਇੱਜ਼ਤ ਕਰਕੇ ਰਾਜ ਵਿਚੋਂ ਕੱਢ ਦਿਤਾ ਗਿਆ ਹੈ। ਮੈਂ ਬਹੁਤ ਦੁਖੀ ਹਾਂ, ਪਾਣੀ ਦੀ ਪਿਆਸ ਲੱਗੀ ਹੋਈ ਹੈ। ਭੁੱਖ ਬਹੁਤ ਲੱਗੀ ਹੋਈ ਹੈ।

ਉਹ ਕਹਿਣ ਲੱਗਿਆ, ਇਸ ਤਰ੍ਹਾਂ ਕਰ, ਔਹ ਦੇਖ ਸਾਮ੍ਹਣੇ ਲੰਗਰ ਚੱਲ ਰਿਹੈ। ਕਸ਼ੇਤਰ ਚੱਲ ਰਿਹੈ। ਉਥੇ ਸਾਧੂ ਮਹਾਂਪੁਰਸ਼ ਆ ਕੇ ਭਜਨ ਬੰਦਗੀ ਕਰਦੇ ਨੇ। ਜੰਗਲ 'ਚੋਂ ਆ ਕੇ ਸਮੇਂ ਸਿਰ ਪ੍ਰਸ਼ਾਦਾ ਲੈ ਜਾਂਦੇ ਨੇ। ਜਾਹ ਤੂੰ ਵੀ ਜਾ ਕੇ ਪ੍ਰਸ਼ਾਦ ਲੈ-ਲੈ। ਉਥੇ ਗਿਆ ਤਾਂ ਭੀੜ ਹੈ, ਲਾਈਨ ਵਿਚ ਲਗ ਕੇ ਖੜ੍ਹ ਗਿਆ। ਜਦ ਇਹਦੀ ਵਾਰੀ ਆਈ ਤਾਂ ਉਸ ਵੇਲੇ ਉਹ ਕਹਿਣ ਲੱਗੇ ਕਿ ਕਾਹਦੇ ਵਿਚ ਪਾਈਏ, ਕੋਈ ਬਰਤਨ ਤਾਂ ਲਿਆ। ਬਰਤਨ ਹੈ ਨਾ। ਕਹਿੰਦੇ, ਗਰਮ ਹੈ ਖਿਚੜੀ। ਦਾਲ ਗਰਮ ਹੈ। ਜਾਹ, ਜਾ ਕੇ ਬਰਤਨ ਲੈ ਕੇ ਆ। ਬਰਤਨ ਲੈਣ ਗਿਆ ਤਾਂ ਬਰਤਨ

ਕੋਈ ਦਿੰਦਾ ਨਹੀਂ। ਮੰਗਣਾ ਸ਼ੁਰੂ ਕਰਿਆ ਤਾ 19 ਕੌਡੀਆਂ ਮਿਲੀਆਂ। 19 ਕੌਡੀਆਂ ਦਾ ਇਕ ਕਸੋਰਾ ਲੈ ਆਇਆ, ਮਿੱਟੀ ਦਾ ਭਾਂਡਾ। ਨਾਲੇ ਰੋਂਦਾ ਹੈ, ਕਿੱਥੇ ਚਾਂਦੀ ਦੇ ਬਰਤਨ, ਸੋਨੇ ਦੇ ਬਰਤਨ, ਮੇਰੇ ਡਾਈਨਿੰਗ ਟੇਬਲ 'ਤੇ ਹੁੰਦੇ ਤੇ ਅੱਜ ਮੈਂ ਮੰਗ ਰਿਹਾ ਹਾਂ। ਆਪਣੀ ਕਿਸਮਤ ਨੂੰ ਕੋਸਦਾ ਹੈ। ਅਖੀਰ ਜਦੋਂ ਕਸ਼ੇਤਰ 'ਤੇ ਖਾਣਾ ਲੈਣ ਆਇਆ। ਉਸ ਵੇਲੇ ਸਾਰਾ ਹੀ ਲੰਗਰ ਵਰਤ ਚੁੱਕਿਆ ਸੀ। ਖਿਚੜੀ ਵੀ ਵਰਤ ਗਈ ਸੀ। ਇਹਨੇ ਬੜੇ ਤਰਲੇ ਕੀਤੇ ਕਿ ਮੇਰੇ 'ਤੇ ਕ੍ਰਿਪਾ ਕਰੋ, ਮੈਂ ਤਿੰਨ ਦਿਨਾਂ ਦਾ ਭੁੱਖਾ ਹਾਂ। ਉਹਨਾਂ ਨੇ ਖੁਰਚਣ ਲਾਹ ਕੇ, ਜਲਿਆ ਹੋਇਆ, ਉਹ ਇਹਦੇ ਕਸੋਰੇ 'ਚ ਪਾ ਦਿਤਾ। ਕਹਿੰਦੇ, ਜਾਹ ਉਥੋਂ ਘਿਉ ਲੈ-ਲੈ। ਖਾਲੀ ਨਹੀਂ ਲੰਘਣੀ। ਉਹ ਲੈਣ ਵਾਸਤੇ ਗਿਆ, ਹੱਥ ਕੰਬਦੇ ਨੇ ਤਾਂ ਉਸ ਵੇਲੇ ਇਹਨੇ ਹੱਥ ਅੱਗੇ ਕਰਿਆ। ਘਿਉ ਦੇ ਚਮਚੇ ਡੁੱਲ੍ਹ ਗਏ। ਉਹ ਕਹਿੰਦਾ, ਨੱਠ ਇਥੋਂ ਦੀ। ਇਹਨੇ ਫੇਰ ਮਿੰਨਤਾਂ ਕਰੀਆਂ। ਉਹਨੇ ਪਾ ਦਿਤਾ, ਕਿਹਾ ਇਥੋਂ ਦੂਰ ਜਾ ਕੇ ਖਾ। ਅੱਗੇ ਚਲਿਆ ਗਿਆ, ਬੁਰਕੀ ਮੂੰਹ 'ਚ ਪਾਉਣ ਲੱਗਿਆ, ਦੋ ਸਾਂਡ ਭਿੜਦੇ ਨੇ, ਫੇਟ ਦੇ ਵਿਚ ਆ ਗਿਆ। ਐਡੇ ਜ਼ੋਰ ਦਾ ਧੱਕਾ ਲੱਗਿਆ। ਇਹਨੂੰ ਜਾਗ ਆ ਗਈ। ਜਾਗ ਆ ਕੇ, ਸੁਪਨਾ ਬਿਲਕੁਲ ਸਾਮਰਤੱਖ ਅੱਖਾਂ ਅੱਗੇ ਫਿਰੇ। ਹੁਣ ਪਤਾ ਨਹੀਂ ਲਗਦਾ ਕਿ ਇਹ ਹੋ ਕੀ ਗਿਆ। ਉਸੇ ਵੇਲੇ ਸਭਾ ਬਰਖਾਸਤ ਕਰ ਦਿਤੀ। ਸਭ ਨੂੰ ਕਹਿ ਦਿਤਾ ਕਿ ਮੈਨੂੰ ਇਕਾਂਤ ਚਾਹੀਦੀ ਹੈ। ਕੋਈ ਨਾ ਮੇਰੇ ਕੋਲ ਆਵੇ। ਅੰਦਰ ਚਲਿਆ ਗਿਆ, ਫੇਰ ਰੋਇਆ ਬਹੁਤ ਕਿ ਇਹ ਕੀ ਹੋ ਗਿਆ? ਮਨ ਦੇ ਅੰਦਰ ਭਰਮ ਹੋ ਗਿਆ ਕਿ ਇਹ ਜਿਹੜਾ ਹੁਣ ਸਮਾਂ ਚਲ ਰਿਹੈ, ਇਹ ਸੁਪਨਾ ਨਾ ਹੋਵੇ। ਸ਼ਾਮ ਹੋ ਗਈ, ਘੋੜੇ ਉਤੇ ਚੜ੍ਹ ਕੇ ਰਸਤਾ ਦੇਖਣ ਚਲਿਆ ਗਿਆ। ਜਿਥੇ ਇਹਨੂੰ ਧੱਕੇ ਮਾਰ ਰਹੇ ਸੀ। ਦੇਖਦਾ ਹੈ ਕਿ ਇੱਟਾਂ ਵੱਟੇ ਸੱਚੀਓਂ ਪਏ ਨੇ ਇਥੇ ਤਾਂ। ਦੂਸਰੇ ਰਾਜ ਵਿਚ ਚਲਿਆ ਗਿਆ, ਮੁੱਢ 'ਤੇ ਬੈਠ ਕੇ ਦੇਖਿਆ ਕਿ ਆਹ ਤਾਂ ਖੂਨ ਲੱਗਿਆ ਹੋਇਆ ਹੈ ਮੇਰਾ। ਅੱਗੇ ਚਲਿਆ ਗਿਆ, ਕਸ਼ੇਤਰ 'ਚ ਜਾ ਕੇ ਦੇਖਿਆ ਕਿ ਕਸ਼ੇਤਰ ਉਵੇਂ ਜਿਵੇਂ ਚਲ ਰਿਹੈ। ਹੁਣ ਭੁਲੇਖਾ ਪੈ ਗਿਆ ਕਿ ਪਤਾ ਨਹੀਂ ਆਹ ਸੁਪਨੈ ਕਿ ਉਹ ਸੁਪਨਾ ਸੀ। ਉਸ ਵੇਲੇ ਸਾਰੇ ਭਾਰਤ ਵਰਸ਼ ਦੇ ਵੱਡੇ-ਵੱਡੇ ਰਿਸ਼ੀ-ਮੁਨੀ, ਵਿਦਵਾਨ, ਪੰਡਤ ਸਭ ਬੁਲਾ ਲਏ। ਕਿਸੇ ਨੂੰ ਜਵਾਬ ਨਹੀਂ ਆਉਂਦਾ। 8 ਸਾਲ ਲੰਘ ਗਏ। 8 ਸਾਲ ਤੋਂ ਬਾਅਦ ਇਕ ਬੱਚਾ ਸੰਧਿਆ ਕਰਨ ਵਾਸਤੇ ਜਾਂਦੈ ਤੇ ਉਥੇ ਬੱਚੇ ਉਹਨੂੰ ਛੇੜਨ ਲਗ ਗਏ। ਤਾਂ ਇਕ ਸਿਆਣਾ ਬੱਚਾ ਸੀ ਕਹਿੰਦਾ, ਛੇੜੋ ਨਾ ਇਹਨੂੰ। ਇਹਦਾ ਨਾਨਾ ਬੜਾ ਜ਼ਹਿਰੀ ਹੈ, ਜੇ ਆ ਗਿਆ, ਆਪਾਂ ਨੂੰ ਮਾਰੇਗਾ। ਉਹ ਕਹਿੰਦਾ, ਕੌਣ ਹੈ ਨਾਨਾ? ਕਹਿੰਦੇ, ਉਹ, ਜਿਹਨੂੰ ਤੂੰ ਪਿਤਾ ਜੀ ਕਹਿੰਦਾ ਹੈਂ। ਸੰਧਿਆ ਕਰਕੇ ਬਹੁਤ ਘਬਰਾਇਆ ਹੋਇਆ, ਗੁੱਸੇ ਵਿਚ ਘਰ ਮਾਂ ਕੋਲ ਗਿਆ ਜਾ ਕੇ ਕਹਿਣ ਲੱਗਿਆ, ਮਾਤਾ! ਜਿਹਨੂੰ ਮੈਂ ਪਿਤਾ ਜੀ ਕਹਿੰਦਾ ਹਾਂ, ਇਹ ਕੌਣ ਹੈ? ਕਹਿੰਦੀ, ਪੁੱਤਰ! ਇਹ ਮੇਰਾ ਪਿਤਾ ਜੀ ਹੈ। ਮੇਰੀ ਰੀਸ ਨਾਲ ਤੂੰ ਇਨ੍ਹਾਂ ਨੂੰ ਪਿਤਾ ਜੀ ਕਹਿੰਦਾ ਹੈਂ। ਕਹਿਣ ਲੱਗਿਆ, ਤੂੰ ਮਾਂ ਇਹ ਬਹੁਤ ਮਾੜੀ ਗੱਲ ਕਰੀ। ਮੈਂ ਪਿਤਾ ਭਾਵਨਾ ਰੱਖਦਾ ਸੀ, ਮੈਨੂੰ ਤਾਂ ਪਤਾ ਹੀ ਨਹੀਂ ਕਿ ਇਹ ਮੇਰੇ ਨਾਨਾ ਜੀ ਨੇ। ਅੱਜ ਪਤਾ ਲੱਗਿਆ ਹੈ ਤੇ ਮੇਰੇ ਪਿਤਾ ਜੀ, ਦਸ ਕਿੱਥੇ ਨੇ? ਉਹ ਕਹਿੰਦੀ, ਬੇਟਾ! 8 ਸਾਲ ਪਹਿਲਾਂ ਰਾਜੇ ਜਨਕ ਕੋਲ ਗਏ ਸੀ। ਰਾਜੇ ਜਨਕ ਨੇ ਇਕ ਸਵਾਲ ਕੀਤਾ ਹੋਇਐ, ਉਹਦਾ ਕਿਸੇ ਨੂੰ ਜਵਾਬ ਨਹੀਂ ਆਉਂਦਾ। ਕਹਿਣ ਲੱਗਿਆ, ਕੀ ਸਵਾਲ ਹੈ? ਜਿਹੜਾ ਅੱਜ ਤਕ ਸਾਰੇ ਭਾਰਤ ਵਰਸ਼ ਦੇ ਰਿਸ਼ੀਆਂ-ਮੁਨੀਆਂ ਨੂੰ ਨਹੀਂ ਆਉਂਦਾ। ਉਹ ਕਹਿਣ ਲੱਗੀ, ਬੇਟਾ! ਸਵਾਲ ਇਹ ਹੈ ਕਿ 'ਇਹ ਸੱਚਾ ਕਿ ਉਹ ਸੱਚਾ?' ਕਹਿੰਦਾ, ਇਹ ਵੀ ਕੋਈ ਸਵਾਲ ਹੈ, ਜਿਹੜਾ ਭਾਰਤ ਵਰਸ਼ ਦੇ ਰਿਸ਼ੀਆਂ-ਮੁਨੀਆਂ ਨੂੰ ਨਹੀਂ ਆਉਂਦਾ?

ਪਾਲਕੀ ਤਿਆਰ ਕਰਾਓ। ਬ੍ਰਹਮਚਾਰੀ ਸੀ। ਸੇਵਾ ਵਾਸਤੇ ਪਾਲਕੀਆਂ ਦਾ ਕੋਈ ਕਿਰਾਇਆ ਨਹੀਂ ਸੀ ਲੈਂਦਾ ਹੁੰਦਾ। ਸੋ ਪਾਲਕੀ 'ਚ ਬੈਠ ਕੇ ਮਿਥਲਾਪੁਰੀ 'ਚ ਪਹੁੰਚ ਗਿਆ। ਸੜਕ ਦੇ ਵਿਚਾਲੇ ਉਤਰ ਕੇ ਬੈਠ ਗਿਆ। ਉਧਰੋਂ ਰਾਜੇ ਜਨਕ ਦੀ ਸਵਾਰੀ ਆ ਗਈ। ਚੋਬਦਾਰ ਕਹਿੰਦੇ ਨੇ ਰਾਹ ਖਾਲੀ ਕਰੋ। ਬੱਗੀ ਆ ਰਹੀ ਹੈ। ਇਹਦੇ ਕੋਲ ਵੀ ਆ ਗਏ। ਕਹਿੰਦੇ, ਤੂੰ ਕੌਣ ਹੈਂ? ਕਹਿੰਦੇ, ਤੈਨੂੰ ਕੀ ਪਤਾ ਨਹੀਂ ਲਗ ਰਿਹਾ, ਮੇਰੇ ਸਾਧੂਆਂ ਵਾਲੀ ਵਰਦੀ ਪਾਈ ਹੈ ਪਤਾ ਹੀ ਹੈ ਕਿ ਕੋਈ ਸਾਧੂ ਹੋਣਾ। ਕਿਸੇ ਪੁਲਿਸ ਵਾਲੇ ਦੇ ਵਰਦੀ ਪਾਈ ਹੋਵੇ, ਉਹਨੂੰ ਜੇ ਕੋਈ ਪੁੱਛੇ ਕਿ ਤੂੰ ਕੌਣ ਹੈਂ? ਉਹ ਤਾਂ ਪੁਲਿਸ ਦੀ ਵਰਦੀ ਤੋਂ ਦੂਰੋਂ ਹੀ ਦਿਸਦੈ ਕਿ ਪੁਲਿਸ ਵਾਲਾ ਹੈ। ਫੌਜ ਦੀ ਵਰਦੀ ਪਾਈ ਹੋਵੇ, ਪਤਾ ਹੈ ਕਿ ਕੋਈ ਮਿਲਟਰੀ ਵਾਲਾ ਆਦਮੀ ਜਾ ਰਿਹੈ। ਉਹ ਕਹਿੰਦਾ, ਮੈਂ ਬ੍ਰਹਮਚਾਰੀ ਦਾ ਪੂਰਾ ਪਹਿਰਾਵਾ ਪਹਿਨਿਆ ਹੋਇਐ। ਤੈਨੂੰ ਪਤਾ ਨਹੀਂ ਕਿ ਮੈਂ ਕੌਣ ਹਾਂ? ਕਹਿੰਦੇ,

ਤਾਂ ਹੀ ਤੇਰਾ ਰਾਜਾ ਦੁਖੀ ਹੈ। ਵਾਪਸ ਚਲਿਆ ਗਿਆ, ਕਹਿੰਦਾ ਮੈਂ ਨਹੀਂ ਉਠਦਾ। ਕਹਿੰਦਾ, ਮੇਰਾ ਹੱਕ ਹੈ ਪਹਿਲਾਂ ਰਸਤੇ ਉਤੇ। ਤੈਨੂੰ ਪਤਾ ਹੈ ਕਿ ਅਸੂਲ ਕੀ ਕਹਿੰਦੇ ਨੇ? ਕਿ ਪਹਿਲਾ ਹੱਕ ਹੋਇਆ ਕਰਦੈ ਬਿਮਾਰ ਪੁਰਸ਼ ਦਾ, ਸੜਕ ਪਾਰ ਕਰਨ ਦਾ। ਬੱਚੇ ਦਾ, ਔਰਤ ਦਾ। ਦੂਸਰਾ ਹੱਕ ਹੋਇਆ ਕਰਦੈ, ਤੰਦਰੁਸਤ ਬੰਦੇ ਦਾ। ਤੰਦਰੁਸਤ ਬੰਦਾ ਇੰਤਜ਼ਾਰ ਕਰ ਸਕਦੈ ਜੇ ਤੇਜ਼ ਸਵਾਰੀ ਆਉਂਦੀ ਹੋਵੇ। ਬੱਚਾ ਨਹੀਂ ਇੰਤਜ਼ਾਰ ਕਰਦਾ ਹੁੰਦਾ ਕਦੇ ਵੀ।

ਬਾਹਰਲੇ ਮੁਲਕਾਂ 'ਚ ਦੇਖੋ, ਸੜਕ ਪਾਰ ਕਰਦੇ ਹੋਵੇ ਕੋਈ ਬੱਚਾ, ਸਾਰਾ ਟਰੈਫਿਕ ਖੜ੍ਹ ਜਾਂਦੈ। ਕੋਈ ਜਾਨਵਰ ਸੜਕ ਪਾਰ ਕਰਦਾ ਹੋਵੇ...। ਇਕ ਦਿਨ ਜਾਮ ਲੱਗਿਆ ਹੋਇਆ ਸੀ, ਕਿਸੇ ਨੂੰ ਨਾ ਪਤਾ ਲੱਗਿਆ, ਨਾ ਕੋਈ ਸਾਡੇ ਵਾਂਗੂੰ ਕਾਹਲਾ ਪੈ ਕੇ ਹੌਰਨ ਵਜਾਉਂਦੈ। ਸਾਰੇ ਹੈਰਾਨ ਨੇ ਕਿ ਕੀ ਗੱਲ, ਜਾਮ ਕਾਹਦਾ ਲਗ ਗਿਆ? ਦੋਵੇਂ ਪਾਸੇ ਦਾ ਟਰੈਫਿਕ ਖੜ੍ਹੈ। ਇਕ ਅਫਰੀਕਨ ਉਤਰਿਆ, ਦੋਵੇਂ ਬਾਹਾਂ ਉਹਨੇ ਖੋਲ੍ਹੀਆਂ ਹੋਈਆਂ ਨੇ। ਉਹ ਇਸ ਤਰ੍ਹਾਂ ਲਗਦੈ ਕਿ ਉਹ ਜਿਵੇਂ ਕਿਸੇ ਚੀਜ਼ ਨੂੰ ਅਗਾਂਹਾਂ ਕਰ ਰਿਹਾ ਹੁੰਦੈ। ਉਹ ਜਦੋਂ ਬਾਹਰ ਨਿਕਲ ਗਿਆ, ਦੂਰ ਤਕ ਚਲਿਆ ਗਿਆ, ਇਕ ਝੀਲ ਵਲ ਨੂੰ ਚਲਿਆ ਗਿਆ। ਉਹ ਸੜਕ ਦੇ ਉਤੇ ਬੱਤਖ ਦੇ ਬੱਚੇ ਸੀਗੇ। ਬੱਤਖ ਦੇ ਬੱਚੇ ਸੜਕ ਪਾਰ ਕਰ ਰਹੇ ਸੀ। ਸਾਰਾ ਟਰੈਫਿਕ ਜਾਮ ਹੋ ਗਿਆ। ਮੇਰੇ ਮਨ 'ਚ ਬੜਾ ਆਇਆ ਕਿ ਦੇਖੋ, ਕਿੱਡਾ ਅਧਿਕਾਰ ਦਿਤੈ ਇਹਨਾਂ ਨੇ ਇਕ ਪੰਛੀ ਨੂੰ। ਜੇ ਕੋਈ ਪੰਛੀ ਪੈਦਲ ਚੱਲਣ ਵਾਲਾ ਲੰਘਦਾ ਹੋਵੇ, ਇਹਨੂੰ ਲੰਘ ਜਾਣਾ ਚਾਹੀਦੈ। ਇਸੇ ਤਰ੍ਹਾਂ ਇਕ ਦਿਨ ਕੱਛੂ ਲੰਘਿਆ। ਇਕ ਅਮਰੀਕਨ ਨੇ ਚੁੱਕ ਕੇ, ਜਾ ਕੇ ਪਾਣੀ ਵਿਚ ਛੱਡ ਦਿਤਾ। ਵੱਡਾ ਸਾਰਾ ਕੱਛੂ ਸੀ। ਜੇ ਬੱਚੇ ਸਕੂਲ ਬੱਸ 'ਚੋਂ ਉਤਰ ਰਹੇ ਨੇ, ਕੋਈ ਸਵਾਰੀ ਉਹਨੂੰ ਪਾਰ ਨਹੀਂ ਕਰਦੀ, ਉਥੇ ਹੀ ਜਾਮ ਲਗ ਜਾਂਦੈ ਕਿ ਸਕੂਲ ਦੇ ਬੱਚੇ ਉਤਰ ਰਹੇ ਨੇ। ਸਾਡੇ ਤਾਂ ਲਾਏ ਹੋਏ ਸਪੀਡ ਬਰੇਕਰ, ਤਾਂ ਵੀ ਨਹੀਂ ਅਸੀਂ ਰੁਕਦੇ।

ਸੋ ਇਸ ਤਰ੍ਹਾਂ ਉਹ ਕਹਿਣ ਲੱਗਿਆ, ਮੈਂ ਬ੍ਰਹਮਚਾਰੀ, ਫੇਰ ਮੇਰੇ ਸਰੀਰ ਦੇ ਵਿਚ ਅੱਠ ਵਲ ਪੈਂਦੇ ਨੇ, ਮੇਰਾ ਅਧਿਕਾਰ ਹੈ। ਉਹਨੇ ਜਾ ਕੇ ਰਾਜੇ ਨੂੰ ਸਾਰੀ ਗੱਲ ਦਸ ਦਿਤੀ। ਰਾਜਾ ਜਨਕ ਕਹਿਣ ਲੱਗਿਆ ਕਿ ਉਹਨੂੰ ਬੁਲਾ ਕੇ ਲਿਆਓ। ਜਦੋਂ ਬੁਲਾਉਣ ਗਏ ਤਾਂ ਉਹਨਾਂ ਨੂੰ ਕਹਿੰਦਾ ਕਿ ਤੁਹਾਡਾ ਰਾਜਾ ਤਾਂ ਬਿਲਕੁਲ ਹੀ ਗਿਆ ਗੁਜ਼ਰਿਆ ਹੈ, ਉਹਨੂੰ ਅਕਲ ਨਹੀਂ ਹੈ। ਤਾਂ ਹੀ ਦੁਖੀ ਹੋ ਰਿਹੈ। ਉਹ ਇਸ ਵੇਲੇ ਕੋਰਟ 'ਚ ਨਹੀਂ ਬੈਠਾ। ਉਹਨੂੰ ਪਤਾ ਹੋਣਾ ਚਾਹੀਦੈ ਕਿ ਮੈਂ ਬ੍ਰਹਮਚਾਰੀ ਕੋਲ ਉਠ ਕੇ ਜਾਵਾਂ। ਬ੍ਰਾਹਮਣ ਦਾ ਦਰਜਾ ਪਹਿਲਾ ਹੋਇਆ ਕਰਦੈ। ਰਾਜਾ ਉਸ ਵੇਲੇ ਕੁਛ ਨਹੀਂ ਹੁੰਦਾ, ਸਿਰਫ ਕੋਰਟ ਵਿਚ ਰਾਜਾ, ਰਾਜਾ ਹੁੰਦੈ। ਜਦੋਂ ਇਹ ਗੱਲ ਵੀ ਦੱਸੀ, ਉਸ ਵੇਲੇ ਉਤਰ ਕੇ ਆ ਗਿਆ ਰਾਜਾ। ਕਹਿਣ ਲੱਗਿਆ ਕਿ ਬਾਲਕ ਬੜਾ ਚਮਤਕਾਰੀ ਹੈ। ਘਰ ਨੂੰ ਲੈ ਗਿਆ। ਸੇਵਾ ਕਰੀ। ਕਹਿਣ ਲੱਗਿਆ, ਮਹਾਰਾਜ! ਮੈਂ ਕੱਲ੍ਹ ਨੂੰ ਸਭਾ ਵਿਚ ਜਵਾਬ ਲੈਣੈ। ਕਹਿੰਦਾ, ਹਾਂ ਮੈਂ ਜਵਾਬ ਦੇਣ ਆਇਆ ਹਾਂ।

ਦਰਬਾਰ ਲਗ ਗਿਆ। ਜਦੋਂ ਦਰਬਾਰ ਵਿਚ ਸਿੰਘ ਦੁਆਰ ਤੋਂ ਚੜ੍ਹ ਰਿਹੈ ਤਾਂ ਉਹਦਾ ਸਰੀਰ ਵਲ ਖਾਂਦੈ ਕਿਉਂਕਿ ਅੱਠ ਵਲ ਉਹਦੇ ਸਰੀਰ 'ਚ ਸੀ ਅਸ਼ਟਾਵਕਰ ਉਹਨੂੰ ਕਹਿੰਦੇ ਸੀ। ਮੂੰਹ ਕਿਧਰੇ ਨੂੰ ਦੇਖਦੈ, ਮੋਢੇ ਕਿਧਰੇ ਨੂੰ ਘੁੰਮਦੇ ਨੇ, ਅੱਖਾਂ ਕਿਧਰੇ ਨੂੰ ਦੇਖਦੀਆਂ ਨੇ। ਲੱਤਾਂ ਕਿਵੇਂ ਵਲ ਪਾ ਕੇ ਤੁਰਦੀਆਂ ਨੇ। ਸਾਰੇ ਹੀ ਹੱਸ ਪਏ ਉਹਨੂੰ ਦੇਖ ਕੇ। ਇਕ ਤਾਂ ਬੱਚਾ ਕਰਕੇ, ਇਕ ਉਹਦੇ ਸਰੀਰ ਨੂੰ ਦੇਖ ਕੇ। ਇਹ ਵੀ ਦੰਦੀਆਂ ਚੜ੍ਹਾਉਣ ਲਗ ਗਿਆ। ਕਹਿਣ ਲੱਗੇ, ਰਾਜਨ! ਦੇਖੋ ਕਿਹੋ ਜਿਹਾ ਗੁਸਤਾਖ ਬੱਚਾ ਹੈ। ਉਹ ਜਦੋਂ ਚੁੱਪ ਹੋਏ ਤਾਂ। ਅਸ਼ਟਾਵਕਰ ਜੀ ਕਹਿਣ ਲੱਗੇ, ਐ ਰਾਜਨ! ਆਹ ਚਮਾਰਾਂ ਦੀ ਸਭਾ ਤੋਂ ਤੂੰ ਚਾਹੁੰਦਾ ਸੀਗਾ ਕਿ ਤੇਰਾ ਪ੍ਰਸ਼ਨ ਹੱਲ ਹੋ ਜਾਂਦਾ? ਆਹ ਗੱਲ ਸੁਣਦੇ ਸਾਰ ਸਾਰੇ ਨਰਾਜ਼ ਹੋ ਗਏ। ਰਿਸ਼ੀ-ਮੁਨੀ ਉਠ ਕੇ ਖੜ੍ਹੇ ਹੋ ਗਏ। ਕਹਿਣ ਲੱਗੇ, ਰਾਜਨ! ਇਸ ਨੂੰ ਬੰਦ ਕਰੋ। ਨਿਰਾਦਰ ਕਰ ਰਿਹੈ ਸਾਰਿਆਂ ਦਾ।

ਕਹਿੰਦੇ, ਮੈਂ ਨਿਰਾਦਰ ਨਹੀਂ ਕਰ ਰਿਹਾ। ਚਮੜੇ ਦੀ ਪਰਖ ਕਰਨ ਵਾਲੇ ਨੂੰ ਚਮਾਰ ਕਿਹਾ ਜਾਂਦੈ ਤੇ ਤੁਸੀਂ ਮੇਰੇ ਚਮੜੇ ਦੀ ਪਰਖ ਕਰ ਰਹੇ ਹੋਂ। ਤੁਹਾਡੇ ਵਿਚੋਂ ਇਥੇ ਕੋਈ ਆਤਮ ਦਰਸ਼ੀ ਪੁਰਸ਼ ਤਾਂ ਬੈਠਾ ਨਹੀਂ, ਜਿਹੜਾ ਮੇਰੀ ਆਤਮਾ ਨੂੰ ਦੇਖਦਾ ਹੋਵੇ। ਜੇ ਗੰਨੇ ਵਿਚ ਵਿੰਗ ਹੋਣ ਤਾਂ ਰਸ ਵਿਚ ਤਾਂ ਕੋਈ ਵਿੰਗ ਨਹੀਂ ਹੁੰਦਾ। ਜੇ ਮੇਰੇ ਸਰੀਰ ਵਿਚ ਵਿੰਗ ਨੇ ਤਾਂ ਮੇਰੀ ਆਤਮਾ ਵਿਚ ਤਾਂ ਕੋਈ ਵਿੰਗ ਨਹੀਂ ਹੈ। ਜੇ ਤੁਸੀਂ ਆਤਮ ਦਰਸ਼ੀ ਹੁੰਦੇ ਤਾਂ ਮੇਰੇ ਸਰੀਰ ਨੂੰ ਦੇਖ ਕੇ ਨਾ ਹੱਸਦੇ।

ਸਾਰੇ ਚੁੱਪ ਕਰ ਗਏ ਕਿਉਂਕਿ ਯਥਾਰਥ ਬਾਤ ਕਹੀ ਸੀ ਉਹਨੇ। ਤੁਸੀਂ ਸਾਰੇ ਦੇਹ ਅਧਿਆਸ ਵਾਲੇ

ਬੈਠੇ ਹੋਂ।

ਉਸ ਵੇਲੇ ਰਾਜੇ ਜਨਕ ਨੇ ਕਿਹਾ ਕਿ ਸਵਾਲ ਦਾ ਜਵਾਬ ਦਿਓ।

ਕਹਿਣ ਲੱਗੇ, ਕਰੋ ਸਵਾਲ?

ਸਵਾਲ ਕੀਤਾ ਗਿਆ, ਪੂਰੀ ਵਿਧੀ ਦੇ ਨਾਲ ਕਿ 'ਇਹ ਸੱਚਾ ਕਿ ਉਹ ਸੱਚਾ?'

ਇਹ ਉਠ ਕੇ ਖੜ੍ਹਾ ਹੋ ਗਿਆ ਜਵਾਬ ਦੇਣ ਨੂੰ। ਬਾਂਹ ਉੱਚੀ ਚੁੱਕ ਲਈ, ਕਹਿੰਦਾ, 'ਇਹ ਵੀ ਝੂਠਾ ਤੇ ਉਹ ਵੀ ਝੂਠਾ।' ਸਾਰੇ ਹੈਰਾਨ ਹੁੰਦੇ ਨੇ ਕਿ ਇਹ ਕੀ ਜਵਾਬ ਹੋਇਆ? ਨਾ ਕਿਸੇ ਦੀ ਸਮਝ ਵਿਚ ਸਵਾਲ ਆਇਆ, ਨਾ ਕਿਸੇ ਦੀ ਸਮਝ ਵਿਚ ਜਵਾਬ ਆਇਆ। ਰਾਜਾ ਦੇਖਦੈ।

ਕਹਿੰਦੇ, ਆਇਆ ਨਹੀਂ ਸਮਝ?

ਕਹਿੰਦਾ, ਨਹੀਂ।

ਕਹਿੰਦੇ, ਫੇਰ ਗੱਲ ਖੋਲ੍ਹ ਕੇ ਕਰ। ਖੋਲ੍ਹ ਕੇ ਜਵਾਬ ਦੇਵਾਂਗਾ। ਰਾਜਾ ਚੁੱਪ ਕਰ ਗਿਆ। ਅਨੁਭਵ ਨਾਲ ਅਸ਼ਟਾਵਕਰ ਨੇ ਦੇਖ ਲਈ ਸਾਰੀ ਗੱਲ। ਉਸ ਵੇਲੇ ਕਹਿਣ ਲੱਗੇ, ਰਿਸ਼ੀ ਜਨੋ! ਵਿਦਵਾਨ ਪੁਰਸ਼ੋ! ਪੰਡਤ ਜਨੋ! ਗੱਲ ਐਨੀ ਹੀ ਹੈ ਕਿ ਰਾਜੇ ਨੂੰ ਇਕ ਭਿਆਨਕ ਸੁਪਨਾ ਆਇਆ ਹੈ। ਇਹਦਾ ਰਾਜ ਖੋਹ ਲਿਆ। ਬੇਇੱਜ਼ਤ ਕਰਕੇ ਦੇਸ਼ 'ਚੋਂ ਕੱਢ ਦਿਤਾ ਗਿਆ। ਅੱਗੇ ਜਾ ਕੇ ਸਾਰੀ ਕਥਾ ਦਸ ਦਿਤੀ, ਜੋ ਕੁਛ ਬੀਤਿਆ ਸੀ। ਕਹਿਣ ਲੱਗੇ, ਇਹਨੂੰ ਅਧਿਆਸ ਪੱਕ ਗਿਆ। ਜਿਵੇਂ ਸਾਨੂੰ ਵੀ ਤਾਂ ਪੱਕਿਆ ਹੋਇਐ, ਅਸੀਂ ਸਾਰੇ ਬੈਠੇ ਹਾਂ। ਠੀਕ ਅਸੀਂ ਸੁਪਨੇ ਦੀ ਬਾਤ ਨੂੰ ਸਤਿ ਕਰਕੇ ਮੰਨ ਰਹੇ ਹਾਂ। ਕੋਈ ਇਥੇ ਅੱਖਾਂ ਵਾਲਾ ਹੋਣੈ ਇਕ-ਅੱਧਾ। ਜਿਹਨੂੰ ਪਤਾ ਹੈ ਗੱਲ ਦਾ, ਬਾਕੀਆਂ ਨੂੰ ਕਿਸੇ ਨੂੰ ਨਹੀਂ ਪਤਾ। ਸਾਨੂੰ ਅਧਿਆਸ ਹੋਇਆ-ਹੋਇਆ ਹੈ ਕਿ ਸਰੀਰ ਅਸੀਂ ਛੱਡ ਜਾਣਾ ਹੈ, ਸਾਰੇ ਜਾਣਦੇ ਨੇ ਕਿਹੜਾ ਹੈ ਜਿਹੜਾ ਨਹੀਂ ਜਾਣਦਾ ਆਪਣੇ 'ਚੋਂ। ਸਭ ਜਾਣਦੇ ਨੇ ਕਿ ਸਰੀਰ ਛੱਡ ਜਾਣਾ ਹੈ। ਇਸ ਤੋਂ ਬਾਅਦ ਇਹਦੇ 'ਚੋਂ ਨਿਕਲਣਾ ਕੀ ਹੈ? ਸੂਖਸ਼ਮ ਸਰੀਰ। ਸੂਖਸ਼ਮ ਸਰੀਰ 19 ਤੱਤਾਂ ਦਾ ਹੁੰਦਾ ਹੈ। ਉਹਦੇ ਵਿਚ ਫੇਰ 'ਮੈਂ' ਰਹਿੰਦਾ ਹਾਂ। ਫੇਰ Astral body (ਸੂਖਮ ਸਰੀਰ) ਹੈ, Astral body 'ਚ ਵੀ 'ਮੈਂ' ਰਹਿੰਦਾ ਹਾਂ ਤੇ 'ਮੈਂ' ਆਪਣੇ ਆਪ ਨੂੰ ਸੌਂ ਕੇ, ਭੁੱਲ ਕੇ, ਅਗਿਆਨਤਾ ਦੇ ਵਿਚ ਆਪਣੇ ਆਪ ਨੂੰ ਸਰੀਰ ਸਮਝ ਰਿਹਾ ਹਾਂ। ਤਿੰਨੋਂ ਸਰੀਰ ਮੈਂ ਆਪਣੇ ਆਪ ਨੂੰ ਸਮਝਦਾ ਹਾਂ। ਭੁੱਲੇ ਨਹੀਂ ਤਾਂ ਹੋਰ ਕੀ ਹਾਂ। ਕਹਿੰਦੇ, ਇਹ ਭੁੱਲ ਗਿਆ। ਇਹਨੂੰ ਅਧਿਆਸ ਐਨਾ ਪੱਕਾ ਹੋ ਗਿਆ ਕਿ ਸੁਪਨਾ ਸਤਿ ਪ੍ਰਤੀਤ ਦੇਣ ਲਗ ਗਿਆ ਤੇ ਸੁਪਨੇ ਦੇ ਵਿਚ ਇਹ ਕਹਿੰਦਾ ਹੈ ਕਿ ਇਹ ਸੱਚਾ ਕਿ ਓਹ ਸੱਚਾ? ਹੁਣ ਇਹਨੂੰ ਇਹ ਪਤਾ ਨਹੀਂ ਲਗਦਾ ਕਿ ਆਹ ਸੁਪਨਾ ਹੈ ਕਿ ਔਹ ਸੁਪਨਾ ਹੈ? ਕਹਿੰਦੇ, ਮੈਂ ਇਹ ਕਹਿੰਦਾ ਹਾਂ ਕਿ ਇਹ ਦੋਵੇਂ ਸੁਪਨੇ ਨੇ -

*ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ ॥*
*ਅੰਗ - ੪੪੨*

*ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥ ਅੰਗ - ੮੦੮*
*ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥*
*ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ ॥*
*ਅੰਗ - ੭੦੭*

ਸੋ ਇਸ ਤਰ੍ਹਾਂ ਨਾਲ ਇਹ ਵੀ ਸੁਪਨਾ ਹੈ, ਉਹ ਵੀ ਸੁਪਨਾ ਹੈ। ਜਵਾਬ 'ਚ ਤਸੱਲੀ ਹੋ ਗਈ ਉਹਦੀ। ਕਹਿੰਦੇ, ਰਾਜਨ! ਗੱਲ ਐਨੀ ਹੀ ਹੈ। ਤੈਨੂੰ ਮੈਂ ਹੋਰ ਦਸਦਾ ਹਾਂ ਇਸ ਤੋਂ ਅੱਗੇ ਬਈ ਇਹ ਅੱਠ ਸਾਲ ਦੇ ਵਿਚ ਤੇਰਾ ਹਾਲ ਮੰਦਾ ਹੋ ਜਾਣਾ, ਪਾਗਲ ਹੋ ਜਾਣਾ ਸੀ ਤੂੰ। ਆਹੀ ਕਹੀ ਜਾਣਾ ਸੀ 'ਇਹ ਸੱਚਾ ਕਿ ਔਹ ਸੱਚਾ।' ਸਾਧੂਆਂ ਦੀ ਸੇਵਾ ਕਰੀ ਹੈ ਤੂੰ ਬਿਠਾ ਕੇ ਅੱਠ ਸਾਲ। ਉਹਦੇ ਨਾਲ ਬੜਾ ਭਾਰੀ ਸੰਕਟ ਜਿਹੜਾ ਸੀ ਉਹ ਸੂਲੀ ਦੀ ਸੂਲ ਬਣ ਗਿਆ। ਅੱਠ ਸਾਲ ਪਹਿਲਾਂ ਯਾਦ ਕਰ ਇਕ ਸਭਾ ਲੱਗੀ ਹੋਈ ਸੀ, ਸੰਤਾਂ ਦੀ, ਜਿਥੇ ਇਹ ਜ਼ਿਕਰ ਚਲਦਾ ਸੀ ਕਿ ਮਾਇਆ ਪੈ ਜਾਂਦੀ ਹੈ ਵੱਡਿਆਂ-ਵੱਡਿਆਂ 'ਤੇ। ਤਾਂ ਤੂੰ ਤਰਕ ਕਰੀ ਸੀ। ਉਹ ਸੰਤਾਂ ਨੇ ਮਾਇਆ ਪਾ ਦਿਤੀ ਪਰ ਬੜੀ mild (ਹਲਕੀ) ਪਾਈ ਕਿ ਤੇਰਾ ਤਖ਼ਤ ਵੀ ਤੇਰੇ ਕੋਲ ਰਹਿ ਜਾਏ। ਮਨ ਦੇ ਅੰਦਰ ਤੇਰੇ ਚਿਤਵਨੀ ਲੱਗੀ ਰਹੀ, ਜਿਹਦੇ ਨਾਲ ਤੂੰ ਇਸ ਤਰ੍ਹਾਂ ਦੁਖੀ ਹੋਇਆ। ਸੰਤਾਂ ਦੀ ਸੇਵਾ ਕਰੀ ਹੈ ਹੁਣ ਮਾਇਆ ਲਹਿ ਗਈ। ਉਹ ਤਾਂ ਪਈ ਹੈ ਕਿਉਂਕਿ ਤੂੰ ਨਿਗੁਰਾ ਸੀ। ਜੇ ਗੁਰੂ ਵਾਲਾ ਹੁੰਦਾ ਤਾਂ ਤੇਰੇ 'ਤੇ ਮਾਇਆ ਨਹੀਂ ਸੀ ਪੈਣੀ। ਤੇਰਾ ਗੁਰੂ ਮਾਇਆ ਨੂੰ ਰੋਕ ਦਿੰਦਾ। ਸਮਰੱਥ ਗੁਰੂ ਜੋ ਹੋਇਆ ਕਰਦੈ -

*ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥*
*ਸੇਵਕ ਕਉ ਗੁਰੁ ਸਦਾ ਦਇਆਲ ॥ ਅੰਗ - ੨੮੬*

ਜੇ ਗੁਰੂ ਹੀ ਨਹੀਂ ਹੈ ਕੋਈ, ਫੇਰ ਰੱਖੇਗਾ ਕਿਹੜਾ? ਸੋ ਉਸ ਵੇਲੇ ਕਹਿਣ ਲੱਗਿਆ, ਅੱਜ ਦਾ ਦਰਬਾਰ ਬਰਖਾਸਤ। ਕੱਲ੍ਹ ਨੂੰ ਮੈਂ ਗੁਰੂ ਧਾਰਨ ਕਰਨੈ। ਭਾਰਤ ਵਰਸ਼ ਦੇ ਸਾਰੇ ਮਹਾਂਪੁਰਸ਼ ਬੈਠੇ ਹੋਂ,

ਵੱਡੇ-ਵੱਡੇ ਧੁਰੰਦਰ ਵਿਦਵਾਨ ਬੈਠੇ ਹੋਂ। ਮੈਂ ਉਸ ਨੂੰ ਗੁਰੂ ਧਾਰਨ ਕਰਨੈ ਜਿਹੜਾ ਮੈਨੂੰ ਘੋੜੇ ਦੀ ਰਕਾਬ ਵਿਚ ਪੈਰ ਪਾ ਕੇ, ਕਾਠੀ ਤੋਂ ਘੁੰਮਾ ਕੇ ਦੂਸਰੀ ਰਕਾਬ ਵਿਚ ਪੈਰ ਪਾਉਣ ਤਕ ਗਿਆਨ ਕਰਾ ਦੇਵੇ।

ਦਰਬਾਰ ਲੱਗ ਗਿਆ। ਕੋਈ ਨਹੀਂ ਆਉਂਦਾ। ਚੰਦਨ ਦੀ ਚੌਂਕੀ ਡਾਹੀ ਹੋਈ ਹੈ। ਕਿਉਂਕਿ ਅੰਤਸ਼ਕਰਣ ਵਿਚ ਤਿੰਨ ਦੋਸ਼ ਹੁੰਦੇ ਨੇ, ਇਕ ਮਲ ਹੁੰਦੈ, ਇਕ ਵਿਖਸ਼ੇਪ ਹੁੰਦੈ, ਇਕ ਆਵਰਨ ਹੁੰਦੈ। ਮਲ ਮੈਲ ਨੂੰ ਕਹਿੰਦੇ ਨੇ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ*
*ਜੇ ਸਉ ਧੋਵਣਿ ਪਾਹੁ ॥* *ਅੰਗ- ੬੫੧*

ਵਿਖਸ਼ੇਪਤਾ ਕਹਿੰਦੇ ਨੇ, ਮਨ ਨਾ ਟਿਕਣਾ। ਹਿੱਲਜੁਲ ਹੋਣੀ, ਜੇ ਸ਼ੀਸ਼ਾ ਬਹੁਤ ਤੇਜ਼ੀ ਨਾਲ ਹਿਲਦਾ ਹੋਵੇ, ਕਦੇ ਨਹੀਂ ਮੂੰਹ ਦਿਸਦਾ। ਜਿਨ੍ਹਾਂ ਦੀਆਂ ਕਾਰਾਂ ਦੇ ਸ਼ੀਸ਼ੇ ਢਿੱਲੇ ਹੁੰਦੇ ਨੇ, ਉਹ ਜੇ ਕਿਤੇ ਚਲਦੀ ਕਾਰ 'ਚ ਆਪਣਾ ਮੂੰਹ ਦੇਖਣਾ ਚਾਹੁੰਣ ਦਿਸਦਾ ਹੀ ਨਹੀਂ। ਬਹੁਤ ਤੇਜ਼ੀ ਨਾਲ vibration ਕਰ ਰਿਹਾ ਹੁੰਦੈ। ਇਸ ਤਰ੍ਹਾਂ ਮਨ ਦੀ vibration ਜਿਹੜੀ ਹੈ ਉਹਨੂੰ ਵਿਖਸ਼ੇਪ ਕਹਿੰਦੇ ਨੇ। ਤੀਸਰਾ ਹੋਇਆ ਕਰਦੈ, illusion (ਭਰਮ), ਆਪਣੇ ਆਪ ਨੂੰ ਦੇਹ ਸਮਝਣਾ। ਸੂਖਸ਼ਮ ਸਰੀਰ ਸਮਝਣਾ, ਕਾਰਨ ਸਰੀਰ ਸਮਝਣਾ, ਆਪਣੇ ਆਪ ਨੂੰ ਆਤਮਾ ਨਾ ਸਮਝ ਕੇ ਅਗਿਆਨ ਵਿਚ ਰਹਿਣਾ। ਆਵਰਨ ਕਹਿੰਦੇ ਨੇ ਇਹਨੂੰ। ਇਹਨਾਂ ਤਿੰਨਾਂ ਨੂੰ ਦੂਰ ਕਰੇ ਬਗੈਰ ਗਿਆਨ ਨਹੀਂ ਹੁੰਦਾ।ਮਲ ਜਿਹੜੀ ਹੈ ਇਹ ਸ਼ੁਭ ਕਰਮਾਂ ਨਾਲ ਦੂਰ ਹੁੰਦੀ ਹੈ। ਵਿਖਸ਼ੇਪਤਾ ਜਿਹੜੀ ਹੈ ਉਹ ਉਪਾਸਨਾ ਨਾਲ ਦੂਰ ਹੁੰਦੀ ਹੈ। ਆਵਰਨ ਜਿਹੜਾ ਹੈ ਉਹ ਗਿਆਨ ਨਾਲ ਦੂਰ ਹੁੰਦੈ। ਪਹਿਲਾਂ ਮੈਲ ਦੂਰ ਹੋਵੇ, ਫੇਰ ਮਨ ਟਿਕੇ ਫੇਰ ਕਿਤੇ ਜਾ ਕੇ ਗਿਆਨ ਦਾ ਅਧਿਕਾਰੀ ਹੁੰਦੈ। ਫੇਰ ਵਿਗਿਆਨ ਅਵਸਥਾ ਚੌਥੀ ਆਇਆ ਕਰਦੀ ਹੈ।

ਸਾਰੇ ਸੋਚਦੇ ਨੇ ਕਿ ਐਨੀ ਛੇਤੀ? ਰਾਜੇ ਨੇ ਇਹ ਗੱਲ ਕੀ ਕਰ ਦਿਤੀ? ਉਸ ਵੇਲੇ ਅਸ਼ਟਾਵਕਰ ਫੇਰ ਉੱਠ ਕੇ ਗਿਆ, ਸਭ ਚੁੱਪ ਕਰ ਗਏ ਕਿ ਆਹ ਬੱਚਾ ਕੋਈ ਚਮਤਕਾਰੀ ਆਇਆ ਹੋਇਐ। ਇਹ ਕਰਾਏਗਾ ਗਿਆਨ, ਦੇਖੋ ਅੱਜ ਕੀ ਕਰਦੈ। ਜਾ ਕੇ ਚੌਂਕੀ 'ਤੇ ਬੈਠ ਗਿਆ।

ਰਾਜੇ ਨੇ ਕਿਹਾ, ਮਹਾਰਾਜ! ਗੁਰੂਦੇਵ! ਸ਼ਰਤ ਇਹ ਹੈ ਕਿ ਚੌਕੀਂ 'ਤੇ ਉਸ ਨੇ ਬੈਠਣੈ ਜਿਹੜਾ ਮੈਨੂੰ ਘੋੜੇ ਦੀ ਰਕਾਬ 'ਚ ਪੈਰ ਪਾ ਕੇ ਦੂਜੀ ਰਕਾਬ ਤੱਕ ਜਾਂਦੇ-ਜਾਂਦੇ ਗਿਆਨ ਕਰਾ ਦੇਵੇ।

ਕਹਿੰਦੇ, ਹਾਂ, ਮੰਗਾਓ ਘੋੜਾ।

ਘੋੜਾ ਮੰਗਾ ਲਿਆ। ਦੋਵੇਂ ਖੜ੍ਹੇ ਹੋ ਗਏ। ਰਾਜੇ ਨੇ ਪੈਰ ਪਾ ਲਿਆ। ਕਹਿਣ ਲੱਗਿਆ, ਲਓ ਮਹਾਰਾਜ! ਮੈਂ ਹੁਣ ਲੱਗਿਆਂ ਆਪਣਾ ਪੈਰ ਚੁੱਕਣ। ਇਕ ਸਕਿੰਟ ਹੁੰਦੈ। ਇਕ ਸਕਿੰਟ ਵਿਚ ਕੌਣ ਗਿਆਨ ਕਰਾ ਦੇਵੇਗਾ। ਦੁਨੀਆਂ 'ਚ ਹੈ ਕੋਈ ਜਿਹੜਾ ਇਕ ਸਕਿੰਟ ਵਿਚ ਗਿਆਨ ਕਰਾ ਦੇਵੇ। ਬੜੀ ਅਜੀਬ ਬਾਤ ਆ ਗਈ। ਸਾਨੂੰ ਹੁਣ ਵੀ ਓਨੀਓਂ ਅਜੀਬ ਲਗਦੀ ਹੈ ਜਿੰਨੀ ਉਸ ਵੇਲੇ ਅਜੀਬ ਲਗਦੀ ਸੀ। ਸੋ ਉਸ ਵੇਲੇ ਇਹਨੇ ਪੈਰ ਪਾ ਲਿਆ। ਕਹਿੰਦੇ, ਗੱਲ ਸੁਣ ਰਾਜਨ! ਪੈਰ ਕੱਢ ਲੈ। ਕਹਿੰਦੇ, ਤੈਨੂੰ ਹੋ ਜਾਣੈ ਗਿਆਨ, ਗਿਆਨ ਹੋਣ ਤੋਂ ਬਾਅਦ ਤੈਨੂੰ ਨਾ ਕੋਈ ਰਾਜ ਦਾ ਮੋਹ ਰਹਿਣੈ। ਸਾਰਾ ਸੰਸਾਰ ਤੈਨੂੰ ਪ੍ਰਮੇਸ਼ਰ ਦਾ ਰੂਪ ਬਣ ਜਾਣੈ। ਪਤਾ ਨਹੀਂ ਤੂੰ ਕਿੱਧਰ ਨੂੰ ਚਲਿਆ ਜਾਵੇਂ। ਪਰ ਗੁਰੂ ਦੀਖਸ਼ਾ ਤੇਰੇ ਸਿਰ 'ਤੇ ਚੜ੍ਹੀ ਰਹਿਣੀ ਹੈ। ਸੋ ਗੁਰੂ ਦੀਖਸ਼ਾ ਪਹਿਲਾਂ ਦੇ। ਕਿਉਂਕਿ ਗੁਰੂ ਤਾਂ ਪਹਿਲਾਂ ਫੀਸ ਲੈਂਦੈ। ਸਾਡੇ ਵੀ ਗੁਰੂ ਲੈਂਦੇ ਨੇ। ਗੁਰੂ ਮਹਾਰਾਜ ਇਸ ਤਰ੍ਹਾਂ ਕਹਿੰਦੇ ਨੇ ਕਿ ਜੇ ਤੂੰ ਸਾਡਾ ਸਿੱਖ ਬਣਨੈਂ ਤਾਂ ਫੀਸ ਦੇ। ਅਸੀਂ ਵਿਚਾਰਦੇ ਹੀ ਨਹੀਂ ਕਿ ਫੀਸ ਕੀ ਹੈ? ਫੀਸ ਮਹਾਰਾਜ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਮਰਨਾ ਕਬੂਲ ਲੈ, ਜੀਵਨ ਦੀ ਛੱਡ ਦੇ ਆਸਾ।*

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*
*ਅੰਗ - ੧੧੦੨*

ਗੁਰੂ ਦੇ ਨਾਲ ਸਬੰਧ ਜੋੜਨਾ ਹੈ ਤੂੰ, ਤਾਂ ਤੇਰੇ ਕੋਲ ਜੋ ਪਹਿਲਾਂ ਵਾਧੂ ਚੀਜ਼ ਹੈ, ਆਪਣਾ ਆਪ, ਇਹਨੂੰ ਖਤਮ ਕਰਨਾ ਮੰਨ ਲੈ। ਅਸੀਂ ਮਰਨਾ ਕਹਿੰਦੇ ਹਾਂ, ਸਰੀਰ ਮਰ ਗਿਆ। ਸਰੀਰ ਮਰਨ 'ਤੇ ਅਸੀਂ ਤਾਂ ਨਹੀਂ ਮਰਦੇ। ਅਸੀਂ ਤਾਂ ਫੇਰ ਕਾਇਮ ਰਹਿੰਦੇ ਹਾਂ। ਜੇ ਸੂਖਸ਼ਮ ਸਰੀਰ ਵੀ ਮਰ ਗਿਆ, ਫੇਰ ਵੀ ਅਸੀਂ ਕਾਇਮ ਹਾਂ। ਜੇ ਕਾਰਨ ਸਰੀਰ ਵੀ ਮਰ ਗਿਆ ਫੇਰ ਵੀ ਅਸੀਂ ਕਾਇਮ ਹਾਂ। ਕਹਿੰਦੇ, ਆਪਣਾ ਆਪ ਮਰਨਾ ਕਬੂਲ ਕਰ ਲੈ। ਕਿਉਂਕਿ ਜੇ ਆਤਮਾ ਵੀ ਰਹਿ ਜਾਵੇ। ਆਤਮਾ ਤੇ ਪ੍ਰਮਾਤਮਾ ਦੋ ਰਹਿ ਜਾਣ, ਫੇਰ ਵੀ ਰੌਲਾ-ਗੌਲਾ ਹੀ ਹੈ। ਮਹਾਰਾਜ ਕਹਿੰਦੇ -

*ਆਤਮਾ ਪਰਾਤਮਾ ਏਕੋ ਕਰੈ ॥*
*ਅੰਤਰ ਕੀ ਦੁਬਿਧਾ ਅੰਤਰਿ ਮਰੈ ॥ ਅੰਗ - ੬੬੧*

ਬਈ ਵਾਹਿਗੁਰੂ ਹੀ ਬਣ ਜਾ, ਆਪਣਾ ਆਪ ਖਤਮ ਕਰ ਦੇ। ਆਪਣਾ ਆਪ ਹੀ ਹੈ ਜਿਹੜਾ ਸਾਨੂੰ ਪ੍ਰਮੇਸ਼ਰ ਨਾਲੋਂ ਤੋੜ ਕੇ ਰਖਦੈ -

*ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥*
*ਅਨਲ ਅਗਮ ਜੈਸੇ ਲਹਰਿ ਮਇ ਓਦਧਿ*
*ਜਲ ਕੇਵਲ ਜਲ ਮਾਂਹੀ ॥ ਅੰਗ - ੬੫੭*

ਲਹਿਰ ਆਪਣਾ ਅਸਤਿਤ੍ਵ ਖਤਮ ਕਰ ਲਵੇ, ਸਮੁੰਦਰ ਬਣ ਜਾਂਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਅਸ਼ਟਾਵਕਰ ਕਹਿਣ ਲੱਗਿਆ ਕਿ ਰਾਜਨ! ਪਹਿਲਾਂ ਗੁਰੂ ਦਖਸ਼ਣਾ ਦੇ ਕੇ ਜਾ।

ਕਹਿਣ ਲੱਗਿਆ, ਮਹਾਰਾਜ! ਹੁਕਮ ਕਰੋ, ਕੀ ਚਾਹੀਦੈ?

ਕਹਿੰਦੇ, ਤਿੰਨ ਚੀਜ਼ਾਂ ਮੰਗਦਾ ਹੈ ਗੁਰੂ -

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ ॥ ਅੰਗ- ੯੧੮*

ਮਹਾਰਾਜ ਨੇ ਇਕ ਲਾਈਨ ਵਿਚ ਹੀ ਸਾਰਾ ਕੁਛ ਲਿਖ ਦਿਤਾ ਕਿ ਤਨ ਵੀ ਦੇ-ਦੇ, ਮਨ ਵੀ ਦੇ-ਦੇ, ਧਨ ਵੀ ਦੇ-ਦੇ। ਜ਼ੁਬਾਨ ਤੋਂ ਤਾਂ ਅਸੀਂ ਆਖ ਦਿੰਦੇ ਹਾਂ, ਬੋਲ ਦਿੰਦੇ ਹਾਂ ਕਿ ਸੱਚੇ ਪਾਤਸ਼ਾਹ! ਤਨ ਵੀ ਤੇਰਾ, ਮਨ ਵੀ ਤੇਰਾ, ਧਨ ਵੀ ਤੇਰਾ। ਪਰ ਵਰਤਾਂਗਾ ਮੈਂ ਹੀ। ਮੈਂ ਤੁਹਾਨੂੰ ਵਰਤਣ ਨੂੰ ਨਹੀਂ ਦੇਣਾ ਹੈ। ਇਸ ਤਰ੍ਹਾਂ ਨਹੀਂ ਹੋਇਆ ਕਰਦਾ। ਅੰਦਰੋਂ ਸੰਭਾਲਣਾ ਪੈਂਦੈ ਗੁਰੂ ਨੂੰ ਕਿ ਤੇਰਾ ਹੀ ਹੈ।

ਸੋ ਕਹਿਣ ਲੱਗੇ, ਰਾਜਨ! ਤੂੰ ਤਿੰਨਾਂ 'ਚੋਂ ਇਕ ਦੇ-ਦੇ। ਤਨ ਦੇ-ਦੇ, ਚਾਹੇ ਮਨ ਦੇ-ਦੇ, ਚਾਹੇ ਧਨ ਦੇ-ਦੇ। ਤਾਂ ਉਸ ਵੇਲੇ ਰਾਜਾ ਜਨਕ ਕਹਿਣ ਲੱਗਿਆ ਕਿ ਮੇਰੇ ਨਾਲ ਮੇਰੀਆਂ ਰਾਣੀਆਂ ਵੀ ਨੇ ਕਿਉਂਕਿ ਤਨ ਦੀ ਸਾਂਝ ਰਾਣੀਆਂ ਨਾਲ ਹੈ ਮੇਰੀ। ਅਰਧੰਗੀ ਕਹਾਉਂਦੀ ਹੈ ਉਹ ਮੇਰੀ। ਮੈਂ ਉਹਦੇ ਨਾਲ ਸਲਾਹ ਕਰ ਲਵਾਂ। ਕਹਿੰਦੇ ਜਾਹ, ਕਰ ਲੈ।

ਰਾਣੀ ਨੂੰ ਪੁੱਛਿਆ, ਰਾਣੀ ਕਹਿਣ ਲੱਗੀ ਕਿ ਜੇ ਆਪਾਂ ਧਨ ਦੇ ਦਿਤਾ ਜਿਵੇਂ ਰਾਜੇ ਹਰੀ ਚੰਦ ਨਾਲ ਹੋਈ ਸੀ ਇਸ ਤਰ੍ਹਾਂ ਵਿਕ ਕੇ ਆਪਾਂ ਨੂੰ ਮਜ਼ੂਰੀ ਨਾ ਕਰਨੀ ਪੈ ਜਾਵੇ। ਪਤਾ ਨਹੀਂ ਤੈਨੂੰ ਕਿੱਥੇ ਕਰਨੀ ਪਵੇ, ਮੈਨੂੰ ਕਿੱਥੇ ਕਰਨੀ ਪਵੇ। ਜੇ ਧਨ ਦੇ ਦਿਤਾ ਤਾਂ ਆਪਾਂ ਗਰੀਬ ਹੋ ਕੇ ਕੀ ਕਰਾਂਗੇ। ਜੇ ਤਨ ਦੇ ਦਿਤਾ, ਇਹ ਫੇਰ ਸਾਡੇ ਤੋਂ ਸੇਵਾ ਕਰਾਈ ਜਾਣਗੇ। ਆਹ ਮਨ ਵਾਧੂ ਚੀਜ਼ ਹੈ ਇਹ ਦੇ ਦੇਈਏ। ਸੋ ਪੱਕੀ ਕਰਕੇ ਆ ਗਿਆ ਕਿ ਮਨ ਦੇ ਦਿੰਦੇ ਹਾਂ।

ਕਹਿਣ ਲੱਗੇ, ਦਸ ਕੀ ਦੇਣਾ ਚਾਹੁੰਦੈਂ?

ਕਹਿੰਦਾ, ਮਹਾਰਾਜ! ਮਨ ਦੇ ਦਿੰਦਾ ਹਾਂ।

ਕਹਿੰਦੇ, ਮਨ ਜਾਣਦੈਂ ਕੀ ਹੁੰਦੈ? ਅਰਥ ਕਰ ਮਨ ਦੇ ਕੀ ਹੁੰਦੈ? ਮਨ ਦੇ ਕੀ ਲੱਛਣ ਨੇ?

ਕਹਿੰਦਾ, ਸੰਕਲਪ ਤੇ ਵਿਕਲਪ ਕਰਨ ਵਾਲਾ।

ਜਿਹੜਾ ਕਹਿੰਦੈ ਕਿ ਹੁਣੇ ਘੜੀ ਦੇਖ, ਇਹ ਮਨ ਕਹਿੰਦੈ। ਬੁੱਧੀ ਕਹਿੰਦੀ ਹੈ ਕਿ ਨਾ-ਨਾ ਅਜੇ ਤਾਂ ਸਤਿਸੰਗ ਚਲਦੈ, ਅਜੇ ਨਹੀਂ ਉੱਠਣਾ। ਲੋਕ ਕਹਿਣਗੇ ਪਹਿਲਾਂ ਹੀ ਚਲਿਆ ਗਿਆ। ਫਲਾਣਾ ਆਇਐ ਇਹ ਮਨ ਨੇ ਗੱਲ ਕਹੀ।

ਕਹਿੰਦਾ, ਹਾਂ ਜੀ ਮੈਂ ਸਮਝ ਗਿਆ, ਇਹ ਫੁਰਨੇ ਜੋ ਦਿੰਦੈ ਇਹ ਮਨ ਕਰਦੈ।

ਕਹਿੰਦੇ, ਫੇਰ ਚੂਲੀ ਛੱਡ ਦੇ। ਚੂਲੀ ਛੱਡ ਦਿਤੀ।

ਕਹਿੰਦੇ, ਦੇ ਦਿਤਾ ਮਨ?

ਕਹਿੰਦਾ, ਹਾਂ, ਜੀ।

ਚੁੱਪ ਕਰ ਗਏ ਉਹ, ਅਗਾਹਾਂ ਕੀ ਕਹਿਣਾ ਸੀ ਸੰਤਾਂ ਨੇ। ਇਹ ਕਹਿੰਦਾ, ਮਹਾਰਾਜ ਫੇਰ ਹੁਣ ਮੈਨੂੰ ਗਿਆਨ ਕਰਾਓ। ਪੈਰ ਚੁੱਕ ਕੇ ਰਕਾਬ 'ਚ ਰੱਖਣ ਲੱਗ ਗਿਆ।

ਕਹਿੰਦੇ, ਠਹਿਰ, ਇਹ ਪੈਰ ਕਿਉਂ ਰੱਖਿਐ?

ਕਹਿੰਦਾ, ਤੁਸੀਂ ਕਿਹੈ ਕਿ ਮੈਂ ਗਿਆਨ ਕਰਾਉਣੈ ਤਾਂ ਮੈਂ ਪੈਰ ਰੱਖਿਐ।

ਕਹਿੰਦੇ, ਤੈਨੂੰ ਕੀਹਨੇ ਕਿਹੈ ਪੈਰ ਰੱਖਣ ਵਾਸਤੇ? ਸੋਚ ਇਸ ਗੱਲ ਨੂੰ। ਜਦ ਤੂੰ ਫੁਰਨਾ ਮੈਨੂੰ ਦੇ ਦਿਤਾ, ਫੇਰ ਬਾਕੀ ਤੇਰੇ ਕੋਲ ਕੀ ਰਹਿ ਗਿਆ। ਸਰੀਰ ਰਹਿ ਗਿਆ, ਹੋਰ ਕੀ ਹੈ ਤੇਰੇ ਕੋਲ। ਖੜ੍ਹਾ ਰਹਿ ਬੁੱਤ ਬਣ ਕੇ। ਐਨੀ ਗੱਲ ਸਮਝ ਵਿਚ ਪੈਂਦੇ ਸਾਰ, ਪਰਮ ਮੌਨ, silence ਆ ਗਈ।

ਜਦੋਂ silence (ਸ਼ਾਂਤੀ) ਆ ਜਾਏ ਸਾਡੇ ਅੰਦਰ, ਉਸ ਵੇਲੇ ਅਸੀਂ ਗਿਆਨ ਦੇ ਪ੍ਰਕਾਸ਼ ਦੇ ਨੇੜੇ ਹੋ ਜਾਂਦੇ ਹਾਂ, ਅਫੁਰ ਅਵਸਥਾ ਪੈਦਾ ਹੋ ਜਾਂਦੀ ਹੈ। ਗਗਨ ਮੰਡਲ ਦੀ ਅਵਸਥਾ ਹੀ ਅਫੁਰ ਅਵਸਥਾ ਹੈ। ਸੁੰਨ ਮੰਡਲ ਕਹਿੰਦੇ ਨੇ। ਸੁੰਨ ਮੰਡਲ ਵਿਚ ਕੋਈ

ਫੁਰਨਾ ਨਹੀਂ ਹੁੰਦਾ –

*ਅਨਹਤ ਸੁੰਨਿ ਰਤੇ ਸੇ ਕੈਸੇ ॥*
*ਜਿਸ ਤੇ ਉਪਜੇ ਤਿਸ ਹੀ ਜੈਸੇ ॥* *ਅੰਗ – ੯੪੩*

ਖੜ੍ਹਾ ਹੈ ਇਹ ਅੱਧਾ ਘੰਟਾ ਹੋ ਗਿਆ। ਐਨੇ ਨੂੰ ਇਕ ਬ੍ਰਾਹਮਣ ਆਇਆ, ਰਾਜੇ ਨੂੰ ਆ ਕੇ ਕਹਿਣ ਲੱਗਿਆ ਕਿ ਮੇਰੇ ਲੜਕੇ ਦੀ ਬਰਾਤ ਲੁੱਟ ਲਈ। ਛੇਤੀ ਕਰੋ, ਹੁਕਮ ਦਿਓ, ਆਹ ਤੁਹਾਡੇ ਸ਼ਹਿਰ ਦੇ ਬਾਹਰਲੇ ਪਾਸੇ ਹੀ ਹੈ। 15 ਮਿੰਟ ਬੇਨਤੀਆਂ ਕਰੀ ਗਿਆ। ਇਹ ਟਸ ਤੋਂ ਮਸ ਨਾ ਹੋਇਆ। ਨਾ ਕੋਈ ਫੁਰਨਾ ਆਉਣ ਦਿਤਾ। ਸੀਗਾ ਤਾਂ ਬੰਦਾ ਦ੍ਰਿੜ੍ਹ। ਪਿਛਲੇ ਸੰਸਕਾਰ ਸੀਗੇ।

ਅਸੀਂ ਤਾਂ ਗੁਰੂ ਪਾਤਸ਼ਾਹ ਨੂੰ ਕਹਿੰਦੇ ਹਾਂ ਕਿ ਸੱਚੇ ਪਾਤਸ਼ਾਹ! ਸਾਨੂੰ ਤਨ ਦੇਣਾ ਵੀ ਔਖੈ, ਸਾਨੂੰ ਮਨ ਦੇਣਾ ਵੀ ਔਖੈ, ਧਨ ਦੇਣਾ ਵੀ ਔਖੈ। ਤਿੰਨੋਂ ਚੀਜ਼ਾਂ ਨੇ, ਇਹ ਤਾਂ ਸਾਡੇ ਲੋੜ ਵਾਸਤੇ ਨੇ। ਤੇਰੇ ਨਾਲ ਜੇ ਹੋਰ ਤਰੀਕਾ ਬਣਦੈ ਤਾਂ ਬਣਾ ਲੈ। ਆਹ ਤਿੰਨ ਚੀਜ਼ਾਂ ਨਾ ਸਾਡੇ ਤੋਂ ਮੰਗੀਂ। ਉਵੇਂ ਹੀ ਤੂੰ ਕਰ ਦੇ ਜੇ ਹੁੰਦੈ ਤੇਰੇ ਤੋਂ। ਨਾ ਸਾਨੂੰ ਲੋੜ ਹੈ ਕਿ ਸਾਡੀ ਮੁਕਤੀ ਹੋਵੇ। ਨਾ ਸਾਨੂੰ ਲੋੜ ਹੈ ਕਿ ਅਸੀਂ ਜੰਮਣ ਮਰਣ ਤੋਂ ਹਟ ਜਾਈਏ। ਔਖੇ ਸੌਖੇ ਝੱਲੀ ਜਾਵਾਂਗੇ। ਜੇ ਜਾਨਵਰ ਬਣ ਗਏ ਤਾਂ ਵੀ, ਜੇ ਸੱਪ ਬਣ ਗਏ ਤਾਂ ਵੀ ਸਹੀ। ਕਿਉਂਕਿ ਪਰਮ ਅਵਸਥਾ ਦਾ ਸਾਨੂੰ ਪਤਾ ਨਹੀਂ ਹੈ। ਉਸ ਅਨੰਦ ਦੇ ਬਾਰੇ ਅਸੀਂ ਕਿਆਸ ਨਹੀਂ ਕਰ ਸਕਦੇ ਕਿ ਕਿੰਨਾ ਅਨੰਦ ਸਾਨੂੰ ਪ੍ਰਾਪਤ ਹੋਵੇਗਾ। ਸਤਿ, ਚਿਤ, ਅਨੰਦ ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ –

*ਬੇਗਮ ਪੁਰਾ ਸਹਰ ਕੋ ਨਾਉ ॥*
*ਦੂਖੁ ਅੰਦੋਹੁ ਨਹੀ ਤਿਹਿ ਠਾਉ ॥*
*ਨਾਂ ਤਸਵੀਸ ਖਿਰਾਜੁ ਨ ਮਾਲੁ ॥*
*ਖਉਫੁ ਨ ਖਤਾ ਨ ਤਰਸੁ ਜਵਾਲੁ ॥* *ਅੰਗ – ੩੪੫*

ਐਸੇ ਥਾਂ ਦੇ ਉਤੇ ਵਾਸਾ ਕਿਵੇਂ ਹੋਵੇ? ਸੋ ਇਸ ਤਰ੍ਹਾਂ ਦੇ ਨਾਲ ਉਹ 15 ਮਿੰਟ ਗਾਲ੍ਹਾਂ ਕੱਢੀ ਗਿਆ, ਉਹ ਗਾਲ੍ਹਾਂ ਕੱਢੀਆਂ ਜਿਹੜੀਆਂ ਹਿਰਦੇ ਨੂੰ ਚੀਰ ਦੇਣ। ਇਹ ਟਸ ਤੋਂ ਮਸ ਨਾ ਹੋਇਆ। ਬ੍ਰਾਹਮਣ ਚਲਿਆ ਗਿਆ। ਕਹਿੰਦੇ, ਰਾਜਨ! ਜਦੋਂ ਤੇਰੇ ਮਨ ਵਿਚ ਸ਼ਾਂਤੀ ਆਈ, ਫੁਰਨਾ ਹਟਿਆ, ਤੈਨੂੰ ਕੀ ਅਨੁਭਵ ਹੋਇਆ? ਬਾਕੀ ਕੀ ਰਿਹਾ? ਕਹਿੰਦੇ, ਬਾਕੀ ਕੀ ਰਿਹਾ ਇਹ ਚੇਤਨ ਤੱਤ ਹੈ। ਆਤਮਾ ਹੈ, ਪ੍ਰਮਾਤਮਾ ਹੈ। ਇਹ ਤੇਰਾ ਸਰੂਪ ਹੈ ਅਸਲੀ। ਐਨੀ ਗੱਲ ਕਹਿਣ ਦੀ ਦੇਰ ਸੀ, ਸਮਾਧੀ ਲਗ ਗਈ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਵੀ ਇਸੇ ਤਰ੍ਹਾਂ ਸਮਝਾਉਂਦੇ ਸੀ। ਦਰਸ਼ਨ ਕਰਨ ਆਉਂਦੇ ਸੀ। ਪ੍ਰਸ਼ਾਦਾ ਪਹਿਲਾਂ ਨਹੀਂ ਛਕਦੇ ਸੀ, ਪਿੱਛੋਂ ਛਕਾਉਂਦੇ ਹੁੰਦੇ। ਸਮਾਧੀ ਪਹਿਲਾਂ ਲਵਾ ਦਿੰਦੇ ਸੀ। ਸਮਾਧੀ ਲਗ ਗਈ। ਸਮਾਂ ਲੰਘ ਗਿਆ। ਉਸ ਤੋਂ ਬਾਅਦ ਸਮਾਧੀ ਤੋਂ ਉਥਾਨ ਹੋਏ। ਕਹਿਣ ਲੱਗੇ, ਲੈ ਰਾਜਨ! ਹੁਣ ਮੈਂ ਤੇਰਾ ਮਨ ਮੋੜਦਾ ਹਾਂ। ਪਰ ਇਹ ਤੇਰਾ ਨਹੀਂ ਹੈ, ਤੇਰੀ ਦਿਤੀ ਹੋਈ ਚੀਜ਼ ਮੇਰੇ ਕੋਲ ਆ ਗਈ। ਇਹ ਮੈਂ ਦਿੰਦਾ ਹਾਂ, ਇਸ ਸਰੀਰ ਦੇ ਵਿਚ ਮਨ ਇਹ ਮੇਰਾ ਮਨ ਹੈ। ਹੁਣ ਤੂੰ ਇਹ ਰਾਜ ਕਰ। ਜੇ ਤੈਨੂੰ ਘਾਹ ਖੋਦਣ 'ਤੇ ਲਾ ਲਿਆ ਤਾਂ ਤੇਰੇ ਤੋਂ ਖੋਦ ਨਹੀਂ ਹੋਣਾ। ਮੇਰੇ ਤੋਂ ਰਾਜ ਨਹੀਂ ਹੋਣਾ, ਤੂੰ ਰਾਜ ਵਧੀਆ ਕਰ ਸਕਦੈਂ। ਇਸ ਕਰਕੇ ਰਾਜ ਕਰ।

ਸੋ ਰਾਜੇ ਜਨਕ ਨੂੰ, ਸਾਧਸੰਗਤ ਜੀ! ਗਿਆਨ ਹੋ ਗਿਆ। ਇਸ ਕਰਕੇ –

*ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥*
*ਗੁਰ ਕੀ ਆਗਿਆ ਮਨ ਮਹਿ ਸਹੈ ॥*
*ਆਪਸ ਕਉ ਕਰਿ ਕਛੁ ਨ ਜਨਾਵੈ ॥*
*ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥*
*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥* *ਅੰਗ – ੨੮੬*

ਪੜ੍ਹ ਤਾਂ ਕਰੋੜਾਂ ਵਾਰੀ ਲਿਆ ਹੋਣੈ, ਹਜ਼ਾਰਾਂ ਵਾਰੀ, ਲੱਖਾਂ ਵਾਰੀ। ਸੁਖਮਨੀ ਸਾਹਿਬ 'ਚ ਆਉਂਦੈ। ਸੁਣ ਵੀ ਅਨੇਕਾਂ ਵਾਰੀ ਲਿਆ ਪਰ ਮਨ ਵੇਚਿਆ? ਮਨ ਤਾਂ ਛਾਲਾਂ ਮਾਰਦੈ, ਜਪੁਜੀ ਸਾਹਿਬ ਪੜ੍ਹਨ ਵੇਲੇ। ਜੇ ਸਿਮਰਨ ਕਰਨ ਲਗ ਜਾਓ, ਫੇਰ ਤਾਂ ਇਹਦਾ ਪਤਾ ਹੀ ਨਹੀਂ ਕਿੰਨਾ ਖੌਰੂ ਪਾਉਂਦੈ।

ਮਹਾਰਾਜ ਕਹਿੰਦੇ, ਭਾਈ ਮੰਝ! ਇਹ ਮਨ ਸਾਨੂੰ ਦੇ-ਦੇ। ਇਸ ਤੋਂ ਅਗਲਾ ਬਚਨ ਕਹਿਣ ਲੱਗੇ ਕਿ ਮੰਤਰ ਉਤੇ ਭਰੋਸਾ ਹੋਣਾ ਚਾਹੀਦੈ। ਜਿਹੜਾ ਮੰਤਰ ਅਸੀਂ ਦੇਣਾ ਹੈ, ਇਹਦੇ ਵਿਚ ਡਾਵਾਂਡੋਲ ਨਾ ਹੋਈਂ ਕਿ ਓਅੰਕਾਰ ਦਾ ਜਾਪ ਕਰਾਂ ਜਾਂ ਰਾਮ-ਰਾਮ ਕਹਾਂ, ਜਾਂ ਹਰੇ-ਰਾਮ ਦਾ ਕਰਾਂ ਜਾਂ ਓਅੰ ਦਾ ਕਰਾਂ ਜਾਂ ਅੱਲਾਹ ਕਹਾਂ। ਜੋ ਮੰਤਰ ਗੁਰੂ ਤੋਂ ਪ੍ਰਾਪਤ ਹੋ ਜਾਵੇ ਓਹੀ ਕਲਿਆਣਕਾਰੀ ਸਮਝ ਕੇ ਬਿਨਾਂ ਹਿਚਕਚਾਹਟ ਦੇ ਦ੍ਰਿੜ੍ਹਤਾ ਸਹਿਤ ਉਹਦਾ ਜਾਪ ਕਰੇ। ਉਹਦੇ ਨਾਲ ਹੀ ਪ੍ਰਮੇਸ਼ਰ ਮਿਲ ਜਾਇਆ ਕਰਦੈ ਤੇ ਦਸਵੀਂ ਰਹਿਤ ਹੈ ਕਿ ਨਾਮ ਦੀ ਮਹਿਮਾ ਉਤੇ ਤੈਨੂੰ ਪੂਰਾ ਭਰੋਸਾ ਹੋਵੇ। ਅਗਲੀ ਗਿਆਰ੍ਹਵੀਂ ਗੱਲ ਇਹ ਹੈ ਕਿ ਵਾਹਿਗੁਰੂ 'ਤੇ ਪੂਰਨ ਭਰੋਸਾ ਹੋਣਾ ਚਾਹੀਦੈ ਕਿ

ਵਾਹਿਗੁਰੂ ਹੈਗਾ, ਲੇਕਿਨ ਜਿਹੜੇ ਪੜ੍ਹੇ ਹੋਏ ਬੰਦੇ ਹੁੰਦੇ ਨੇ ਇਹਨਾਂ ਦਾ ਭਰੋਸਾ ਘਟ ਜਾਂਦੈ। ਬੁੱਧੀ ਮੰਡਲ ਵਿਚ ਤਰਕ ਵਿਤਰਕ ਵਧਣ ਕਾਰਨ, ਵਾਹਿਗੁਰੂ ਜੀ ਦੇ ਨੇੜੇ ਜਾਣ ਦੀ ਕੋਸ਼ਿਸ਼ ਕਰਦੇ ਹੋਏ ਵੀ ਇਹ ਨਾਸਤਕ ਹੁੰਦੇ ਤੁਰੇ ਜਾਂਦੇ ਨੇ। ਅਕਲ ਜਿਹੜੀ ਹੈ ਉਹ ਆਪਣੇ ਨਾਲ ਲੈ ਜਾਂਦੇ ਨੇ, ਅਕਲ ਨਹੀਂ ਉਥੇ ਪਹੁੰਚਿਆ ਕਰਦੀ। ਉਥੇ ਵਲਵਲਾ ਪਹੁੰਚਦੈ। ਭਾਈ ਵੀਰ ਸਿੰਘ ਜੀ ਲਿਖਦੇ ਨੇ –

*'ਗਿਯਾਨੀ' ਸਾਨੂੰ ਹੋੜਦਾ ਤੇ 'ਵਹਿਮੀ ਢੋਲਾ' ਆਖਦਾ ਏ,*
*'ਮਾਰੇ ਗਏ ਜਿਨ੍ਹਾਂ ਲਾਈਆਂ ਬੁੱਧੋਂ ਪਾਰ ਤਾਰੀਆਂ।*
*'ਬੈਠ ਵੇ ਗਿਆਨੀ! ਬੁੱਧੀ ਮੰਡਲੇ ਦੀ ਕੈਦ ਵਿਚ,*
*'ਵਲਵਲੇ ਦੇ ਦੇਸ਼' ਸਾਡੀਆਂ ਲੱਗ ਗਈਆਂ ਯਾਰੀਆਂ।'*

*ਡਾ. ਭਾਈ ਵੀਰ ਸਿੰਘ ਜੀ*

ਸੋ ਬੁੱਧੀ ਜਿਉਂ-ਜਿਉਂ ਵਧਦੀ ਹੈ ਤਿਉਂ-ਤਿਉਂ ਰੱਬ ਦੂਰ ਹੁੰਦਾ ਚਲਿਆ ਜਾਂਦੈ।

ਇਕ ਖਟਸ਼ਾਸਤਰੀ, ਛੇ ਸ਼ਾਸਤਰ ਪੜ੍ਹ ਕੇ ਆਇਆ। ਨਾਸਤਕ ਬਣ ਗਿਆ ਬਿਲਕੁਲ ਹੀ ਤੇ ਇਕ ਸੰਤਾਂ ਦੇ ਕੋਲ ਚਲਿਆ ਗਿਆ, ਜਾ ਕੇ ਕਹਿਣ ਲੱਗਿਆ, ਜਿਹਦਾ ਰੂਪ ਨਹੀਂ, ਰੰਗ ਨਹੀਂ, ਰੇਖ ਨਹੀਂ, ਭੇਖ ਨਹੀਂ, ਕੋਈ ਚੱਕਰ ਨਹੀਂ, ਚਿਹਨ ਨਹੀਂ ਕੋਈ ਜਾਤ ਨਹੀਂ ਪਾਤ ਨਹੀਂ। ਉਹ ਚੀਜ਼ ਹੋ ਹੀ ਨਹੀਂ ਸਕਦੀ ਦੁਨੀਆਂ ਦੇ ਅੰਦਰ। ਮਹਾਤਮਾ ਕਹਿਣ ਲੱਗੇ, ਮੈਂ ਤਾਂ ਨਹੀਂ ਤੇਰੇ ਨਾਲ ਬਹਿਸਬਾਜ਼ੀ 'ਚ ਪੈਣਾ। ਇਥੋਂ ਚਲਿਆ ਜਾਹ, ਫਲਾਣੇ ਥਾਂ 'ਤੇ ਇਕ ਸੰਤ ਨੇ ਉਹ ਦਸ ਦੇਣਗੇ। ਉਥੇ ਚਲਿਆ ਗਿਆ, ਜਾ ਕੇ ਸਵਾਲ ਕਰ ਦਿਤਾ। ਸੰਤ ਚੁੱਪ ਚਾਪ ਬੈਠੇ ਨੇ। ਤਿੰਨ ਸਵਾਲ ਕਰੇ ਉਹਨੇ। ਉਹਦੇ ਵਿਚੋਂ ਮੁੱਖ ਸਵਾਲ ਇਹ ਸੀ, ਜਿਹਦਾ ਸਾਡੇ ਨਾਲ ਮਤਲਬ ਹੈ। ਉਹ ਕਹਿੰਦੇ, ਇਹ ਚੀਜ਼ ਹੋ ਹੀ ਨਹੀਂ ਸਕਦੀ। ਜਦੋਂ ਇਹਨੇ ਪੰਜ-ਚਾਰ ਵਾਰ ਕਿਹਾ, ਸੰਤ ਬੋਲੇ ਹੀ ਨਹੀਂ। ਕਹਿੰਦਾ, ਤੂੰ ਬੜਾ ਮੂਰਖ ਬੰਦਾ ਹੈਂ, ਮੈਂ ਐਡੀ ਦੂਰੋਂ ਆਇਆ ਹਾਂ। ਸੰਤਾਂ ਨੇ ਉਥੇ ਰੋੜਾ ਪਿਆ ਸੀ ਚੁੱਕ ਕੇ ਮਾਰਿਆ। ਲੱਗਣ ਦੀ ਦੇਰ ਸੀ ਇਹਨੇ ਸੰਤਾਂ ਦੇ ਜਾ ਕੇ ਦੋ ਤਿੰਨ ਥੱਪੜ ਮਾਰੇ। ਸੰਤ ਕਹਿੰਦੇ, ਠਹਿਰ ਜਾਹ ਤੇਰਾ ਜਵਾਬ ਦਿਤਾ ਹੈ ਅਸੀਂ। ਫੇਰ ਪਛਤਾਏਂਗਾ, ਮਾਫੀ ਮੰਗੇਂਗਾ, ਜਦੋਂ ਸੱਚ ਤੈਨੂੰ ਪਤਾ ਲੱਗਿਆ। ਇਹ ਹਟ ਗਿਆ। ਕਹਿਣ ਲੱਗਿਆ, ਤੁਸੀਂ ਕਿਵੇਂ ਮੈਨੂੰ ਜਵਾਬ ਦਿਤਾ ਹੈ। ਕਹਿੰਦੇ, ਤੂੰ ਤਿੰਨ ਸਵਾਲ ਕਰੇ ਨੇ ਸਾਡੇ ਉਤੇ ਕਿ ਕਰਮਾਂ ਦਾ ਫਲ ਕਿਵੇਂ ਮਿਲਿਆ ਕਰਦੈ ਤੇ ਰੌਰਵ ਨਰਕ ਦੇ ਅੰਦਰ ਇਹ ਜਿਹੜੀ ਰੂਹ ਹੈ, ਇਹ ਵੀ ਅੱਗ ਹੈ ਤੇ ਕਾਮ ਜਿਹੜਾ ਹੈ ਇਹ ਵੀ ਅੱਗ ਹੈ। ਕਾਮ ਨੂੰ ਫੇਰ ਅੱਗ ਦੀ ਸਜ਼ਾ ਹੋ ਹੀ ਨਹੀਂ ਸਕਦੀ। ਦੋਹਾਂ ਦੀ ਇਕੋ ਜਾਤ ਹੈ। ਤੀਸਰਾ ਜਿਹਦਾ ਰੂਪ, ਰੰਗ, ਰੇਖ, ਭੇਖ ਨਹੀਂ ਹੈ ਉਹ ਕੋਈ ਚੀਜ਼ ਹੀ ਨਹੀਂ ਹੁੰਦੀ। ਕਹਿੰਦੇ, ਦੇਖ ਪਹਿਲਾਂ ਅਸੀਂ ਤੈਨੂੰ ਕਰਮ ਦੀ ਗੱਲ ਸਮਝਾਈ ਹੈ। ਅਸੀਂ ਤੇਰੇ ਰੋੜਾ ਮਾਰਿਆ, ਤੁਸੀਂ ਮੇਰੇ ਦੋ ਤਿੰਨ ਥੱਪੜ ਮਾਰੇ। ਕਰਮ ਤਾਂ ਇਸ ਤਰ੍ਹਾਂ ਕੰਮ ਕਰਦੇ ਨੇ। ਦੂਸਰੀ ਗੱਲ ਹੈ, ਕਹਿੰਦੇ, ਮਿੱਟੀ ਤੇਰੇ ਸਰੀਰ 'ਚ ਮਾਰੀ ਹੈ, ਤੂੰ ਵੀ ਮਿੱਟੀ ਦਾ, ਅਸੀਂ ਮਿੱਟੀ ਤੇਰੇ ਸਰੀਰ 'ਚ ਮਾਰੀ ਹੈ। ਇਸ ਮਿੱਟੀ ਨੂੰ ਮਿੱਟੀ ਲੱਗੀ ਹੈ, ਫੇਰ ਤੈਨੂੰ ਦਰਦ ਕਿਉਂ ਹੋਇਆ? ਤੀਸਰਾ ਇਹ ਹੈ ਕਿ ਰੋੜਾ ਮਾਰਨ 'ਤੇ ਤੈਨੂੰ ਕੀ ਹੋਇਆ? ਕਹਿੰਦਾ, ਮੈਨੂੰ ਦਰਦ ਹੋਇਆ। ਕਹਿੰਦੇ, ਦਰਦ ਕਿੰਨਾ ਹੈ, ਕਿੰਨਾ ਗਹਿਰਾ, ਕਿੰਨਾ ਲੰਮਾ, ਕਿੰਨਾ ਚੌੜਾ ਦਰਦ ਹੈ? ਕੀ ਸ਼ਕਲ ਹੈ ਦਰਦ ਦੀ? ਕਹਿੰਦਾ, ਸ਼ਕਲ ਤਾਂ ਹੈ ਹੀ ਨਹੀਂ, feeling ਹੈ। ਉਹ ਕਹਿੰਦੇ, ਫੇਰ ਇਸੇ ਤਰ੍ਹਾਂ ਨਾਲ ਪ੍ਰਮੇਸ਼ਰ ਦਾ ਰੂਪ, ਰੰਗ, ਰੇਖ, ਭੇਖ ਨਹੀਂ। ਉਹ ਵੀ feeling ਹੈ ਇਕ, ਅਨੁਭਵ ਹੈ, realisation (ਅਹਿਸਾਸ) ਹੈ। ਜਦੋਂ realisation ਹੋ ਜਾਏਗੀ ਉਸ ਵੇਲੇ ਆਪਣਾ ਆਪਾ ਹੀ ਪ੍ਰਮੇਸ਼ਰ ਦਿਸਣ ਲਗ ਜਾਏਗਾ। ਸੋ ਇਸ ਤਰ੍ਹਾਂ ਦੇ ਨਾਲ ਵਾਹਿਗੁਰੂ 'ਤੇ ਭਰੋਸਾ –

*ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥*

*ਅੰਗ – ੬੧੨*

ਨਾਮ ਜਪਣ ਵੇਲੇ ਪਤਾ ਹੋਵੇ ਕਿ ਮੈਨੂੰ ਤਾਂ ਉਹ ਜਾਣਦਾ ਹੈ। ਮੈਂ ਕੋਸ਼ਿਸ਼ ਕਰ ਰਿਹਾ ਹਾਂ ਪੌੜੀ ਦੇ ਡੰਡੇ ਚੜ੍ਹਨ ਦੀ। ਮਨ ਦੀ ਮੌਜੂਦਗੀ (presence of mind) ਚਾਹੀਦੀ ਹੈ ਨਾਮ ਜਪਣ ਲਈ। ਇਸ ਤੋਂ ਬਾਅਦ ਕਹਿਣ ਲੱਗੇ ਮਹਾਰਾਜ, ਭਾਈ ਮੰਝ! ਇਸ ਤੋਂ ਬਾਅਦ ਆਉਂਦਾ ਹੈ ਕਿ ਅਭਿਮਾਨ ਛੱਡਣਾ ਚਾਹੀਦਾ ਹੈ। ਜਦੋਂ ਤਕ ਆਦਮੀ ਦੇ ਅੰਦਰ ਅਭਿਮਾਨ ਦਾ ਪਰਦਾ ਹੈ, ਇਹ ਰੂਹਾਨੀ ਰਸਤੇ 'ਤੇ ਚੱਲ ਹੀ ਨਹੀਂ ਸਕਦਾ। ਛੇ ਕਿਸਮ ਦੇ ਅਭਿਮਾਨ ਹੁੰਦੇ ਨੇ। ਪਹਿਲਾਂ ਅਭਿਮਾਨ ਹੋਇਆ ਕਰਦੈ ਕਿਸੇ ਕੋਲ ਪੈਸਾ ਜ਼ਿਆਦਾ ਹੋਵੇ। ਜਿਹੜੇ ਦੋ ਕਮਰਿਆਂ ਵਾਲੇ ਘਰ 'ਚ ਰਹਿੰਦੇ ਨੇ ਕਨਾਲ ਦੀ ਕੋਠੀ ਵਾਲਾ ਸਮਝਦਾ ਹੀ ਨਹੀਂ ਉਹਨਾਂ ਨੂੰ ਕੁਛ। ਜੇ ਉਹਦੇ ਘਰ ਵੀ ਚਲੇ ਜਾਣ ਤਾਂ ਬੈਠਣ ਨੂੰ ਵੀ ਨਹੀਂ ਕਹਿੰਦਾ। ਕਹੇਗਾ ਬਾਹਰ ਹੀ ਮਿਲ ਲੈਂਦੇ ਹਾਂ ਕਿਉਂਕਿ ਥੋੜ੍ਹਾ ਜਿਹਾ ਪੈਸਾ ਜ਼ਿਆਦਾ ਹੈ। ਜਿਹਦੇ ਕੋਲ ਹੋਰ ਜ਼ਿਆਦਾ

ਹੈ, ਉਹ ਗੱਲ ਹੀ ਨਹੀਂ ਕਰਦਾ। ਉਹਦੇ ਦਰਵਾਜ਼ੇ 'ਤੇ ਹੱਥ ਬੰਨ੍ਹ ਕੇ ਖੜ੍ਹੇ ਰਹੋ। ਦੂਸ਼ਿਤ ਹੋ ਗਿਆ ਮਨ। ਦੂਸਰਾ ਹੋਇਆ ਕਰਦਾ ਹੈ ਪੜ੍ਹਿਆ ਹੋਇਆ ਬੰਦਾ, ਪੀਐਚ. ਡੀ ਕਰ ਲਈ, ਜਾਂ ਹੋਰ ਕੁਛ ਸਪੈਸ਼ਲ ਕਰ ਲਿਆ। ਉਹ ਗਿਣਦਾ ਹੀ ਨਹੀਂ ਕਿਸੇ ਨੂੰ। ਮਹਾਰਾਜ ਕਹਿੰਦੇ, ਮੂਰਖ ਹੈ ਮੂਰਖ -

*ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥*

*ਅੰਗ - ੧੪੦*

ਅਭਿਮਾਨ ਕਰਦਾ ਹੈ ਇਹ ਮੂਰਖ ਬੰਦਾ ਹੈ। ਵਿਦਿਆ ਤਾਂ ਗਿਆਨ ਪੈਦਾ ਕਰਦੀ ਹੈ ਨਾ ਕਿ ਮੂਰਖਤਾ ਪੈਦਾ ਕਰਦੀ ਹੈ। ਤਰਕ ਕਰਦੈ, ਦੂਸਰੇ ਦੇ ਉਤੇ ਕਿੰਤੂ ਕਰਦੈ। ਆਪਣੇ ਆਪ ਦੇ ਵਿਚ ਰਹਿੰਦਾ ਹੈ, ਜੋ ਕੁਛ ਮੈਂ ਜਾਣ ਲਿਆ। ਉਹ ਸਭ ਕੁਝ ਜਾਣ ਲਿਆ। ਮਹਾਰਾਜ ਕਹਿੰਦੇ, ਸਾਰਿਆਂ ਨਾਲੋਂ ਵੱਡਾ ਅਣਜਾਣ ਦੁਨੀਆਂ 'ਚ ਉਹ ਹੈ -

*ਸੋਈ ਅਜਾਣੁ ਕਹੈ ਮੈ ਜਾਨਾ....।* *ਅੰਗ - ੩੯੧*

ਜਿਹੜਾ ਕਹੇ ਕਿ ਮੈਂ ਜਾਣ ਲਿਆ, ਮੈਂ ਐਨੀਆਂ ਕਿਤਾਬਾਂ ਪੜ੍ਹ ਲਈਆਂ, ਮੈਨੂੰ ਸਮਝ ਵਿਚ ਆ ਗਈ। ਕਹਿੰਦੇ, ਉਹਦੇ ਵਰਗਾ ਦੁਨੀਆਂ 'ਤੇ ਅਣਜਾਣ ਕੋਈ ਨਹੀਂ। ਉਹ ਬੰਦਾ ਬਿਲਕੁਲ ਖਾਲੀ ਹੈ। ਸੋ ਵਿਦਿਆ ਦਾ ਉਹ ਅਭਿਮਾਨ ਕਰਦਾ ਹੈ। ਰਾਜਸੀ ਸ਼ਕਤੀ ਆ ਗਈ। ਚਾਹੇ ਨਿੱਕਾ ਜਿਹਾ ਚਪੜਾਸੀ ਹੀ ਹੈ। ਉਹਦੇ ਅਖਤਿਆਰ ਹੋਵੇ ਕਿ ਅੰਦਰ ਜਾਣ ਨਹੀਂ ਦੇਣਾ। ਉਥੋਂ ਹੀ ਰਾਜਸੀ ਸ਼ਕਤੀ ਸ਼ੁਰੂ ਹੋ ਜਾਂਦੀ ਹੈ। ਉਥੋਂ ਸ਼ੁਰੂ ਹੋ ਕੇ ਵੱਡੇ ਤੋਂ ਵੱਡੇ ਤਕ ਜਾਂਦੀ ਹੈ। ਆਦਮੀ ਨੂੰ ਦੂਸ਼ਿਤ ਕਰ ਦਿੰਦੀ ਹੈ, ਬੰਦਾ, ਬੰਦਾ ਨਹੀਂ ਰਹਿੰਦਾ, ਕੁਛ ਹੋਰ ਹੀ ਬਣ ਜਾਂਦਾ ਹੈ। ਜੋਬਨ ਹੋਵੇ, ਜਵਾਨ ਹੋਵੇ, ਤਾਕਤ ਹੋਵੇ, ਜਾਤ ਅੱਛੀ ਹੋਵੇ -

*ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥*
*ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥*

*ਅੰਗ - ੧੨੮੮*

ਕਹਿੰਦੇ, ਇਹ ਠੱਗ ਨੇ ਜਿਨ੍ਹਾਂ ਦੇ ਅੰਦਰ ਇਸ ਦਾ ਵਾਸਾ ਹੈ, ਉਹਨਾਂ ਦੇ ਉਤੇ ਰੂਹਾਨੀ ਉਪਦੇਸ਼ਾਂ ਦਾ ਕੋਈ ਅਸਰ ਨਹੀਂ ਹੋਇਆ ਕਰਦਾ। ਕਿੱਡਾ ਹੀ ਵੱਡਾ ਮਹਾਤਮਾ ਕਿਉਂ ਨਾ ਆ ਜਾਏ-

*ਕਬੀਰ ਸਾਚਾ ਸਤਿਗੁਰੁ ਕਿਆ ਕਰੈ*
*ਜਉ ਸਿਖਾ ਮਹਿ ਚੂਕ ॥*
*ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥*

*ਅੰਗ - ੧੩੭੨*

ਨਹੀਂ ਸਮਝਦਾ, ਕਿਉਂਕਿ ਅੰਦਰ ਅਭਿਮਾਨ ਉਹਨੂੰ ਸਮਝਣ ਨਹੀਂ ਦਿੰਦਾ ਤੇ ਉਹ ਖਾਲੀ ਜਾਂਦੈ-

*ਧਾਰਨਾ - ਗਰਬ ਜਿਨ੍ਹਾਂ ਵਡਿਆਈਆਂ,*
*ਖਾਲੀ ਦੁਨੀਆਂ ਉਤੋਂ ਜਾਣਗੇ।*

*ਫਰੀਦਾ ਗਰਬੁ ਜਿਨ੍ਾ ਵਡਿਆਈਆ*
*ਧਨਿ ਜੋਬਨਿ ਆਗਾਹ ॥*
*ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥*

*ਅੰਗ - ੧੩੮੩*

*ਧਨਵੰਤਾ ਹੋਇ ਕਰਿ ਗਰਬਾਵੈ ॥*
*ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ ॥*
*ਬਹੁ ਲਸਕਰ ਮਾਨੁਖ ਊਪਰਿ ਕਰੇ ਆਸ ॥*
*ਪਲ ਭੀਤਰਿ ਤਾ ਕਾ ਹੋਇ ਬਿਨਾਸ ॥* *ਅੰਗ - ੨੭੮*
*ਜਬ ਇਹੁ ਮਨ ਮਹਿ ਕਰਤ ਗੁਮਾਨਾ ॥*
*ਤਬ ਇਹੁ ਬਾਵਰੁ ਫਿਰਤ ਬਿਗਾਨਾ ॥*
*ਜਬ ਇਹੁ ਹੂਆ ਸਗਲ ਕੀ ਰੀਨਾ ॥*
*ਤਾ ਤੇ ਰਮਈਆ ਘਟਿ ਘਟਿ ਚੀਨਾ ॥* *ਅੰਗ - ੨੩੫*

*'ਚਲਦਾ..........।'*

***(ਵੀਡੀਓ ਫਿਲਮ ਦੀਵਾਨ ਨੰ: 120 ਦੀ ਬਾਕੀ)***

## ਪਾਠਕ ਜਨਾਂ ਲਈ ਜ਼ਰੂਰੀ ਜਾਣਕਾਰੀ

**'ਆਤਮ ਮਾਰਗ' ਦੀ ਲੇਖਨ ਸਮੱਗਰੀ 'ਚ ਹੋਰ ਵਾਧਾ**

ਇਤਿਹਾਸ, ਗੁਰਮਤਿ ਸਿਧਾਂਤਾਂ, ਸਰਲ ਸ਼ੈਲੀ ਅਤੇ ਸਾਖੀ/ਪ੍ਰਮਾਣਾਂ ਅਤੇ ਅਨੁਭਵੀ ਪ੍ਰਵਚਨਾਂ ਨਾਲ ਭਰਪੂਰ, ਟਰੱਸਟ ਦੇ ਮੌਜੂਦਾ ਮੁਖੀ, ਸੰਤ ਬਾਬਾ ਲਖਬੀਰ ਸਿੰਘ ਜੀ ਵਲੋਂ ਸਮੇਂ-ਸਮੇਂ, ਸੰਗਤਾਂ ਨਾਲ ਸਾਂਝੇ ਕੀਤੇ ਪ੍ਰਵਚਨ ਲੇਖਾਂ ਦੇ ਰੂਪ ਵਿਚ ਪਾਠਕ ਜਨਾਂ ਅਤੇ ਸਮੂੰਹ ਸੰਗਤਾਂ ਲਈ, ਆਤਮ ਮਾਰਗ ਦੇ ਅਗਸਤ ਅੰਕ ਤੋਂ ਸ਼ੁਰੂ ਹੋ ਚੁਕੇ ਹਨ। ਇਨ੍ਹਾਂ ਲੇਖਾਂ ਦੀ ਲੜੀ ਦਾ ਪਹਿਲਾ ਲੇਖ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ (ਬੀਜੀ) (ਜੀਵਨ ਸਾਥੀ ਪਿਆਰੇ ਮਹਾਂਪੁਰਸ਼ ਸੰਤ ਵਰਿਆਮ ਸਿੰਘ ਜੀ) ਦੀਆਂ ਘਾਲਣਾ ਕਮਾਈਆਂ ਬਾਰੇ ਸ਼ੁਰੂ ਹੋ ਚੁੱਕਾ ਹੈ।ਸਤੰਬਰ ਮਹੀਨੇ ਵਿਚ ਇਸੇ ਲੇਖ ਦੀ ਲਗਾਤਾਰਤਾ ਜਾਰੀ ਹੈ। ਅਕਤੂਬਰ ਅਤੇ ਨਵੰਬਰ ਵਿਚ ਪਿਆਰੇ ਮਹਾਂਪੁਰਸ਼ਾਂ ਦੀਆਂ ਘਾਲਣਾ ਕਮਾਈਆਂ ਅਤੇ ਦਸੰਬਰ ਦੇ ਅੰਕ ਵਿਚ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਬਾਰੇ ਦਿਤਾ ਜਾਵੇਗਾ। ਆਸ ਹੈ ਕਿ ਪਾਠਕ ਜਨ ਪੜ੍ਹ ਕੇ ਲਾਹੇ ਪ੍ਰਾਪਤ ਕਰਨਗੇ।

# ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ

## ਤਿਨ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥

### (ਅੰਮ੍ਰਿਤ ਵੇਲੇ ਆਸਾ ਕੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*

*ਬਾਨੀ, ਟਰੱਸਟ ਰਤਵਾੜਾ ਸਾਹਿਬ*

ਦੁਨੀਆਂ ਦੇ ਅੰਦਰ ਹਰ ਬੰਦੇ ਦੇ ਵਿਚ ਇਕ ਭਾਵਨਾ ਛੁਪੀ ਹੋਈ ਹੈ ਕਿ ਮੈਨੂੰ ਸੁੱਖ ਦੀ ਪ੍ਰਾਪਤੀ ਹੋ ਜਾਵੇ ਤੇ ਮੈਨੂੰ ਕਿਸੇ ਵੀ ਵਿਘਨ ਦਾ ਸਾਮ੍ਹਣਾ ਨਾ ਕਰਨਾ ਪਵੇ, ਕੋਈ ਮੇਰੀ ਜ਼ਿੰਦਗੀ ਦੇ ਵਿਚ ਘਾਟਾ ਨਾ ਪਵੇ, ਕੋਈ ਵੀ ਮੇਰੀ ਜ਼ਿੰਦਗੀ ਦੇ ਵਿਚ ਕਿਸੇ ਪਿਆਰੇ ਨਾਲੋਂ ਵਿਛੋੜਾ ਨਾ ਹੋਵੇ। ਇਹ ਚਾਰ ਦੁੱਖ ਵੱਡੇ-ਵੱਡੇ ਸ੍ਰੀ ਗੁਰੂ ਪਾਤਸ਼ਾਹ ਨੇ ਗਿਣੇ ਨੇ -

*ਦੁਖੁ ਵੇਛੋੜਾ ਇਕੁ ਦੁਖੁ ਭੂਖ ॥*
*ਇਕੁ ਦੁਖੁ ਸਕਤਵਾਰ ਜਮਦੂਤ ॥*
*ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥*
*ਵੈਦ ਨ ਭੋਲੇ ਦਾਰੂ ਲਾਇ ॥* *ਅੰਗ - ੧੨੫੬*

ਚਾਰ ਦੁੱਖ ਨੇ - ਇਕ ਤਾਂ ਵਿਛੋੜਾ ਹੋ ਜਾਣਾ ਕਿਸੇ ਦਾ, ਦੂਸਰਾ ਦੁੱਖ ਹੋਇਆ ਕਰਦਾ ਹੈ ਕਿ ਮਨ ਦੇ ਅੰਦਰ ਹਰ ਵਕਤ ਭੁੱਖ ਲੱਗੀ ਰਹਿਣੀ। ਸਰੀਰ ਦੀ ਭੁੱਖ ਅਤੇ ਮਨ ਦੀ ਭੁੱਖ - ਦੋਹਾਂ ਭੁੱਖਾਂ ਨੂੰ ਤਾਂ ਅਸੀਂ ਜਾਣਦੇ ਹਾਂ ਉਹਨੂੰ ਤਾਂ ਭੁੱਖ ਹੀ ਕਹਿਨੇ ਹਾਂ। ਮੈਨੂੰ ਭੁੱਖ ਲੱਗੀ ਹੋਈ ਹੈ ਮੈਨੂੰ ਕੁਛ ਖਾਣ ਨੂੰ ਮਿਲਣਾ ਚਾਹੀਦਾ ਹੈ। ਜੋ ਮਨ ਦੀ ਭੁੱਖ ਹੈ ਇਹ ਵੀ ਇਕ ਭੁੱਖ ਹੈ ਸਰੀਰ ਦੀ ਭੁੱਖ ਕੁਛ ਖਾਧੇ 'ਤੇ ਦੂਰ ਹੋ ਜਾਂਦੀ ਹੈ - ਥੋੜ੍ਹੀ ਦੇਰ ਵਾਸਤੇ, ਲੇਕਿਨ ਮਨ ਦੀ ਭੁੱਖ ਨਹੀਂ ਦੂਰ ਹੁੰਦੀ, ਕਿਸੇ ਦੀ ਨਹੀਂ ਹੋਈ ਅੱਜ ਤਕ। ਵੱਡੇ-ਵੱਡੇ ਸੰਸਾਰ ਤੇ ਆਏ, ਵੱਡੇ-ਵੱਡੇ ਉਨ੍ਹਾਂ ਨੇ ਉਪਰਾਲੇ ਕੀਤੇ ਹਨ ਕਿ ਮਨ ਦੀ ਭੁੱਖ ਦੂਰ ਹੋ ਜਾਵੇ -

*ਵਡੇ ਵਡੇ ਰਾਜਨ ਅਰੁ ਭੂਮਨ ਤਾ ਕੀ ਤ੍ਰਿਸਨ ਨ ਬੂਝੀ ॥*
*ਲਪਟਿ ਰਹੇ ਮਾਇਆ ਰੰਗ ਮਾਤੇ ਲੋਚਨ ਕਛੂ ਨ ਸੂਝੀ ॥*
*ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ ॥*
*ਜਿਉ ਪਾਵਕੁ ਈਧਨਿ ਨਹੀ ਧ੍ਰਾਪੈ*
*ਬਿਨੁ ਹਰਿ ਕਹਾ ਅਘਾਈ ॥* *ਅੰਗ - ੬੭੨*

ਦੂਸਰਾ ਮਹਾਰਾਜ ਕਹਿੰਦੇ ਨੇ ਕਿ ਵੱਡਾ ਰੋਗ ਹੈ ਕੋਹੜ ਦਾ। ਕੋਹੜ ਲੱਗਿਆ ਹੋਇਆ ਹੈ ਮਨੁੱਖ ਦੇ ਮਨ ਨੂੰ -

*ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥*
*ਅੰਗ - ੯੧੯*

ਮਰਣ ਨੂੰ ਭੁਲਾ ਦਿੰਦਾ ਹੈ। ਮਰਨਾ ਹੈ ਸਚਾਈ ਸਭ ਨੇ ਜਾਣਾ ਹੈ। ਕੋਈ ਬੰਦਾ ਐਸਾ ਸੰਸਾਰ ਤੇ ਅੱਜ ਤਕ ਨਹੀਂ ਆਇਆ, ਚਾਹੇ ਕਿੰਨੀਆਂ ਹੀ ਸ਼ਕਤੀਆਂ ਵਾਲਾ ਹੈ, ਉਹਨੂੰ ਵੀ ਜਾਣਾ ਹੀ ਪੈਂਦਾ ਹੈ। ਕਿੰਨੀ ਹੀ ਉਹ ਉਮਰ ਭੋਗ ਲਏ।

ਜਿਸ ਵਕਤ ਦਰਬਾਰ ਸਾਹਿਬ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਸੇਵਾ ਕਰਾ ਰਹੇ ਸੀ ਸੰਗਤਾਂ ਤੋਂ, ਤਾਂ ਉਸ ਵੇਲੇ ਇਕ ਪ੍ਰੇਮੀ ਆਇਆ - ਗੁਰੂ ਮਹਾਰਾਜ ਦੇ ਕੋਲ। ਉਹਦੇ ਕੋਲ ਮੋਹਰਾਂ ਦੀ ਭਰੀ ਹੋਈ ਖੱਚਰ ਸੀ - ਸੋਨੇ ਦੀ। ਬੇਨਤੀ ਕੀਤੀ ਕਿ ਮਹਾਰਾਜ! ਆਹ ਪੈਸੇ ਆਪ ਕਿਤੇ ਲਾ ਦਿਓ। ਮੇਰੇ ਬੱਚਾ ਨਹੀਂ ਹੈ ਕੋਈ, ਯਾਦਗਾਰ ਆਦਮੀ ਦੀ ਸੰਸਾਰ ਤੇ ਰਹਿਣੀ ਚਾਹੀਦੀ ਹੈ। ਦੋ ਤਿੰਨ ਚੀਜ਼ਾਂ ਦੇ ਨਾਲ ਅਸੀਂ ਯਾਦਗਾਰ ਬਣਾਉਂਦੇ ਹਾਂ। ਇਕ ਤਾਂ ਯਾਦਗਾਰ ਹੋਇਆ ਕਰਦੀ ਹੈ ਕਿ ਆਦਮੀ ਦਾ ਜੋ ਵੰਸ਼ ਹੈ ਉਹ ਅੱਗੇ ਵਧਦਾ ਜਾਵੇ, ਲਾਇਕ ਬੱਚੇ ਅੱਗੇ-ਅੱਗੇ ਹੁੰਦੇ ਜਾਣ, ਫੇਰ ਉਹਦੇ ਮਾਂ ਬਾਪ ਦੀ ਵੀ ਸੋਭਾ ਹੋਇਆ ਕਰਦੀ ਹੈ। ਉਸ ਖਾਨਦਾਨ ਦੀ ਸੋਭਾ ਹੋਇਆ ਕਰਦੀ ਹੈ ਉਹਦੀ ਯਾਦ ਬੜੀ ਦੇਰ ਤੱਕ ਰਹਿੰਦੀ ਹੈ। ਵੀਹ-ਵੀਹ, ਤੀਹ-ਤੀਹ ਪੁਸ਼ਤਾਂ ਤਾਂਈਂ ਸਿਆਣੇ ਬੰਦੇ ਆਪਣੇ ਬਜ਼ੁਰਗਾਂ ਨੂੰ ਜਾਣਦੇ ਨੇ ਤੇ ਉਨ੍ਹਾਂ ਦੀ ਯਾਦ ਨੂੰ ਕਾਇਮ ਰੱਖਣ ਵਾਸਤੇ ਯਾਦਗਾਰਾਂ ਮਨਾਉਂਦੇ ਹਨ। ਵੰਸ਼ ਅਗਾਂਹ ਵਧਣਾ ਚਾਹੀਦਾ ਹੈ। ਐਸਾ ਵੀ ਖਿਆਲ ਹੈ ਸੰਸਾਰ ਦੇ ਅੰਦਰ। ਦੂਸਰਾ ਕੋਈ ਐਸੇ ਕੰਮ ਕਰ ਦੇਵਾਂ - ਨੇਕ ਕੰਮ, ਜਿਹਦੇ ਨਾਲ ਸੰਸਾਰ 'ਚ ਮੇਰੀ ਯਾਦ ਬਣ ਜਾਵੇ। ਤੀਸਰੇ ਹੋਇਆ ਕਰਦੇ ਨੇ ਕੋਈ ਯਾਦਗਾਰ ਬਣਾ ਜਾਣੀ, ਸੰਸਾਰ ਦੇ ਅੰਦਰ। ਕੋਈ ਸਕੂਲ, ਕੋਈ ਕਾਲਜ, ਕੋਈ ਹਸਪਤਾਲ, ਕੋਈ ਜਨਤਾ ਦੀ ਸੇਵਾ ਵਾਸਤੇ ਚੀਜ਼ ਬਣਾ ਦੇਣੀ, ਉਹਦੇ ਨਾਲ ਵੀ ਯਾਦ ਕਾਇਮ

ਰਿਹਾ ਕਰਦੀ ਹੈ। ਸੋ ਇਹਦੇ ਮਨ ਵਿਚ ਇਹ ਸੀ ਕਿ ਮੇਰੀ ਯਾਦ ਰਹੇ, ਪਾਤਸ਼ਾਹ ਮੈਨੂੰ ਪੁੱਤਰ ਦੀ ਦਾਤ ਦਿਓ। ਮਹਾਰਾਜ ਨੇ ਕਿਹਾ, ਪੁੱਤਰ ਤਾਂ ਨਾਸ਼ਵਾਨ ਚੀਜ਼ ਹੁੰਦੀ ਹੈ, ਪੁੱਤਰ ਬਥੇਰੇ ਆਏ ਨੇ, ਕੋਈ ਆਪਣੇ ਪੜਦਾਦੇ ਦਾ ਪੜਦਾਦੀ ਦਾ ਨਾਉਂ ਕੀ ਸੀ, ਉਹ ਕਿਹੜੇ ਪਿੰਡ ਦੀ ਸੀ, ਕਿਥੋਂ ਆਈ ਸੀ, ਬਿਲਕੁਲ ਨਹੀਂ ਕਿਸੇ ਨੂੰ ਪਤਾ, ਆਪੇ ਵਿਚਾਰ ਕਰੀ ਜਾਓ। ਉਹਦੇ ਨਾਲ ਨਾਉਂ ਨਹੀਂ ਹੋਇਆ ਕਰਦਾ। ਥੋੜ੍ਹਾ ਜਿਹਾ ਹੁੰਦਾ ਹੈ ਜੇ ਕਿਤੇ ਵਿਆਹ ਸ਼ਾਦੀ ਹੋਵੇ, ਓਦਣ ਕੋਈ ਦਸ ਦੇਵੇ ਕਿ ਫਲਾਣੇ ਖਾਨਦਾਨ 'ਚੋਂ ਹੈ, ਫਲਾਣੀ ਕੁਲ ਹੈ, ਉਹ ਵੀ ਓਪਰੀ-ਓਪਰੀ ਯਾਦ ਰਹਿੰਦੀ ਹੈ। ਦੂਸਰੀ ਯਾਦ ਹੋਇਆ ਕਰਦੀ ਹੈ ਕਿ ਕੋਈ ਚੀਜ਼ ਬਣਾ ਦਿਤੀ, ਬੜੀ ਦੇਰ ਤੱਕ ਉਹ ਰਹਿੰਦੀ ਹੈ। ਫੇਰ ਕਹਿੰਦੇ ਨੇ ਕਿ ਭੀਮ ਦਾ ਸਰੋਵਰ ਹੈ, ਉਹ ਜਿੰਨੀ ਦੇਰ ਤੱਕ ਕਾਇਮ ਹੈ ਓਨੇ ਚਿਰ ਤੱਕ ਉਹਦਾ ਨਾਮ ਚਲਦਾ ਰਹੇਗਾ। ਤਾਜਮਹੱਲ ਹੈ, ਪਤਾ ਹੈ ਕਿ ਇਹ ਬੇਗਮ ਮੁਮਤਾਜ ਦੀ ਯਾਦ ਵਿਚ ਸ਼ਾਹਜਹਾਂ ਨੇ ਬਣਾਇਆ ਸੀ। ਜਿੰਨੀ ਦੇਰ ਤੱਕ ਇਹ ਬਿਲਡਿੰਗ ਰਹਿਣੀ ਹੈ ਉਹਦੀ ਯਾਦ ਬਣੀ ਰਹੇਗੀ। ਸਿਆਣੇ ਬੰਦੇ ਹੋਰ ਇਕ ਕਦਮ ਅੱਗੇ ਜਾ ਕੇ ਇਹ ਵੀ ਜਾਨਣ ਦਾ ਜਤਨ ਕਰਦੇ ਨੇ ਕਿ ਉਹ ਕੌਣ ਸੀ, ਲੇਕਿਨ ਜੋ ਸਾਰਿਆਂ ਨਾਲੋਂ ਜ਼ਿਆਦਾ ਯਾਦ ਰਹਿੰਦੀ ਹੈ, ਉਹ ਹੁੰਦੀ ਹੈ, ਬੰਦਗੀ ਕਰਨ ਵਾਲਿਆਂ ਦੀ।

ਇਕ ਵਾਰੀ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਬੈਠੇ ਨੇ ਤੇ ਸੰਗਤਾਂ ਨੇ ਕਿਹਾ ਕਿ ਮਹਾਰਾਜ ਕਿਹੜੀ ਚੀਜ਼ ਨਾਲ ਯਾਦ ਜ਼ਿਆਦਾ ਰਹਿੰਦੀ ਹੈ। ਮਹਾਰਾਜ ਕਹਿੰਦੇ, ਯਾਦ ਤਾਂ ਭਾਈ! ਬੰਦਗੀ ਵਾਲਿਆਂ ਦੀ ਹੁੰਦੀ ਹੈ, ਦੂਸਰਿਆਂ ਦੀ ਤਾਂ ਆਉਂਦੀ ਨਹੀਂ। ਸੰਸਾਰ ਤੇ ਜਾਂ ਸਾਧੂ ਰਹਿੰਦਾ ਹੈ ਜਾਂ ਗੋਬਿੰਦ ਰਹਿੰਦਾ ਹੈ। ਕਹਿੰਦੇ, ਕਿੰਨੀ ਦੇਰ ਹੋ ਗਈ ਤੇ ਫੇਰ ਸਾਸ਼ਤਰਾਂ ਦੇ ਹਿਸਾਬ ਨਾਲ ਅਸੀਂ ਗਿਣੀ ਹੈ ਦੋ ਬਾਲਮੀਕ ਹੋਏ ਨੇ, ਇਕ ਤ੍ਰੇਤੇ 'ਚ ਹੋਇਆ, ਇਕ ਦੁਆਪਰ 'ਚ ਹੋਇਆ ਹੈ। ਤ੍ਰੇਤੇ ਵਾਲਾ ਬਾਲਮੀਕ ਜਿਹੜਾ ਸੀ, ਸੀਗਾ ਤਾਂ ਉਹ ਚੰਗੀ ਕੁਲ ਦਾ ਪਰ ਦੂਜਾ ਬਾਲਮੀਕ ਚੰਡਾਲ ਜਾਤੀ ਦਾ ਸੀ, ਬੰਦੇ ਮਾਰਨੇ ਅਤੇ ਲੁੱਟ ਲੈਣ ਦਾ ਕੰਮ ਕਰਦਾ ਸੀ –

*ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਬਟਵਾੜਾ।*
*ਪੂਰਾ ਸਤਿਗੁਰੁ ਭੇਟਿਆ ਮਨ ਵਿਚਿ ਹੋਆ ਖਿੰਜੋ ਤਾੜਾ।*
*ਮਾਰਨ ਨੋ ਲੋਚੈ ਘਣਾ ਕਢਿ ਨ ਹੰਘੈ ਹਥੁ ਉਘਾੜਾ।*
*ਸਤਿਗੁਰ ਮਨੂਆ ਰਾਖਿਆ ਹੋਇ ਨ ਆਵੈ ਉਛੋਹਾੜਾ।*
*ਅਉਗੁਣ ਸਭ ਪਰਗਾਸਿਅਨੁ ਰੋਜਗਾਰੁ ਹੈ ਏਹੁ ਅਸਾੜਾ।*
*ਘਰਿ ਵਿਚਿ ਪੁਛਣ ਘਲਿਆ ਅੰਤਕਾਲ ਹੈ ਕੋਇ ਅਸਾੜਾ।*
*ਕੋੜਮੜਾ ਚਉਖੰਨੀਐ ਕੋਇ ਨ ਬੇਲੀ ਕਰਦੇ ਝਾੜਾ।*
*ਸਚੁ ਦ੍ਰਿੜਾਇ ਉਧਾਰਿਅਨੁ ਟਪਿ ਨਿਕਥਾ ਉਪਰ ਵਾੜਾ।*
*ਗੁਰਮੁਖਿ ਲੰਘੇ ਪਾਪ ਪਹਾੜਾ।* *ਭਾਈ ਗੁਰਦਾਸ ਜੀ*

ਜਦ ਉਹਨੂੰ ਸਾਧੂ ਮਿਲੇ ਤਾਂ ਉਹ ਉਨ੍ਹਾਂ ਨੂੰ ਮਾਰਨ ਲੱਗਿਆ। ਉਹ ਸ਼ਕਤੀ ਵਾਲੇ ਸੀ ਉਸ ਵੇਲੇ ਉਨ੍ਹਾਂ ਨੇ ਸਿੱਧੇ ਰਾਹ ਪਾ ਦਿਤਾ। 14 ਸਾਲ ਨਾਮ ਜਪ ਕੇ ਅਨੁਭਵ ਖੁੱਲ੍ਹ ਗਿਆ ਤੇ ਅੱਜ ਸਾਰੇ ਹੀ ਜਾਣਦੇ ਨੇ, ਬਾਲਮੀਕ ਨੂੰ। ਕੌਣ ਹੈ ਜਿਹੜਾ ਬਾਲਮੀਕ ਨੂੰ ਭੁੱਲਿਆ ਹੋਇਆ ਹੈ। ਲੱਖਾਂ ਸਾਲ ਲੰਘ ਗਏ, 8 ਲੱਖ 64 ਹਜ਼ਾਰ ਸਾਲ ਦੁਆਪਰ ਜੁਗ ਦੇ, ਪੰਜ ਹਜ਼ਾਰ ਸਾਲ ਕਲਜੁਗ ਦੇ ਲੰਘ ਗਏ। ਅੱਠ ਲੱਖ 69 ਹਜ਼ਾਰ ਸਾਲ ਤਾਂ ਇਹ ਹੋ ਗਏ, ਇਹਦੇ ਵਿਚ ਬਾਲਮੀਕ ਨਹੀਂ ਭੁੱਲਿਆ ਕਿਸੇ ਨੂੰ। ਵਸ਼ਿਸ਼ਟ, ਜੋ ਤ੍ਰੇਤੇ ਜੁੱਗ ਵਿਚ ਹੋਇਆ ਸੀ, ਹੁਣ ਤਾਂਈ ਯਾਦ ਰਿਹਾ। ਸ੍ਰੀ ਰਾਮ ਚੰਦਰ ਜੀ ਤ੍ਰੇਤੇ ਜੁੱਗ 'ਚ ਹੋਏ ਸੀ ਉਨ੍ਹਾਂ ਨੂੰ ਸਾਰੇ ਹੀ ਜਾਣਦੇ ਨੇ। ਇਸੇ ਤਰ੍ਹਾਂ ਦੇ ਨਾਲ ਹੋਰ ਮਹਾਂਪੁਰਸ਼ ਹੋਏ, ਮਹਾਂਪੁਰਸ਼ਾਂ ਨੂੰ ਸਾਰੇ ਹੀ ਜਾਣਦੇ ਨੇ ਕਿਉਂਕਿ ਬੰਦਗੀ ਕਰਨ ਵਾਲੇ ਸਨ। ਮਹਾਰਾਜ ਕਹਿੰਦੇ ਚਲੋ ਹੁਣ ਦੱਸੋ ਬਹੁਤੀ ਗੱਲ ਨਹੀਂ ਅਸੀਂ ਤੁਹਾਨੂੰ ਪੁਛਦੇ। ਐਂ ਦੱਸੋ ਕਬੀਰ ਸਾਹਿਬ ਵੇਲੇ ਰਾਜਾ ਕਿਹੜਾ ਸੀ? ਸਾਰੀ ਸੰਗਤ ਹੈਰਾਨੀ 'ਚ ਪੈ ਗਈ ਕਿ ਆਹ ਤਾਂ ਸਾਨੂੰ ਪਤਾ ਹੀ ਨਹੀਂ, ਕਬੀਰ ਸਾਹਿਬ ਨੂੰ ਤਾਂ ਜਾਣਦੇ ਹਾਂ ਰਾਜੇ ਨੂੰ ਤਾਂ ਜਾਣਦੇ ਹੀ ਨਹੀਂ। ਮਹਾਰਾਜ ਜੀ ਕਹਿੰਦੇ ਨੇ ਕਿ ਦੇਖੋ ਹਜ਼ਾਰਾਂ ਮੁਰੱਬਾ ਮੀਲਾਂ ਦਾ ਰਾਜਾ, ਜਿਹਨੇ ਕਬੀਰ ਸਾਹਿਬ ਨੂੰ ਪਾਣੀ 'ਚ ਡੋਬਣ ਦਾ ਯਤਨ ਕਰਿਆ, ਪਾਣੀ ਨੇ ਡੋਬਿਆ ਨਹੀਂ, ਅੱਗ ਵਿਚ ਜਾਲਣ ਦਾ ਜਤਨ ਕੀਤਾ, ਅੱਗ ਨੇ ਜਾਲਿਆ ਨਹੀਂ, ਧਰਤੀ ਵਿਚ ਦੱਬ ਦਿਤਾ, ਦੱਬਿਆ ਰਿਹਾ ਹੀ ਨਾ। ਦੱਸੋ, ਉਸ ਸਮੇਂ ਕਿਹੜਾ ਰਾਜਾ ਸੀਗਾ? ਸਾਰੇ ਚੁੱਪ ਕਰਕੇ ਬੈਠੇ ਨੇ। ਮਹਾਰਾਜ ਜੀ ਕਹਿੰਦੇ, ਦੇਖੋ! ਰਾਜੇ ਦੀ ਯਾਦ ਤਾਂ ਰਹੀ ਹੀ ਨਾ। ਇਕ ਗਰੀਬ ਜੁਲਾਹਾ ਜਿਹੜਾ ਕੁੰਬਲ (ਇਕ ਸਾਦਾ, ਨੀਵਾਂ, ਚੌੜਾ ਪੱਥਰ ਜਾਂ ਥਾਂ ਜਿਸ ਉਤੇ ਕੋਈ ਵਿਅਕਤੀ ਬੈਠ ਸਕੇ) 'ਤੇ ਬੈਠ ਕੇ ਕਪੜੇ ਬੁਣਦਾ ਸੀ ਉਹਨੇ ਪ੍ਰਮੇਸ਼ਰ ਦੇ ਨਾਮ ਨਾਲ ਬਿਰਤੀ ਲਾਈ ਤੇ ਬਿਰਤੀ ਲਾਉਣ ਨਾਲ ਨਾਮ ਦੀ ਮਹਿਮਾ ਕਰਕੇ ਸਦਾ ਵਾਸਤੇ ਜੀਉਂਦਾ ਹੈ –

*ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥ ਅੰਗ – ੨੭੩*

ਉਹ ਮਰਿਆ ਨਹੀਂ ਕਰਦਾ। ਸੋ ਉਹਦੀ ਯਾਦ ਹੋਇਆ ਕਰਦੀ ਹੈ। ਏਸੇ ਤਰ੍ਹਾਂ ਦੇ ਨਾਲ ਵੱਡੀਆਂ ਉਮਰਾਂ ਦੇ ਨਾਲ ਵੀ ਕੋਸ਼ਿਸ਼ ਕਰਦਾ ਹੈ ਆਦਮੀ ਕਿ ਮੈਂ ਬੜੀ ਦੇਰ ਤੱਕ ਜਿਉਂਦਾ ਰਹਾਂ। ਇਹ ਜਦੋਂ ਪ੍ਰੇਮੀ ਆਇਆ - ਗੁਰੂ ਦਰਬਾਰ ਵਿਚ, ਇਸ ਨੇ ਆ ਕੇ ਕਿਹਾ ਕਿ ਮਹਾਰਾਜ! ਕ੍ਰਿਪਾ ਕਰੋ ਮੇਰੇ ਤੇ। ਨਿਸ਼ਾਨ ਮੇਰਾ ਰਹੇ ਜਗ 'ਚ। ਮਹਾਰਾਜ ਕਹਿੰਦੇ, ਭਾਈ! ਪੁੱਤਰ ਤਾਂ ਅਨੇਕਾਂ ਦੇ ਹੁੰਦੇ ਨੇ ਪਰ ਉਨ੍ਹਾਂ ਨੂੰ ਕੋਈ ਨਹੀਂ ਜਾਣਦਾ। ਚੰਗਾ, ਤੇਰਾ ਅਸੀਂ ਨਿਸ਼ਾਨ ਕਾਇਮ ਰਖਦੇ ਹਾਂ। ਉਸ ਵੇਲੇ ਸਰੋਵਰ ਦੀ ਖੋਦਾਈ ਸ਼ੁਰੂ ਕਰਾ ਦਿਤੀ ਮਹਾਰਾਜ ਜੀ ਨੇ ਤੇ ਉਸ ਸਰੋਵਰ ਦਾ ਨਾਉਂ ਸੰਤੋਖਸਰ ਰੱਖਿਆ ਕਿਉਂਕਿ ਉਹਦਾ ਨਾਉਂ ਸੰਤੋਖ ਸੀ। ਪੁੱਟਦੇ-ਪੁੱਟਦੇ ਉਸ ਸਰੋਵਰ ਦੇ ਅੰਦਰ ਇਕ ਮੱਠ ਨਿਕਲ ਆਇਆ ਤੇ ਗੁਰਸਿੱਖਾਂ ਨੇ ਆ ਕੇ ਦਸਿਆ ਕਿ ਮਹਾਰਾਜ! ਇਕ ਮੱਠ ਨਿਕਲਿਆ ਹੈ - ਥੱਲਿਓਂ ਜਾ ਕੇ। ਮਹਾਰਾਜ ਕਹਿੰਦੇ, ਦਰਵਾਜ਼ਾ ਹੈ ਕੋਈ? ਕਹਿੰਦੇ ਮਹਾਰਾਜ! ਇਕ ਪਾਸੇ ਦਰਵਾਜ਼ਾ ਹੈ ਪਰ ਉਹ ਵੀ ਚਿਣਿਆ ਹੋਇਆ ਹੈ ਚੰਗੀ ਤਰ੍ਹਾਂ ਦੇ ਨਾਲ। ਕਹਿੰਦੇ ਐਂ ਕਰੋ, ਦਰਵਾਜ਼ਾ ਹੌਲੀ-ਹੌਲੀ ਪੁੱਟ ਲਓ, ਚਿਣਾਈ ਲਾਹ ਦਿਓ। ਜੇ ਅੰਦਰ ਕੋਈ ਹੋਇਆ ਤੇ ਉਹਨੂੰ ਰੂੰ ਵਲ੍ਹੇਟ ਕੇ ਸਾਡੇ ਕੋਲ ਲਿਆਓ। ਹਵਾ ਨਾ ਇਕ ਦਮ ਲਗ ਜਾਵੇ, ਚੰਗੀ ਤਰ੍ਹਾਂ ਰੂੰ ਵਿਚ ਲਪੇਟਿਓ। ਉਹਨੇ ਸਾਡੇ ਨਾਲ ਬਚਨ ਕਰਨੇ ਨੇ। ਸੋ ਇਸੇ ਤਰ੍ਹਾਂ ਕੀਤਾ ਗਿਆ। ਉਹਨੂੰ ਲੈ ਆਏ ਰੂੰ ਵਿਚ ਵਲ੍ਹੇਟ ਕੇ, ਤੇ ਮਾਲਸ਼ਾਂ ਸ਼ੁਰੂ ਹੋ ਗਈਆਂ। ਬਦਾਮ ਰੋਗਨ, ਕਸਤੂਰੀ ਆਦਿ ਦਵਾਈਆਂ, ਬੇਅੰਤ ਕਿਸਮ ਦੇ ਤਰੀਕੇ ਮਹਾਰਾਜ ਨੇ ਦੱਸੇ ਕਿ ਇਹਦੇ ਪ੍ਰਾਣ ਜਿਹੜੇ ਨੇ ਨਾ, ਦਸਵੇਂ ਦੁਆਰ 'ਚ ਚੜ੍ਹੇ ਹੋਏ ਨੇ। ਮਾਲਸ਼ਾਂ ਕਰੋ, ਮਾਲਸ਼ਾਂ ਕਰਨ ਦੇ ਨਾਲ ਇਹਦੇ ਪ੍ਰਾਣ ਲਹਿ ਜਾਣਗੇ ਤੇ ਜਦੋਂ ਉਸ ਦੇ ਪ੍ਰਾਣ ਉਤਰੇ ਤੇ ਆਪਣੀ ਜੋ ਉਸ ਵੇਲੇ ਦੀ ਬੋਲੀ ਸੀ ਉਹਦੇ ਵਿਚ ਉਸਨੇ ਪੁਛਿਆ ਕਿ ਹੁਣ ਕੌਣ ਯੁੱਗ ਹੈ? ਕਿਹੜਾ ਯੁੱਗ ਚਲ ਰਿਹਾ ਹੈ? ਉਸ ਵੇਲੇ ਬਾਬਾ ਬੁੱਢਾ ਜੀ ਨੇ ਦੱਸਿਆ ਕਿ ਹੁਣ ਕਲਜੁਗ ਚਲ ਰਿਹਾ ਹੈ। ਕਹਿੰਦੇ, ਦੁਆਪਰ ਲੰਘ ਗਿਆ? ਕਹਿੰਦੇ, ਹਾਂ ਜੀ, ਦੁਆਪਰ ਪੂਰਾ ਲੰਘ ਚੁਕਿਆ ਹੈ। ਉਸ ਨੂੰ ਕਿਹਾ ਕਿ ਤੁਸੀਂ ਕੌਣ ਓਂ? ਕਹਿਣ ਲੱਗੇ, ਜਿਸ ਵਕਤ ਸ੍ਰੀ ਰਾਮ ਚੰਦਰ ਜੀ ਦਾ ਯੁੱਧ ਹੋਇਆ ਐਥੇ ਲਵ ਤੇ ਕੁਸ਼ ਨਾਲ, ਮੈਂ ਇਹ ਯੁੱਧ ਦੇਖਿਆ ਸੀ ਤੇ ਉਸ ਵੇਲੇ ਅੰਮ੍ਰਿਤ ਦਾ ਛਿੜਕਾਉ ਕਰਨ ਲਈ ਕਲਸ਼ ਸਵਰਗ ਲੋਕ ਤੋਂ ਲਿਆਂਦਾ ਸੀ ਤੇ ਫੌਜ ਵੀ ਸਾਰੀ ਜਿਉਂਦੀ ਕਰ ਲਈ ਸੀ। ਸ੍ਰੀ ਰਾਮ ਚੰਦਰ ਜੀ ਤੇ ਭਰਤ, ਲਛਮਣ ਜੀ, ਸ਼ਤਰੂਘਣ ਇਹ ਚਾਰੇ ਹੀ ਮੂਰਛਤ ਹੋਏ ਪਏ ਸੀ ਤੇ ਸੀਤਾ ਜੀ ਨੇ ਇਹ ਸਾਰਾ ਦ੍ਰਿਸ਼ ਦੇਖ ਕੇ ਤਿਆਰੀ ਕਰ ਲਈ ਕਿ ਮੈਂ ਭੀ ਇਨ੍ਹਾਂ ਨਾਲ ਸਤੀ ਹੋ ਜਾਣਾ ਹੈ। ਲਵ ਤੇ ਕੁਸ਼ ਜੀ ਨੇ ਸਵਰਗ ਵਿਚੋਂ ਅੰਮ੍ਰਿਤ ਕਲਸ਼ ਲਿਆਂਦਾ ਅਤੇ ਸਾਰੀ ਫੌਜ ਤੇ ਛਿੜਕ ਦਿਤਾ। ਇਸ ਤਰ੍ਹਾਂ ਸਾਰੀ ਫੌਜ ਜਿਉਂਦੀ ਕਰੀ ਲੇਕਿਨ ਘੜਾ ਬਚ ਗਿਆ, ਵਾਪਸ ਨਹੀਂ ਕਰਿਆ। ਧਰਤੀ ਵਿਚ ਦੱਬ ਦਿਤਾ। ਉਸ ਵੇਲੇ ਪੁੱਛਿਆ ਕਿ ਕਿੰਨੀ ਦੂਰ ਦੱਬ ਦਿਤਾ? ਉਹਦੀ ਗਿਣਤੀ ਦੱਸ ਦਿਤੀ ਕਿ ਐਨੇ ਕਦਮਾਂ ਤੇ ਐਸ ਦਿਸ਼ਾ ਦੇ ਉਤੇ ਤੇ ਫਲਾਣੇ ਥਾਉਂ ਜਾ ਕੇ ਘੜਾ ਦੱਬਿਆ ਹੈ। ਇਹ ਉਹੀ ਥਾਂ ਸੀ ਜਿਥੇ ਗੁਰੂ ਮਹਾਰਾਜ ਨੇ ਅੰਮ੍ਰਿਤਸਰ ਦਾ ਸਰੋਵਰ ਸਥਾਪਨ ਕਰਿਆ ਸੀ। ਸੋ ਉਹ ਬੰਦਾ ਵੀ ਇਹ ਚਾਹੁੰਦਾ ਸੀ ਕਿ ਮੈਨੂੰ ਸੁਖ ਦੀ ਪ੍ਰਾਪਤੀ ਹੋਵੇ ਤੇ ਮੈਂ ਸਮਾਧੀ ਲਾ ਕੇ ਬਹਿ ਜਾਵਾਂ ਲੇਕਿਨ ਅਜੇ ਪੂਰੀ ਤਰ੍ਹਾਂ ਸ਼ਾਂਤ ਨਹੀਂ ਸੀ ਹੋਇਆ। ਮਹਾਰਾਜ ਕੋਲ ਬੇਨਤੀ ਕੀਤੀ ਕਿ ਪਾਤਸ਼ਾਹ! ਮੇਰਾ ਮਨ ਸ਼ਾਂਤ ਨਹੀਂ ਹੋਇਆ, ਕ੍ਰਿਪਾ ਕਰੋ। ਆਪ ਗੁਰੂ ਮਹਾਰਾਜ ਨੇ ਉਸਨੂੰ ਗਿਆਨ ਕਰਾਇਆ। ਗਿਆਨ ਕਰਾਉਣ ਤੋਂ ਬਾਅਦ ਕਹਿਣ ਲੱਗੇ, ਦੇਖ, ਜੇ ਤਾਂ ਤੂੰ ਸੰਸਾਰ ਦਾ ਤਮਾਸ਼ਾ ਦੇਖਣਾ ਚਾਹੁੰਦਾ ਹੈਂ ਤਾਂ ਤੈਨੂੰ ਉਮਰ ਦੇ ਦਿੰਦੇ ਹਾਂ ਹੋਰ। ਨਹੀਂ ਤਾਂ ਆਹ ਜਿਹੜੇ ਸੁਆਸ ਨੇ, ਇਹ ਤੇਰੇ ਅੰਤ ਦੇ ਸੁਆਸ ਨੇ, ਹੁਣ ਤੂੰ ਚਲੇ ਜਾਣਾ ਹੈ। ਕਹਿਣ ਲੱਗਿਆ, ਮਹਾਰਾਜ! ਮੈਂ ਆਪਣੇ ਗੁਰੂ ਤੋਂ ਪੁਛਿਆ ਸੀ ਕਿ ਮੈਨੂੰ ਗਿਆਨ ਕਦੋਂ ਹੋਏਗਾ। ਤਾਂ ਉਨ੍ਹਾਂ ਨੇ ਕਿਹਾ ਸੀ ਕਿ ਤੈਨੂੰ ਗਿਆਨ ਕਲਜੁਗ ਦੇ ਵਿਚ ਸ੍ਰੀ ਗੁਰੂ ਨਾਨਕ ਪਾਤਸ਼ਾਹ ਆਪ ਕਰਨਗੇ। ਉਸ ਵੇਲੇ ਤੇਰੇ ਬਜਰ ਕਪਾਟ ਖੁਲ੍ਹਣਗੇ, ਓਨੀਂ ਦੇਰ ਤਕ ਤੂੰ ਸਮਾਧੀ ਲਾ ਕੇ ਬੈਠਾ ਰਹਿ ਉਹ ਆਪੇ ਹੀ ਕੱਢ ਲੈਣਗੇ ਤੈਨੂੰ - ਜਦ ਸਮਾਂ ਆਏਗਾ।

ਸੋ ਇਸ ਤਰ੍ਹਾਂ ਸੁਖ ਦੇ ਸਾਧਨਾਂ ਵਾਸਤੇ ਸੰਸਾਰ ਬੇਅੰਤ ਜਤਨ ਕਰਦਾ ਹੈ। ਪੈਸਾ ਹੋ ਜਾਵੇ ਲੇਕਿਨ ਸੁੱਖ ਨਹੀਂ ਕਿਸੇ ਨੂੰ ਵੀ ਪ੍ਰਾਪਤ ਹੁੰਦਾ। ਇਕ ਸੁੱਖ ਪ੍ਰਾਪਤ ਹੁੰਦਾ ਹੈ, ਨਾਲ ਦੀ ਨਾਲ ਉਹਦਾ ਦੁਖ ਵੀ ਆ ਜਾਂਦਾ ਹੈ। ਪਰੇਸ਼ਾਨੀ ਆਦਮੀ ਦੇ ਮਨ 'ਚੋਂ ਨਿਕਲਦੀ ਨਹੀਂ ਹੈ। ਸੋ ਦੁੱਖ ਤਾਂ, ਮਹਾਰਾਜ ਕਹਿੰਦੇ, ਤਾਂ ਜਾਂਦੈ ਜੇ ਏਸ ਨੂੰ ਸੁੱਖ ਦੀ ਸੋਝੀ ਪੈ ਜਾਏ ਕਿ ਸੁੱਖ ਹੈ ਕਿਥੇ। ਇਹ ਚਾਰ ਦੁਖ ਨੇ। ਪਹਿਲਾ ਤਾਂ ਦੁੱਖ ਹੈ-ਵਿਛੋੜਾ। ਸਨਬੰਧੀ ਪਿਆਰਾ ਵਿਛੜ ਗਿਆ।

ਦੂਜਾ ਦੁਖ ਹੈ - ਭੁੱਖ। ਮਨ ਦੀ ਭੁੱਖ ਹੈ ਤ੍ਰਿਸ਼ਨਾ। ਤ੍ਰਿਸ਼ਨਾ ਦੀ ਅੱਗ ਦਾ ਭਾਂਬੜ ਮਚ ਰਿਹਾ ਹੈ ਜੋ ਬੁਝਦਾ ਨਹੀਂ ਹੈ -

*ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥ ਅੰਗ - ੨੧੩*

ਕੋਈ ਹੀ ਹੈ ਜਿਹਦੀ ਤ੍ਰਿਸ਼ਨਾ ਬੁਝੀ ਹੈ।

*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥*
*ਪਰੈ ਪਰੈ ਹੀ ਕਉ ਲੁਝੀ ਹੇ ॥ ਅੰਗ - ੨੧੩*

ਕਹਿੰਦੇ ਮਨ 'ਚ ਟਿਕਾਅ ਨਹੀਂ ਆਉਂਦਾ। ਪਹਿਲਾਂ ਤਾਂ ਕਰੋੜ ਰੁਪਈਆ ਹੋ ਜਾਂਦਾ ਹੈ ਇਹਦੇ ਕੋਲ, ਫੇਰ ਕਹਿੰਦਾ ਹੈ ਇਹ ਤਾਂ ਥੋੜ੍ਹਾ ਹੈ ਮੇਰੇ ਕੋਲ ਲੱਖ ਕਰੋੜ, ਸੌ ਖਰਬ ਰੁਪਈਆ ਚਾਹੀਦਾ ਹੈ। ਉਹਦੇ ਵਾਸਤੇ ਫੇਰ ਜਤਨ ਕਰਦਾ ਹੈ। ਮਹਾਰਾਜ ਕਹਿੰਦੇ ਤ੍ਰਿਸ਼ਨਾ ਵਧ ਜਾਂਦੀ ਹੈ। ਤ੍ਰਿਸ਼ਨਾ ਦੀ ਅੱਗ ਵਧਣ ਦੇ ਨਾਲ ਸੁੱਖ ਨਹੀਂ ਪ੍ਰਾਪਤ ਹੋਇਆ ਕਰਦਾ। ਸੋ ਇਹ ਭੁੱਖ ਨਹੀਂ ਉਤਰਦੀ, ਇਹ ਉਲਟਾ ਅਸਰ ਕਰਦੀ ਹੈ ਕਿ ਆਦਮੀ ਨੂੰ ਸੰਸਾਰ ਤੋਂ ਜਾਣਾ ਭੁੱਲ ਜਾਂਦਾ ਹੈ। ਜਿਹਨੂੰ ਜਾਣਾ ਭੁੱਲ ਜਾਵੇ ਉਹਨੇ ਸਭ ਕੁਛ ਗੁਆ ਲਿਆ ਕਿਉਂਕਿ ਆਪਾਂ ਰਹਿਣਾ ਤਾਂ ਹੈ ਨਹੀਂ, ਕਿਸੇ ਹੋਰ ਥਾਂ 'ਤੇ ਜਾਣਾ ਹੈ। ਮਹਾਰਾਜ ਕਹਿੰਦੇ -

*ਕਰਉ ਬੇਨੰਤੀ ਸੁਨਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥*
*ਈਹਾ ਖਾਟਿ ਚਲਹੁ ਹਰਿ ਲਾਹਾ*
*ਆਗੈ ਬਸਨੁ ਸੁਹੇਲਾ॥ ਅੰਗ - ੨੦੪*

ਆਹ ਜਿਹੜਾ ਸਾਡਾ ਦਿਸਦਾ ਸੰਸਾਰ ਹੈ ਇਸ ਤੋਂ ਅੱਗੇ ਸੰਸਾਰ ਬਹੁਤ ਕਿਸਮਾਂ ਦੇ ਹਨ। ਲੱਖਾਂ ਹੀ ਸੰਸਾਰ ਨੇ, ਉਹਦੇ ਵਿਚ ਅਸੀਂ ਜਾਣਾ ਹੈ। ਸਾਡਾ ਸਰੀਰ ਤਾਂ ਐਥੇ ਰਹਿ ਜਾਂਦਾ ਹੈ। ਸਰੀਰ ਦੇ ਅੰਦਰ ਇਕ ਹੋਰ ਸਰੀਰ ਹੈ ਜਿਹਨੂੰ ਸੂਖਸ਼ਮ ਸਰੀਰ ਕਹਿੰਦੇ ਨੇ। ਉਹ ਸਰੀਰ ਵਾਸ਼ਨਾ ਦੇ ਮੁਤਾਬਿਕ ਜਾਂ ਤਾਂ ਜਨਮ ਲੈ ਲੈਂਦਾ ਹੈ ਤੇ ਜਾਂ ਉਪਰਲੇ ਲੋਕਾਂ 'ਚ ਚਲਿਆ ਜਾਂਦਾ ਹੈ। ਜੇ ਤਾਂ ਚੰਗੇ ਕਰਮ ਕਰੇ ਨੇ ਤਾਂ ਚੰਗਿਆਂ 'ਚ ਚਲਿਆ ਜਾਂਦਾ ਹੈ, ਸੁੱਖ ਭੋਗਦਾ ਹੈ। ਜੇ ਮਾੜੇ ਕਰਮ ਕਰੇ ਨੇ, ਫੇਰ ਨਰਕਾਂ 'ਚ ਚਲਿਆ ਜਾਂਦਾ ਹੈ। ਜੇ ਉਹਦੀ ਰੂਹ ਐਥੇ ਰਹਿ ਜਾਵੇ ਤਾਂ ਭੂਤ ਪ੍ਰੇਤ ਬਣ ਕੇ ਐਥੇ ਫਿਰੀ ਜਾਂਦਾ ਹੈ, ਦੁਨੀਆਂ ਨੂੰ ਦੁਖੀ ਕਰਦਾ ਹੈ ਅਤੇ ਆਪ ਹੱਦ ਤੋਂ ਜ਼ਿਆਦਾ ਦੁਖੀ ਹੋਇਆ ਕਰਦਾ ਹੈ। ਮਹਾਰਾਜ ਕਹਿੰਦੇ -

*ਪ੍ਰੇਤ ਪਿੰਜਰ ਮਹਿ ਦੂਖ ਘਨੇਰੇ ॥*
*ਨਰਕਿ ਪਚਹਿ ਅਗਿਆਨ ਅੰਧੇਰੇ ॥ ਅੰਗ - ੧੦੨੯*

ਇਕ ਮਹਾਤਮਾ ਦਸਿਆ ਕਰਦੇ ਨੇ ਕਿ ਕੋਈ ਪ੍ਰੇਮੀ ਸੀ, ਬਹੁਤਾ ਭੁੱਖਾ ਸੀ। ਉਹਨੂੰ ਪਤਾ ਲੱਗਿਆ ਕਿ ਜੇ ਫਲਾਣੇ ਮਹਾਂਪੁਰਸ਼ਾਂ ਦੀ ਸੇਵਾ ਕਰੋ ਤਾਂ ਕੁਛ ਰਿਜ਼ਕ ਆਉਣ ਲਗ ਜਾਂਦਾ ਹੈ। ਕਿਉਂਕਿ ਗੁਰੂ ਮਹਾਰਾਜ ਦਾ ਫੁਰਮਾਨ ਹੈ -

*ਚਾਰਿ ਪਦਾਰਥ ਜੇ ਕੋ ਮਾਗੈ ॥*
*ਸਾਧ ਜਨਾ ਕੀ ਸੇਵਾ ਲਾਗੈ ॥ ਅੰਗ - ੨੬੬*

ਜੇ ਕੋਈ ਕਹਿੰਦਾ ਹੈ ਮੈਨੂੰ ਚਾਰ ਪਦਾਰਥ ਮਿਲ ਜਾਣ, ਚਾਰ ਪਦਾਰਥ ਦੁਨੀਆਂ ਵਿਚ ਸਭ ਤੋਂ ਵੱਡੇ ਕਿਹੜੇ ਨੇ? ਇਕ ਤਾਂ ਧਰਮ ਦਾ ਜੀਵਨ ਬਣ ਜਾਣਾ, ਦੂਸਰਾ ਪੈਸਾ-ਟਕਾ ਐਨਾ ਹੋ ਜਾਣਾ ਕਿ ਕੋਈ ਟੋਟਾ ਨਾ ਰਹਿਣਾ। ਇਕ ਮਨ ਦੀਆਂ ਕਾਮਨਾਵਾਂ ਪੂਰੀਆਂ ਹੋ ਜਾਣੀਆਂ। ਇਕ ਇਹ ਹੈ ਕਿ ਉਹ ਸੰਸਾਰ ਤੋਂ ਜਾਣ ਤੋਂ ਬਾਅਦ ਚੌਰਾਸੀ 'ਚ ਗੇੜੇ ਨਾ ਖਾਵੇ, ਮੁਕਤੀ ਮਿਲ ਜਾਵੇ। ਚਾਰ ਪਦਾਰਥ ਨੇ, ਇਹ ਲੈ ਕੇ ਆਇਆ ਸੀ -

*ਚਾਰਿ ਪਦਾਰਥ ਲੈ ਜਗਿ ਜਨਮਿਆ*
*ਸਿਵ ਸਕਤੀ ਘਰਿ ਵਾਸੁ ਧਰੇ ॥*
*ਲਾਗੀ ਭੂਖ ਮਾਇਆ ਮਗੁ ਜੋਹੈ*
*ਮੁਕਤਿ ਪਦਾਰਥੁ ਮੋਹਿ ਖਰੇ ॥ ਅੰਗ - ੧੦੧੪*

ਇਹ ਸੰਸਾਰ ਤਾਂ ਇਕ ਸੁਪਨਾ ਹੈ। ਜਦੋਂ ਤੀਕਰ ਇਸ ਨੂੰ ਅਸਲੀ ਜਾਗ੍ਰਤ ਅਵਸਥਾ ਦਾ ਭੇਤ ਨਹੀਂ ਲਗਦਾ ਇਸ ਦੇ ਦੁਖਾਂ ਦਾ ਖਾਤਮਾ ਨਹੀਂ ਹੁੰਦਾ। ਤਿੰਨਾਂ ਗੁਣਾਂ ਵਿਚ ਸੁੱਤਾ ਜੀਵ, ਤ੍ਰਿਸ਼ਨਾ ਵਿਚ ਭਟਕਦਾ ਹੈ। ਮਰਨ ਵਰਗੀ ਸਚਾਈ ਨੂੰ ਭੁੱਲ ਕੇ ਜੀਵਨ ਬਰਬਾਦ ਕਰ ਲੈਂਦਾ ਹੈ। ਲੇਕਿਨ ਏਸ ਨੂੰ ਚੋਰਾਂ ਨੇ ਲੁੱਟ ਲਿਆ। ਦੇਹੀ ਦੇ ਅੰਦਰ ਪੰਜ ਚੋਰ ਵਸਦੇ ਨੇ-

*ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ*
*ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥*
*ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ*
*ਕੋਇ ਨ ਸੁਣੈ ਪੂਕਾਰਾ ॥ ਅੰਗ - ੬੦੦*

ਪੰਜ ਚੋਰ ਵਸਦੇ ਨੇ। ਲੈ ਕੇ ਤਾਂ ਆਇਆ ਸੀ ਬਹੁਤ ਕੁਛ, ਜਦੋਂ ਪੈਦਾ ਹੋਇਆ, ਲੇਕਿਨ ਚੋਰਾਂ ਨੇ ਲੁੱਟ ਲਿਆ। ਰਾਖੀ ਨਹੀਂ ਕਰ ਸਕਿਆ, ਉਨ੍ਹਾਂ ਤੋਂ ਬਚ ਨਹੀਂ ਸਕਿਆ। ਸੋ ਇਹ ਚਾਰ ਪਦਾਰਥ ਮਹਾਰਾਜ ਜੀ ਕਹਿੰਦੇ ਨੇ ਜੇ ਤੂੰ ਲੈਣੇ ਨੇ ਨਾ, 'ਚਾਰਿ ਪਦਾਰਥ ਜੇ ਕੋ ਮਾਗੈ॥' ਬੰਦਗੀ ਕਰਨ ਵਾਲਿਆਂ ਦੀ ਸੰਗਤ ਵਿਚ ਚਲਿਆ ਜਾਹ। ਫੇਰ ਤੈਨੂੰ ਚਾਰੇ ਹੀ ਮਿਲ ਜਾਣਗੇ।

*'ਚਲਦਾ.............।'*

# ਸਾਈ ਨਾਮੁ ਅਮੋਲੁ.........॥

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਦੂਰ ਦਰਾਜ਼ ਤੋਂ ਸਤਿਸੰਗ ਵਿਚ ਸ਼ਾਮਿਲ ਹੋਣ ਲਈ ਕਾਰੋਬਾਰ ਛੱਡ ਕੇ ਗੁਰੂ ਮਹਾਰਾਜ ਦੀ ਹਜ਼ੂਰੀ ਦੇ ਵਿਚ, ਸ਼ਸ਼ੋਭਿਤ ਹੋਏ ਹੋ। ਮੈਂ ਵੀ ਆਪ ਜੀ ਦੇ ਦਰਸ਼ਨ ਕਰਨ ਵਾਸਤੇ ਆਇਆ ਹਾਂ।

*ਧਾਰਨਾ - ਲੇਖੇ ਵਿਚ ਲਾ ਲਓ ਜੀ, ਜਨਮ ਤੁਮਾਰੇ ਲੇਖੇ।*

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ ॥*
*ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥ ੧ ॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥*
*ਕਾਰਨ ਕਵਨ ਅਬੋਲ ॥ ਰਹਾਉ ॥*
*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥ ਅੰਗ - ੬੯੪*

ਸਾਧਸੰਗਤ ਜੀ! ਮੇਰਾ ਵੀ, ਤੁਹਾਡਾ ਵੀ, ਹੋਰ ਵੀ ਜਿੰਨੇ ਪ੍ਰੇਮੀ ਨੇ, ਪਸ਼ੂ ਨੇ, ਪੰਛੀ ਨੇ, ਸਮਾਂ ਠਹਿਰਦਾ ਨਹੀਂ, ਲੰਘਦਾ ਜਾਂਦਾ ਹੈ ਤੇ ਨਾਲ-ਨਾਲ ਦੀ ਨਾਲ ਆਪਣੇ ਸਰੀਰ ਦੇ ਦਿਨ ਵੀ ਘਟਦੇ ਜਾਂਦੇ ਨੇ। ਅਸੀਂ ਮਨਾਉਂਦੇ ਹਾਂ ਕਿ ਜਨਮ ਦਿਨ ਹੈ ਜੀ, ਮੇਰਾ। ਖੁਸ਼ ਹੁੰਦੇ ਹਾਂ ਅਸੀਂ, ਪਰ ਇਕ ਸਾਲ ਦੀ ਉਮਰ ਘਟ ਗਈ। ਸੋ ਇਸ ਤਰ੍ਹਾਂ ਹੀ ਸਮਾਂ ਲੰਘ ਜਾਂਦਾ ਹੈ, ਸਾਨੂੰ ਸੋਚਣਾ ਪੈਣਾ ਹੈ ਕਿ ਕਿਸ ਤਰ੍ਹਾਂ ਦੇ ਨਾਲ ਸਾਡਾ ਜੀਵਨ ਸਫਲ ਹੋਵੇ। ਬੜੀਆਂ ਲੰਮੀਆਂ ਚੌੜੀਆਂ ਗੱਲਾਂ ਨੇ ਇਹ, ਦੋ ਤਰ੍ਹਾਂ ਦੇ ਜੀਵਨ ਹੁੰਦੇ ਨੇ। ਇਕ ਤਾਂ ਉਹ ਪ੍ਰੇਮੀ ਹੁੰਦੇ ਨੇ ਜਿਨ੍ਹਾਂ ਦੇ ਮਨ ਵਿਚ ਚਾਉ ਹੁੰਦੈ ਸਤਿਸੰਗ ਕਰਨ ਦਾ, ਨਾਮ ਜਪਣ ਦਾ, ਬਾਣੀ ਪੜ੍ਹਨ ਦਾ, ਪਰਉਪਕਾਰ ਕਰਨ ਦਾ, ਦਾਨ ਕਰਨ ਦਾ, ਸੇਵਾ ਕਰਨ ਦਾ। ਦੂਸਰੇ ਉਹ ਪ੍ਰੇਮੀ ਹੁੰਦੇ ਨੇ ਜਿਹੜੇ ਇਸ ਰਸਤੇ ਆਉਂਦੇ ਹੀ ਨਹੀਂ। ਨਾ ਪ੍ਰਮੇਸ਼ਰ ਨੂੰ ਮੰਨਦੇ ਨੇ, ਨਾ ਕਿਸੇ ਗੁਰੂ-ਪੀਰ ਨੂੰ ਮੰਨਦੇ ਨੇ। ਜਿਹੜੇ ਪ੍ਰਮੇਸ਼ਰ ਵਲ ਨੂੰ ਤੁਰਨ ਵਾਲੇ ਹਨ ਉਹਨਾਂ ਨੂੰ ਗੁਰਮੁਖ ਆਖਿਆ ਜਾਂਦਾ ਹੈ, ਜਿਹੜੇ ਪ੍ਰਮੇਸ਼ਰ ਵਲ ਪਿੱਠ ਕਰਨ ਵਾਲੇ ਨੇ, ਉਹਨਾਂ ਨੂੰ ਮਨਮੁਖ ਆਖਿਆ ਜਾਂਦਾ ਹੈ। ਹੁਣ ਦੋਹਾਂ ਦਾ ਜੀਵਨ ਤਾਂ ਲੰਘ ਰਿਹਾ ਹੈ ਪਰ ਗੁਰਮੁਖ ਦਾ ਲੇਖੇ ਵਿਚ ਲਗ ਰਿਹਾ ਹੈ, ਮਨਮੁਖ ਦਾ ਲੜਾਈਆਂ ਝਗੜੇ -

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥ ਅੰਗ - ੨੬੮*

ਵਿਚ ਲੰਘ ਰਿਹਾ ਹੈ।

ਇਕ ਵਾਰੀ ਸ੍ਰੀ ਗੁਰੂ ਨਾਨਕ ਪਾਤਸ਼ਾਹ ਸੰਸਾਰ ਦਾ ਉਧਾਰ ਕਰਦੇ-ਕਰਦੇ, ਇਕ ਕਬਰਿਸਥਾਨ ਦੇ ਨੇੜੇ ਸੋਹਣਾ ਦਰਖ਼ਤ ਦੇਖ ਕੇ ਬੈਠੇ ਸੀ। ਮਹਾਰਾਜ ਜੀ ਸਮਾਧੀ ਅਸਥਿਤ ਹਨ। ਭਾਈ ਬਾਲਾ ਚੌਰ ਕਰ ਰਹੇ ਸਨ। ਭਾਈ ਮਰਦਾਨਾ ਥੋੜ੍ਹਾ ਏਧਰ ਉਧਰ ਘੁੰਮਣ ਚਲੇ ਗਏ। ਨੇੜੇ ਹੀ ਇਕ ਕਬਰਿਸਤਾਨ ਸੀ, ਉਥੇ ਹਰੇਕ ਦੇ ਸਰ੍ਹਾਣੇ, ਉਹਦੀ ਉਮਰ ਲਿਖ ਕੇ ਪੱਥਰ ਲਾਇਆ ਹੋਇਆ ਸੀ। ਉਹ ਪੜ੍ਹਨ ਲਗ ਗਿਆ। ਉਮਰ ਕਿਸੇ ਦੀ ਵੀ ਵੀ 7-8 ਸਾਲ ਤੋਂ ਵੱਧ ਨਾ ਨਿਕਲੀ। ਮਹਾਰਾਜ ਜੀ ਕੋਲ ਆ ਕੇ ਬੜਾ ਹੈਰਾਨ ਹੋਇਆ ਕਿ ਸੱਚੇ ਪਾਤਸ਼ਾਹ! ਇਸ ਨਗਰ ਦਾ ਕੰਮ ਕਿਵੇਂ ਚਲਦਾ ਹੈ? ਇਹ ਤਾਂ ਕਿਸੇ ਦੀ 7 ਸਾਲ, 10 ਸਾਲ ਤਾਂ ਥੋੜ੍ਹੇ ਜਿੰਨਿਆਂ ਦੀ ਹੈ। ਬਾਕੀ ਤਾਂ ਤਿੰਨ ਸਾਲ, ਚਾਰ ਸਾਲ, ਪੰਜ ਸਾਲ। ਕਹਿੰਦੇ, ਮਰਦਾਨਿਆਂ! ਤੂੰ ਨਾਲੇ ਤਾਂ ਪ੍ਰਸ਼ਾਦ ਪਾਣੀ ਛਕ ਆ, ਨਾਲੇ ਨਗਰ ਵਿਚ ਜਾਹ, ਸਿਆਣੇ ਆਦਮੀਆਂ ਤੋਂ ਪੁੱਛ ਇਸ ਦਾ ਮਤਲਬ। ਮਰਦਾਨਾ ਨਗਰ ਵਲ ਨੂੰ ਚੱਲਿਆ, ਪਹਿਲੇ ਜ਼ਮਾਨਿਆਂ 'ਚ ਐਸੀ ਵਿਉਂਤ ਨਾਲ ਪਿੰਡ ਆਬਾਦ ਕੀਤੇ ਜਾਂਦੇ ਸੀ ਕਿ ਹਰ ਗਲੀ ਦੇ ਅਖੀਰ ਦੇ ਉਤੇ, ਜਿਥੋਂ ਸ਼ੁਰੂ ਹੁੰਦੀ ਉਥੇ ਦਰਵਾਜ਼ਾ ਹੋਇਆ ਕਰਦਾ ਸੀ। ਉਥੇ ਆ ਕੇ ਬਜ਼ੁਰਗ ਬੰਦੇ ਬੈਠ ਕੇ ਚੰਗੇ ਬਚਨ ਕਰਿਆ ਕਰਦੇ ਸੀ, ਸ਼ੁੱਭ ਮੱਤਾਂ

ਦਿਆ ਕਰਦੇ ਸੀ। ਇਹ ਜਦੋਂ ਅੱਗੇ ਗਿਆ ਤਾਂ ਦੇਖਿਆ ਕਿ ਬਜ਼ੁਰਗ ਬੈਠੇ ਨੇ, ਇਹਨੇ ਜਾ ਕੇ 'ਸਤਿ ਕਰਤਾਰ' ਦੀ ਆਵਾਜ਼ ਦਿਤੀ, ਉਹਨਾਂ ਨੇ ਵੀ ਆਪਣੀ ਆਵਾਜ਼ ਦਿਤੀ। ਪਰਦੇਸੀ ਜਾਣ ਕੇ ਆਦਰ ਕਰਿਆ।

ਕੀ ਨਾਮ ਹੈ ਭਾਈ ਤੇਰਾ?

ਕਹਿੰਦਾ, ਮੇਰਾ ਨਾਮ ਮਰਦਾਨਾ ਹੈ। ਮੈਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਢਾਡੀ ਹਾਂ।

ਕਿਸ ਤਰ੍ਹਾਂ ਆਉਣਾ ਹੋਇਆ, ਜਲ ਪਾਣੀ ਦੀ ਸੇਵਾ ਦੱਸੋ?

ਕਹਿਣ ਲੱਗਿਆ, ਉਹ ਤਾਂ, ਮੈਂ ਦੱਸਾਂਗਾ। ਪਰ ਇਕ ਗੱਲ ਦੱਸੋ, ਮੈਨੂੰ ਇਕ ਸੰਸਾ ਵਿਆਪਿਆ ਹੋਇਐ ਹੈ ਕਿ ਜੋ ਤੁਹਾਡਾ ਲਹਿੰਦੇ ਵਲ ਨੂੰ ਕਬਰਸਤਾਨ ਹੈ ਉਹ ਬੱਚਿਆਂ ਦਾ ਹੈ ਕਿ ਸਾਰਿਆਂ ਦਾ ਹੀ ਹੈ?

ਕਹਿੰਦੇ, ਨਾ ਭਾਈ ਮਰਦਾਨਾ! ਉਹ ਤਾਂ ਸਾਰਿਆਂ ਦਾ ਹੀ ਹੈ। ਬੱਚਿਆਂ ਦਾ ਕੋਈ ਅੱਡ ਨਹੀਂ।

ਕਹਿਣ ਲੱਗਿਆ, ਫੇਰ ਮੈਨੂੰ ਇਕ ਗੱਲ ਦੱਸੋ ਹਰੇਕ ਦੇ ਸਿਰ੍ਹਾਣੇ ਜੋ ਉਮਰ ਲਿਖੀ ਹੋਈ ਹੈ, ਉਹ ਐਨੀ ਥੋੜ੍ਹੀ ਹੈ? ਸਾਢੇ ਸੱਤ ਸਾਲ, ਪੰਜ ਸਾਲ?

ਕਹਿੰਦੇ, ਹਾਂ ਮਰਦਾਨਾ ਜੀ! ਅਸੀਂ ਤੁਹਾਨੂੰ ਇਹ ਨਿਰਣਾ ਕਰਕੇ ਦਸਦੇ ਹਾਂ ਕਿ ਸਾਡਾ ਜੋ ਨਗਰ ਹੈ ਇਹ ਪੀਰ ਪ੍ਰਸੱਤਾਂ ਦਾ ਹੈ, ਇਥੇ ਨਿਗੁਰਾ ਕੋਈ ਨਹੀਂ ਹੈ। ਸਾਡੇ 'ਚ ਕੋਈ ਐਸਾ ਨਹੀਂ ਹੈ ਕਿ ਜੋ ਪ੍ਰਮੇਸ਼ਰ ਨੂੰ ਨਾ ਮੰਨਦਾ ਹੋਵੇ। ਸਾਡੇ ਰੀਤ ਇਹ ਹੈ ਕਿ ਜਦੋਂ ਬੱਚਾ ਪੰਜ ਸਾਲ ਦਾ ਹੁੰਦੈ ਉਸ ਵੇਲੇ ਸਾਡੀ ਪੰਚਾਇਤ ਮਾਂ-ਬਾਪ ਨੂੰ ਡਾਇਰੀ ਦੇ ਦਿੰਦੀ ਹੈ ਕਿ ਲਓ ਭਾਈ, ਇਹਨੂੰ ਭਜਨ ਕਰਾਇਓ। ਨਾਮ ਜਪਾਇਓ, ਜਿੰਨੀ ਦੇਰ ਜਪੇ ਉਹ ਡਾਇਰੀ 'ਤੇ ਲਿਖਦੇ ਜਾਇਓ। ਜਦੋਂ 18 ਸਾਲ ਦਾ ਹੋ ਜਾਂਦਾ ਹੈ, ਫੇਰ ਅਸੀਂ ਵਹੀ ਦੇ ਦਿੰਦੇ ਹਾਂ ਕਿ ਆਹ ਵਹੀ 'ਤੇ ਇਹਦਾ ਖਾਤਾ ਖੋਲ੍ਹ ਲਓ। ਉਹ ਫੇਰ ਆਪ ਲਿਖਦਾ ਰਹਿੰਦਾ ਹੈ ਕਿ ਮੈਂ ਅੱਜ ਦੋ ਘੰਟੇ ਭਜਨ ਕਰਿਆ। ਅੱਜ ਇਕ ਘੰਟਾ ਕਰਿਆ, ਅੱਜ ਤਿੰਨ ਘੰਟੇ ਕਰਿਆ। ਸੋ ਭਾਈ ਮਰਦਾਨਾ! ਜਿਸ ਵਕਤ ਕੋਈ ਚੜ੍ਹਾਈ ਕਰ ਜਾਂਦਾ ਹੈ, ਉਦੋਂ ਸਾਡੀ ਪੰਚਾਇਤ ਇਕੱਠੀ ਹੋ ਕੇ, ਜਿਹੜੀ ਪ੍ਰਮੇਸ਼ਰ ਦੇ ਲੇਖੇ 'ਚ ਉਮਰ ਲੱਗੀ ਹੈ ਉਹਨੂੰ ਤਾਂ ਅਸੀਂ ਗਿਣਦੇ ਹਾਂ। ਜਿਹੜੀ ਫਜ਼ੂਲ ਚਲੀ ਗਈ ਉਹਨੂੰ ਨਹੀਂ ਅਸੀਂ ਗਿਣਦੇ -

*ਉਮਰ ਓਹਾ ਵਿਚ ਲੇਖੇ ਦੇ*
*ਜੋ ਯਾਦ ਸਾਂਈ ਵਿਚ ਗੁਜਰੇ,*
*ਪੈਂਦੀ ਮੁਜਰੇ।*
*ਨਹੀਂ ਤਾਂ ਸਾਨੂੰ ਹਾਸਲ ਕੀ ਹੈ*
*ਇਸ ਵਿਚ ਨੀਲੇ ਹੁਜਰੇ*
*ਸੰਝ ਤੇ ਫਜਰੇ।* *ਭਾਈ ਵੀਰ ਸਿੰਘ ਜੀ*

ਜੇ ਆਪਾਂ ਵਿਚਾਰ ਕਰੀਏ, 100 ਸਾਲ ਦੀ ਉਮਰ ਵਾਲੇ ਨੂੰ 88 ਕਰੋੜ 66 ਲੱਖ ਸਵਾਸ ਮਿਲਿਆ ਕਰਦੇ ਨੇ। ਇਕ ਦਿਨ ਦੇ ਅੰਦਰ ਤਕਰੀਬਨ 24000 ਸਵਾਸ ਆਉਂਦੈ। ਕਾਰੋਬਾਰ ਦੇ ਹਿਸਾਬ ਨਾਲ ਇਹ ਘਟ, ਵੱਧ ਵੀ ਜਾਂਦੇ ਨੇ। ਇਹਦੇ ਵਿਚ 75 ਸਾਲ ਦੀ ਉਮਰ ਵਾਲੇ ਨੂੰ 66 ਕਰੋੜ 44 ਲੱਖ ਸਵਾਸ ਮਿਲੇ। ਹੁਣ 75 ਸਾਲ ਦੀ ਉਮਰ ਹੈ, ਪਹਿਲਾਂ ਤਾਂ ਬੱਚੇ ਨੂੰ ਪਤਾ ਹੀ ਨਹੀਂ ਲਗਦਾ, 5 ਸਾਲ ਤਾਂ ਉਹ ਕਟ ਗਏ। ਹੁਣ ਰਹਿ ਗਏ ਸਾਡੇ ਕੋਲ 70, ਉਸ ਤੋਂ ਬਾਅਦ ਬੱਚੇ ਨੂੰ ਨਾਮ ਜਪਣ ਦੀ ਕੋਈ ਸੋਝੀ ਨਹੀਂ ਆਉਂਦੀ। ਕੋਈ ਮਹਾਤਮਾ ਨਹੀਂ ਮਿਲਦਾ, ਕਿਤੇ ਸਤਿਸੰਗ ਨਹੀਂ ਮਿਲਦਾ। ਉਹਦੀ ਉਮਰ ਲੰਘ ਜਾਂਦੀ ਹੈ। 18-20 ਸਾਲ ਦਾ ਹੋ ਕੇ ਭਜਨ ਕਰਨ ਲੱਗਿਆ। ਜੇ ਢਾਈ ਘੰਟੇ ਰੋਜ਼ ਭਜਨ ਕਰੇ ਤਾਂ ਉਹਦੀ ਉਮਰ ਪੰਜ ਸਾਲ ਦੀ ਹੋਏਗੀ। ਜੇ ਸੱਤਰ ਸਾਲ ਤਕ ਭਜਨ ਕਰੀ ਜਾਵੇ ਢਾਈ ਘੰਟੇ, ਤਾਂ ਉਹਦੀ ਸੱਤ ਸਾਲ ਦੀ ਉਮਰ ਹੋਏਗੀ। ਸੋ ਸਾਡਾ ਜਿਹੜਾ ਸਮਾਂ ਹੈ, ਉਹ ਆਪੇ ਵਿਚਾਰ ਕੇ ਦੇਖ ਲਓ ਕਿ ਪ੍ਰਮੇਸ਼ਰ ਵਲ ਕਿੰਨਾਂ ਲਗ ਰਿਹੈ, ਕਾਰੋਬਾਰਾਂ ਵਲ ਕਿੰਨਾ ਲੱਗ ਰਿਹੈ। ਚਿੰਤਾ ਵਿਚ ਕਿੰਨਾ ਲਗ ਰਿਹੈ, ਫਜ਼ੂਲ ਗੱਲਾਂ ਵਿਚ ਕਿੰਨਾ ਲਗ ਰਿਹੈ? ਅਖਬਾਰ ਪੜ੍ਹਨ ਵਿਚ ਕਿੰਨਾ ਲਗ ਰਿਹੈ। ਇਹ ਤਾਂ ਜ਼ਾਇਆ ਜਾਂਦੈ। ਲੇਖੇ ਵਿਚ ਉਮਰ ਉਹੀ ਪੈਂਦੀ ਹੈ ਜਿਹੜੀ ਪ੍ਰਮੇਸ਼ਰ ਦੀ ਯਾਦ ਵਿਚ ਗੁਜ਼ਰੇ।

ਸੋ ਇਸ ਤਰ੍ਹਾਂ ਆਪਾਂ ਬੇਨਤੀ ਕੀਤੀ ਹੈ ਕਿ ਸੱਚੇ ਪਾਤਸ਼ਾਹ! ਆਪਣੀ ਕ੍ਰਿਪਾ ਕਰਕੇ ਇਹ ਜੀਵਨ ਲੇਖੇ ਵਿਚ ਲਾ ਲਓ। ਸਾਡੇ ਵਿਚ ਇਹ ਸੱਤਾ ਨਹੀਂ ਹੈ। ਇਹ ਜਨਮ ਅਸੀਂ ਤੁਹਾਨੂੰ ਦਿੰਦੇ ਹਾਂ।

ਸਾਧਸੰਗਤ ਜੀ! ਜਦੋਂ ਵਿਚਾਰ ਕਰਦੇ ਹਾਂ ਕਿ ਅਸੀਂ ਕੌਣ ਹਾਂ, ਕਿੱਥੋਂ ਆਏ ਹਾਂ। ਕੋਈ ਵਿਰਲਾ-ਵਿਰਲਾ ਪੁਰਸ਼ ਹੈ ਜਿਹੜਾ ਇਸ ਗੱਲ ਦੀ ਵਿਚਾਰ ਕਰਦਾ ਹੈ। ਇਹਨਾਂ ਸੈਂਕੜੇ ਵਿਚਾਰ ਕਰਨ ਵਾਲਿਆਂ ਦੇ ਵਿਚੋਂ ਇਕ ਅੱਧਾ ਪੁਰਸ਼ ਐਸਾ ਹੁੰਦੈ ਜਿਸਨੂੰ ਪਤਾ ਹੁੰਦੈ ਕਿ ਮੈਂ ਕਿੱਥੋਂ ਆਇਆ ਹਾਂ, ਮੈਂ ਕਿੱਥੇ ਜਾਣਾ ਹੈ। ਮਹਾਰਾਜ ਕਹਿੰਦੇ -

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥*
*ਏਤੀ ਨ ਜਾਨਉ ਕੇਤੀਕ ਮੁਦਤਿ*
*ਚਲਤੇ ਖਬਰਿ ਨ ਪਾਇਓ ॥ ਅੰਗ - ੯੯੯*

ਕਹਿੰਦੇ, ਫੇਰ ਤੂੰ ਪੜ੍ਹਿਆ ਲਿਖਿਆ ਹੈਗਾ, ਤੂੰ ਕਹਿੰਦਾ ਹੈਂ ਕਿ ਮੈਂ ਬੀ.ਏ ਹਾਂ, ਮੈਂ ਐਮ.ਏ ਹਾਂ। ਮੈਂ ਚੌਧਰੀ ਹਾਂ ਵੱਡਾ। ਪਤਾ ਹੈ ਤੂੰ ਕਿੱਥੋਂ ਆਇਆ ਹੈਂ?

ਅਸੀਂ ਜਵਾਬ ਦੇ ਦੇਵਾਂਗੇ ਕਿ ਅਸੀਂ ਮੋਹਾਲੀ ਤੋਂ ਆਏ ਹਾਂ। ਮਹਾਰਾਜ ਕਹਿੰਦੇ, ਮੈਂ ਇਹ ਨਹੀਂ ਪੁੱਛਦਾ, ਤੇਰਾ ਸਰੀਰ ਆਇਆ ਹੈ ਮੋਹਾਲੀ ਤੋਂ ਤਾਂ। ਤੂੰ ਜਾਣਦੈਂ ਹੈਂ ਆਪਣੇ ਆਪ ਨੂੰ? ਬਿਲਕੁਲ ਅਣਜਾਣ ਹਾਂ ਅਸੀਂ ਇਸ ਗੱਲ ਤੋਂ। ਸਾਨੂੰ ਕੋਈ ਪਤਾ ਨਹੀਂ ਅਸੀਂ ਕੌਣ ਹਾਂ। ਐਨਾ ਕੁ ਅਸੀਂ ਜਾਣਦੇ ਹਾਂ ਕਿ ਪੈਦਾ ਹੁੰਦੈ, ਮਰ ਜਾਂਦੈ, ਮਰਨ ਤੋਂ ਬਾਅਦ ਵਿਰਲੇ-ਵਿਰਲਿਆਂ ਨੂੰ ਪਤਾ ਹੈ ਕਿ ਆਦਮੀ ਮਰਦਾ ਨਹੀਂ ਹੈ, ਸਰੀਰ ਮਰਨ ਦੇ ਨਾਲ। ਇਹ ਫੇਰ ਆਪਣੇ ਲੇਖ ਭੋਗਣ ਵਾਸਤੇ ਦੂਜੇ ਜਨਮ ਵਿਚ ਜਾਂਦੈ, ਨਰਕਾਂ-ਸੁਰਗਾਂ ਵਿਚ ਜਾਂਦੈ, ਇਹਦਾ ਸਫਰ ਜਾਰੀ ਰਹਿੰਦੈ। ਕਿੰਨਾ ਕੁ ਚਿਰ ਹੋ ਗਿਆ, ਕੋਈ ਨਹੀਂ ਦਸ ਸਕਦਾ-

*ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥*
*ਅੰਗ - ੪*

ਜਿਸ ਦਿਨ ਸ੍ਰਿਸ਼ਟੀ ਦੀ ਸਾਜਨਾ ਹੋਈ ਹੈ, ਵਾਹਿਗੁਰੂ ਜੀ ਨੇ ਸ਼ਬਦ ਤੋਂ ਸ੍ਰਿਸ਼ਟੀ ਸਾਜੀ ਹੈ, ਉਸ ਦਿਨ ਤੋਂ ਅਸੀਂ ਚੱਲ ਰਹੇ ਹਾਂ -

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਅੰਗ - ੬੩੧*

ਪਹਿਲਾਂ ਕੀ ਸੀ? ਕਹਿੰਦੇ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ਅੰਗ- ੧੭੬*

ਆਹ ਬਲਦ ਬਣ ਕੇ, ਹਲ ਖਿਚਦੇ ਰਹੇ ਹਾਂ। ਘੋੜੇ ਬਣ ਕੇ ਸਵਾਰੀਆਂ ਢੋਂਦੇ ਰਹੇ ਹਾਂ। ਹਾਥੀ ਬਣ ਕੇ ਲੜਾਈਆਂ ਕਰਦੇ ਰਹੇ ਹਾਂ। ਜਿੰਨਾਂ ਦਿਸਦੈ, ਇਸ ਸਾਰੇ ਵਿਚੋਂ ਲੰਘੇ ਹਾਂ, ਸਾਧਸੰਗਤ ਜੀ -

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥*
*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥*
*ਅੰਗ - ੧੫੬*

84 ਲੱਖ ਜੂਨ ਗਿਣੀ ਹੈ ਜਿਹਦੇ ਵਿਚੋਂ 84 ਲੱਖਵੀਂ ਜੂਨ ਮਨੁੱਖ ਦੀ ਜੂਨੀ ਹੈ। ਮਹਾਰਾਜ ਕਹਿੰਦੇ, ਜੇ ਤਾਂ ਤੂੰ ਬੁਝਿਐ, ਫੇਰ ਤਾਂ ਤੂੰ ਠੀਕ ਹੈਂ-

*ਮਾਨੁਖੁ ਬਿਨੁ ਬੂਝੇ ਬਿਰਥਾ ਆਇਆ ॥ ਅੰਗ - ੭੧੨*

ਨਹੀਂ ਤਾਂ ਫੇਰ ਜਿਵੇਂ ਪਸ਼ੂ ਇਥੋਂ ਚਲੇ ਜਾਂਦੇ ਨੇ, ਉਹ ਗੁਜ਼ਾਰਾ ਕਰ ਜਾਂਦੇ ਨੇ। ਉਹਨਾਂ ਵਿਚ ਤੇ ਤੇਰੇ ਵਿਚ ਇਕ ਬਹੁਤ ਵੱਡਾ ਫਰਕ ਹੈ ਕਿ ਤੈਨੂੰ ਚੰਗਾ ਤੇ ਮੰਦਾ ਬੀਜਣ ਦੀ ਖੁੱਲ੍ਹ ਦਿਤੀ ਹੋਈ ਹੈ ਪ੍ਰਮੇਸ਼ਰ ਨੇ। ਚੰਗਾ ਬੀਜ ਲਏਂਗਾ, ਅਗਾਂਹਾਂ ਸੁਖੀ ਰਹੇਂਗਾ। ਮਾੜਾ ਬੀਜ ਲਿਆ, ਫੇਰ ਲੇਖੇ ਦੇਣੇ ਪੈਂਦੇ ਨੇ। ਬਹੁਤ ਔਖਾ ਹੁੰਦੈ, ਜਦੋਂ ਲੇਖਾ ਦੇਣਾ ਪੈ ਜਾਂਦੈ। ਸੋ ਇਹ ਸਿਆਣਾ ਬੰਦਾ ਸੋਚਦੈ। ਮਹਾਰਾਜ ਕਹਿੰਦੇ-

*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ - ੧੭੬*

ਤੇਰੀ ਵਾਰੀ ਆਈ ਹੋਈ ਹੈ ਪਿਆਰਿਆ! ਤੂੰ ਵਾਹਿਗੁਰੂ ਨੂੰ ਮਿਲ। ਬੜੇ ਚਿਰ ਤੋਂ ਬਾਅਦ ਤੈਨੂੰ ਇਹ ਦੇਹੀ ਪ੍ਰਾਪਤ ਹੋਈ ਹੈ। ਕਹਿੰਦੇ -

*ਕਬਹੂ ਸਾਧਸੰਗਤਿ ਇਹੁ ਪਾਵੈ ॥ ਅੰਗ - ੨੨੮*

ਕਿਤੇ ਇਹਦੇ ਪੁੰਨ ਪ੍ਰੇਰ ਕੇ ਸਤਿਸੰਗ ਵਿਚ ਲੈ ਆਉਣ, ਮਹਾਂਪੁਰਸ਼ਾਂ ਕੋਲ ਲੈ ਆਉਣ -

*ਉਸੁ ਅਸਥਾਨ ਤੇ ਬਹੁਰਿ ਨ ਆਵੈ ॥ ਅੰਗ - ੨੨੮*

ਸਮਝ ਲਓ ਕਿ ਪੈਰ ਰੱਖ ਲਿਆ ਹੁਣ ਇਹਨੇ। ਸਤਿਸੰਗ 'ਚ ਆ ਗਿਆ, ਇਹਨੇ ਉਹ ਚੱਕਰ ਰੋਕਣ ਵਾਸਤੇ ਆਪਣਾ ਪਹਿਲਾ ਪੈਰ ਪੁੱਟ ਲਿਆ। ਸੋ ਇਸ ਤਰ੍ਹਾਂ ਫਲ ਮਿਲਿਆ ਕਰਦਾ ਹੈ, ਸਭ ਚੀਜ਼ ਦਾ। ਹੁਣ ਸਾਨੂੰ ਇਹ ਸੋਚਣਾ ਪੈਂਦਾ ਹੈ ਕਿ ਮੇਰੇ ਵਾਸਤੇ ਰਾਹ ਕੀ ਹੈ? ਮਹਾਰਾਜ ਕਹਿੰਦੇ, ਤੇਰੇ ਵਾਸਤੇ ਰਾਹ ਇਹ ਹੈ ਕਿ ਜੇ ਤਾਂ ਤੂੰ ਉਹ ਕੰਮ ਨਾ ਕਰਿਆ ਜਿਹਦੇ ਨਾਲ ਤੇਰਾ ਜੰਮਣਾ ਮਰਨਾ ਕਟ ਜਾਵੇ ਤਾਂ, ਤਾਂ ਫੇਰ ਅਗਲਾ ਚੱਕਰ ਤਿਆਰ ਹੈ। ਕਿਥੇ ਜਾਏਂਗਾ? ਆਪ ਨੂੰ ਨਹੀਂ ਪਤਾ ਹੁੰਦਾ। ਮਹਾਰਾਜ ਜੀ ਨੇ ਲਿਖਿਆ ਹੋਇਆ ਹੈ ਸਭ ਕੁਛ। ਮਹਾਰਾਜ ਕਹਿੰਦੇ-

*ਜੋ ਜਾਨੈ ਮੈ ਜੋਬਨਵੰਤੁ ॥ ਸੋ ਹੋਵਤ ਬਿਸਟਾ ਕਾ ਜੰਤੁ ॥*
*ਅੰਗ- ੨੨੮*

ਜੋ ਆਪਣੇ ਆਪ ਨੂੰ ਸਮਝਦਾ ਹੈ ਕਿ ਮੈਂ ਬਹੁਤ ਜੋਬਨ ਵਾਲਾ ਹਾਂ, ਅਗਲਾ ਜਨਮ ਵਿਸ਼ਟਾ ਦੇ ਜੰਤ ਦਾ ਮਿਲਦੈ। ਸੋ ਇਸ ਤਰ੍ਹਾਂ ਅਗਲੀਆਂ ਜੂਨੀਆਂ ਮਿਲਦੀਆਂ ਨੇ। ਜੀਅ ਭਟਕਦਾ ਫਿਰਦਾ ਹੈ -

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥*
*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥*
*ਅੰਗ- ੧੫੬*

ਪਹਿਲਿਆਂ ਜੁਗਾਂ ਦੇ ਅੰਦਰ ਤਪ ਕਰਿਆ ਕਰਦੇ ਸੀ, ਵੱਡੀਆਂ ਉਮਰਾਂ ਸੀ –

*ਲਖ ਵਰ੍ਹਿਆਂ ਦੀ ਆਰਜਾ ਕੋਠੇ ਕੋਟਿ ਨ ਮੰਦਿਰ ਸਾਜੇ।*

*ਭਾਈ ਗੁਰਦਾਸ ਜੀ*

ਫੈਲਾਅ ਕੋਈ ਕਰਦੇ ਨਹੀਂ ਸੀ, ਨਾ ਕੋਈ ਕਿਲ੍ਹੇ ਬਣਾਉਂਦੇ ਸੀ, ਨਾ ਮਹੱਲ ਬਣਾਉਂਦੇ ਸੀ, ਲੱਖਾਂ ਵਰ੍ਹਿਆਂ ਦੀ ਉਮਰ ਸ਼ਾਂਤੀ ਨਾਲ ਗੁਜ਼ਾਰ ਜਾਂਦੇ ਸੀ। ਇਕ ਵਾਰੀ ਸੁਣਿਆ ਹੋਇਆ ਉਪਦੇਸ਼ ਫਲੀਭੂਤ ਹੋ ਜਾਇਆ ਕਰਦਾ ਸੀ। ਮਹਾਰਾਜ ਕਹਿੰਦੇ, ਸਤਿਜੁਗ ਦੇ ਬੰਦੇ ਬ੍ਰਹਮਗਿਆਨੀ ਸੀਗੇ। 17 ਲੱਖ 28 ਹਜ਼ਾਰ ਸਾਲ ਉਮਰ ਹੈ, ਸਤਿਜੁਗ ਦੀ –

*ਦੁਆਪੁਰਿ ਤ੍ਰੇਤੈ ਮਾਣਸ ਵਰਤਹਿ......।* *ਅੰਗ – ੧੧੩੧*

ਤ੍ਰੇਤਾ 12 ਲੱਖ 96 ਹਜ਼ਾਰ ਸਾਲ ਦਾ, ਦੁਆਪਰਿ 8 ਲੱਖ 64 ਹਜ਼ਾਰ ਸਾਲ ਦਾ ਹੈ, ਇਹਦੇ 'ਚ ਮਨੁੱਖ ਆਏ ਨੇ। ਕਹਿੰਦੇ, ਕਲਜੁਗ ਵਿਚ? ਕਹਿੰਦੇ –

*ਕਲਿ ਮਹਿ ਪ੍ਰੇਤ ਜਿਨ੍ਹੀ ਰਾਮੁ ਨ ਪਛਾਤਾ*
*ਸਤਜੁਗਿ ਪਰਮ ਹੰਸ ਬੀਚਾਰੀ ॥*
*ਦੁਆਪੁਰਿ ਤ੍ਰੇਤੈ ਮਾਣਸ ਵਰਤਹਿ*
*ਵਿਰਲੈ ਹਉਮੈ ਮਾਰੀ ॥* *ਅੰਗ – ੧੧੩੧*

ਇਹਦੇ 'ਚ ਆਪ ਦੇਖਣਾ ਪੈਣੈ ਕਿ ਮੈਂ ਕਿਹੜੀ ਕੈਟਾਗਿਰੀ 'ਚ ਹਾਂ। ਪ੍ਰੇਤ ਵਾਲੀ 'ਚ ਹਾਂ ਜਾਂ ਉੱਚੀਆਂ 'ਚ ਹਾਂ। ਕਹਿੰਦੇ ਨਾਲ – ***'ਕਲਿ ਮਹਿ ਪ੍ਰੇਤ ਜਿਨ੍ਹੀ ਰਾਮੁ ਨ ਪਛਾਤਾ।'*** ਜਿਹਨੂੰ ਰੱਬ ਦੀ ਪਛਾਣ ਨਾ ਆਈ, ਉਹ ਪ੍ਰੇਤ ਹੈ –

*ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥ ਪੁਤੁ*
*ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ ॥*

*ਅੰਗ– ੫੫੬*

ਹੁਣ ਇਹਦੇ ਵਿਚ ਸਾਰੇ ਪ੍ਰੇਤ ਨਹੀਂ ਹਨ। ਕਹਿੰਦੇ –

*ਕਬੀਰ ਜਾ ਘਰ ਸਾਧ ਨ ਸੇਵੀਅਹਿ*
*ਹਰਿ ਕੀ ਸੇਵਾ ਨਾਹਿ ॥ ਤੇ ਘਰ*
*ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ ॥*

*ਅੰਗ– ੧੩੭੪*

ਮਨੁੱਖਾਂ ਦੇ ਸਰੀਰ ਧਾਰ ਕੇ ਭੂਤ ਰਹਿੰਦੇ ਨੇ। ਪ੍ਰੇਤਾਂ ਦਾ ਯੁੱਗ ਆ ਗਿਆ। ਇਹਦੇ ਵਿਚ ਜਿਹੜਾ ਪਹਿਲਾ ਯੁੱਗ ਸੀ, ਸਤਿਸੰਗ ਹੁੰਦੇ, ਸਾਧੂ ਬੜੇ ਉੱਚ ਕੋਟੀ ਦੇ ਹੋਇਆ ਕਰਦੇ ਸੀ। ਗਿਆਨ ਉਪਦੇਸ਼ ਸੁਣਦੇ ਰਹਿੰਦੇ ਸੀ, ਸਤਿਸੰਗ ਹੁੰਦੇ ਰਹਿੰਦੇ ਸੀ। ਗੁਜ਼ਾਰੇ ਸੁਖਾਲੇ ਚਲਦੇ ਸੀ ਤੇ ਸਮਾਂ ਚਲਦੇ–ਚਲਦੇ, ਆਹ ਜਿਹੜੇ ਸਮੇਂ 'ਚ ਆਪਾਂ ਜਾ ਰਹੇ ਹਾਂ, ਪੰਜ ਹਜ਼ਾਰ ਸਾਲ ਲੰਘ ਚੁੱਕੇ ਨੇ ਕਲਜੁਗ ਦੇ। ਪੰਜ ਹਜ਼ਾਰ ਸਾਲ ਦੇ ਵਿਚ ਭਵਿੱਖ–ਵਾਕ ਇਹ ਸੀਗਾ ਕਿ ਜਦੋਂ ਕਲਜੁਗ ਪੰਜ ਹਜ਼ਾਰ ਸਾਲ ਲੰਘ ਜਾਏਗਾ, ਉਸ ਵੇਲੇ ਜਿੰਨੇ ਤੀਰਥ ਨੇ ਸਭ ਭ੍ਰਿਸ਼ਟ ਹੋ ਜਾਣਗੇ। ਕੋਈ ਫਲ ਨਹੀਂ ਤੀਰਥਾਂ ਨੇ ਦੇਣਾ। ਇਕ ਫਲ ਮਿਲਦਾ ਸੀ ਤੀਰਥ 'ਤੇ। ਹੁਣ ਦੇਖਦੇ ਹੀ ਹੋਂ, ਸਾਰੇ ਗੰਦੇ ਨਾਲੇ, ਸਾਰੀਆਂ ਫੈਕਟਰੀਆਂ ਦਾ ਪਾਣੀ ਦਰਿਆਵਾਂ 'ਚ, ਨਾਲਿਆਂ 'ਚ ਪਾ ਦਿਤੇ। ਪੀਣ ਵਾਲਾ ਪਾਣੀ ਸ਼ੁੱਧ ਨਹੀਂ ਰਿਹਾ, ਦੂਰ ਤਕ ਮਾਰ ਕਰੀ ਇਸ ਨੇ। ਤੀਰਥਾਂ ਦਾ ਖਾਤਮਾ ਕਰ ਦਿਤਾ। ਪਹਿਲਾਂ ਜਾਂਦੇ ਸੀਗੇ, ਤੀਰਥਾਂ 'ਤੇ ਇਸ਼ਨਾਨ ਕਰਦੇ ਸੀ। ਸਾਧੂ ਆਉਂਦੇ ਸੀ ਉਹਨਾਂ ਦੇ ਬਚਨ ਸੁਣਨੇ ਤੇ ਦੁਆਪਰ ਤੇ ਤ੍ਰੇਤੇ ਵਿਚ ਮਨੁੱਖ ਦਾ ਮਾਨਸਿਕ ਪੱਧਰ, intellectual level (ਦਿਮਾਗੀ ਤੌਰ 'ਤੇ) ਉੱਚਾ ਸੀ ਪਰ ਕਲਜੁਗ ਵਿਚ ਪ੍ਰੇਤ ਦਾ ਪੱਧਰ ਹੋ ਗਿਆ ਹੈ।

ਮਹਾਰਾਜ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਕਹਿੰਦੇ ਨੇ, ਜਿੱਡਾ ਕਲਜੁਗ ਵੱਡਾ ਹੈ, ਬਹੁਤੀ ਤਾਕਤ ਵਾਲਾ, ਇਹਦੇ ਮੁਕਾਬਲੇ 'ਤੇ ਓਡਾ ਹੀ ਵੱਡਾ ਇਲਾਜ ਚਲਾਇਆ। ਪਹਿਲੇ ਜ਼ਮਾਨੇ 'ਚ ਟੀਕੇ ਨਹੀਂ ਸੀ ਹੁੰਦੇ। ਦਵਾਈ ਦਿੰਦੇ ਸੀ, ਗੋਲੀਆਂ ਲੰਘਾ ਲਓ, ਫੱਕੀ ਖਾਈ ਜਾਓ। ਹੁਣ ਜਿਉਂ–ਜਿਉਂ ਬਿਮਾਰੀਆਂ ਹੋ ਗਈਆਂ ਆਪਰੇਸ਼ਨ ਵੀ ਆ ਗਏ, ਨਾਲ ਟੀਕੇ ਵੀ ਆ ਗਏ। ਸਮੇਂ ਦੇ ਹਿਸਾਬ ਨਾਲ ਸਭ ਕੁਝ ਬਦਲਦਾ ਰਹਿੰਦਾ ਹੈ। ਪਹਿਲੇ ਸਮਿਆਂ ਦੇ ਅੰਦਰ ਕਰਮ ਧਰਮ ਕਰਦੇ ਸੀ, ਜਪ ਕਰਦੇ ਸੀ, ਤਪ ਕਰਦੇ ਸੀ, ਤੀਰਥ ਯਾਤਰਾ ਕਰਦੇ ਸੀ। ਚਾਰ ਹਿੱਸੇ ਸੀ ਜ਼ਿੰਦਗੀ ਦੇ। 25 ਸਾਲ ਤੱਕ ਪੜ੍ਹਾਈ ਲਿਖਾਈ, 26 ਤੋਂ ਲੈ ਕੇ 50 ਤਕ ਗ੍ਰਿਹਸਤ ਦੇ ਵਿਚ ਪੂਰੀ ਤਰ੍ਹਾਂ ਨਾਲ ਕੰਮ ਕਰਨਾ। 51 ਤੋਂ 75 ਤੱਕ ਗ੍ਰਿਹਸਤ ਨੂੰ ਛੱਡ ਕੇ ਚਲੇ ਜਾਣਾ। ਭਜਨ ਬੰਦਗੀ ਕਰਨੀ। ਜਿਸ ਕੰਮ ਨੂੰ ਕਰਨ ਵਾਸਤੇ ਆਏ ਹਾਂ –

*ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥* *ਅੰਗ – ੪੩*

76 ਤੋਂ ਬਾਅਦ ਸੰਨਿਆਸ ਹੋ ਜਾਂਦਾ ਸੀ। ਹੁਣ ਕਲਜੁਗ ਦੇ ਵਿਚ ਸਾਰੀਆਂ ਮਰਿਆਦਾਵਾਂ ਜਾਂਦੀਆਂ ਰਹੀਆਂ, ਹੁਣ ਸਾਡਾ ਉਧਾਰ ਕਿਵੇਂ ਹੋਵੇ?

ਮਹਾਰਾਜ ਕਹਿੰਦੇ, ਪਿਆਰਿਓ! ਇਹਦੇ 'ਚ ਜੇ ਇਕ ਬੀਜ ਪਾਓ, ਲੱਖ ਦਾਣਾ ਲਗਦੈ। ਉਹ ਕਿਵੇਂ? ਕਹਿੰਦੇ, ਜੇ ਕੋਈ ਸਤਿਜੁਗ ਦੇ ਵਿਚ ਦਸ ਹਜ਼ਾਰ ਸਾਲ ਤਪ ਕਰੇ, ਧੂਣੀਆਂ ਤਾਪ ਕੇ, ਪਾਣੀ 'ਚ ਖੜ੍ਹ

ਕੇ, ਸਰਦੀ ਦੇ ਮਹੀਨੇ ਵਿਚ ਸਰੀਰ ਨੂੰ ਠਾਰ-ਠਾਰ ਕੇ। ਉਹ ਤ੍ਰੇਤੇ ਯੁੱਗ ਦੇ ਹਜ਼ਾਰ ਸਾਲ ਦੇ ਬਰਾਬਰ ਹੁੰਦੈ। ਧਿਆਨ ਨਾਲ ਸੁਣਿਓ ਇਹ, ਜਿਹੜੇ ਮੈਂ ਬਚਨ ਕਹਿ ਰਿਹਾ ਹਾਂ। ਸ਼ਾਸਤਰਾਂ ਦੇ, ਤੱਤ ਬੇਤੇ ਮਹਾਂਪੁਰਸ਼ਾਂ ਦੇ ਬਚਨ ਨੇ ਇਹ। ਕਲਪਤ ਗੱਲਾਂ ਨਹੀਂ ਹਨ। ਸੌ ਸਾਲ ਦੇ ਦੁਆਪਰ ਦੇ ਤਪ ਦੇ ਬਰਾਬਰ ਹੁੰਦੈ। ਹੁਣ 10 ਹਜ਼ਾਰ ਸਾਲ ਦਾ ਤਪ, ਸਤਿਜੁਗ ਦਾ, ਤ੍ਰੇਤੇ ਦੇ ਹਜ਼ਾਰ ਦੇ ਬਰਾਬਰ ਹੋਏਗਾ। ਤ੍ਰੇਤੇ ਦੇ ਹਜ਼ਾਰ ਸਾਲ ਦਾ ਤਪ, ਦੁਆਪਰ ਦੇ ਵਿਚ ਸੌ ਸਾਲ ਦੇ ਬਰਾਬਰ ਹੋ ਗਿਆ।

ਹੁਣ ਸਾਡੇ ਵੇਲੇ ਕੀ ਹੈ? ਮਹਾਰਾਜ ਕਹਿੰਦੇ, ਜੇ ਘਰ ਤੋਂ ਸ਼ਰਧਾ ਧਾਰ ਕੇ, ਕੋਈ ਪ੍ਰੇਮੀ ਤੱਤ ਬੇਤੇ ਮਹਾਂਪੁਰਸ਼ਾਂ ਦੇ ਬਚਨ ਸੁਣਨ ਵਾਸਤੇ ਚਲਿਆ ਜਾਵੇ, ਗੁਰੂ ਦੇ ਦੁਆਰੇ ਪਹੁੰਚੇ। ਜਿੰਨੇ ਕਦਮ ਉਹਨੇ ਚੱਲ ਕੇ ਆਉਣੈ, ਓਨਾਂ ਫਲ ਉਸ ਨੂੰ ਉਸੇ ਵੇਲੇ ਮਿਲ ਜਾਂਦਾ ਹੈ। ਕੀ ਮਾਮੂਲੀ ਗੱਲ ਹੈ? ਤੁਸੀਂ ਸੋਚਿਐ ਕਿ ਅਸੀਂ ਜਾਣਾ ਹੈ, ਆਪਣੇ ਕਾਰੋਬਾਰ ਸੰਭਾਲਣ ਲੱਗੇ, ਉਸ ਵੇਲੇ ਤੋਂ ਹੀ ਹਾਜ਼ਰੀ ਦਰਗਾਹ 'ਚ ਲੱਗਣੀ ਸ਼ੁਰੂ ਹੋ ਜਾਂਦੀ ਹੈ ਤੇ ਇਥੇ ਕਿੰਨਾ ਫਲ ਮਿਲਦੈ? ਮਹਾਰਾਜ ਕਹਿੰਦੇ, ਦੇਖੋ, ਜੇ ਇਥੇ ਸਾਵਧਾਨੀ ਵਰਤੇ, ਇਕ ਤਾਂ ਮਨ ਚਿੱਤ ਇਕਾਗਰ ਕਰਕੇ ਬਚਨ ਸੁਣੇ। ਦੂਜਾ ਉਹਨਾਂ ਨੂੰ ਹਿਰਦੇ 'ਚ ਵਿਚਾਰੇ। ਤੀਸਰਾ ਹੈ ਕਿ ਉਹਨਾਂ ਨੂੰ ਮੰਨਣ ਕਰੇ। ਮੰਨ ਕੇ ਫੇਰ ਉਹਦੀ ਪ੍ਰੈਕਟਿਸ ਕਰੇ। ਜੇ ਇਹ ਚਾਰ ਗੱਲਾਂ ਕਰ ਲਵੇ, ਤਾਂ ਤੁਹਾਡੀ ਯਾਤਰਾ ਐਨੀ ਥਾਂ ਪੈ ਜਾਏਗੀ ਕਿ -

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ*
*ਸਤਿ ਸਤਿ ਕਰਿ ਮਾਨੀ ॥* *ਅੰਗ - ੬੬੯*

ਆਹ ਮਹਾਰਾਜ ਨੇ ਇਕ ਸ਼ਰਤ ਰੱਖ ਦਿਤੀ। ਫਲ ਕਿੰਨਾ ਹੋਏਗਾ? ਮਹਾਰਾਜ ਕਹਿੰਦੇ, ਜੇ ਤੁਸੀਂ ਇਸ ਤਰੀਕੇ ਨਾਲ ਸਤਿਸੰਗ ਕਰ ਲਿਆ। ਇੱਕੋ ਹੀ ਸਤਿਸੰਗ, ਉਹਦਾ ਫਲ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ - ੫੪੬*

ਕਈ ਕਰੋੜ ਯੱਗਾਂ ਦਾ ਫਲ ਮਿਲ ਜਾਂਦੈ। ਫੇਰ ਕਲਜੁਗ ਤਾਂ ਠੀਕ ਹੈ, ਸਾਨੂੰ ਗਿਰਾਉਣ ਨੂੰ ਤਕੜਾ ਹੈ ਪਰ ਇਹਦੇ 'ਚ ਫਲ ਬੜਾ ਮਿਲਦੈ। ਦੂਸਰਾ ਇਹ ਹੈ ਕਿ ਇਹਦੇ ਵਿਚ ਸੰਗਤ ਦਾ ਫਲ ਬਹੁਤ ਅਧਿਕ ਹੈ।

ਇਕ ਵਾਰੀ ਦੋ ਰਿਸ਼ੀਆਂ ਦਾ ਸੰਵਾਦ ਹੋ ਗਿਆ, ਇਕ ਨੇ ਕਿਹਾ, ਵਸ਼ਿਸ਼ਟ ਜੀ! ਤਪ ਕਰਿਆ ਕਰੋ। ਸੰਗਤ ਵਿਚ ਕੀ ਹੈ, ਆਰਾਮ ਨਾਲ ਬੈਠੀਦੈ, ਪਿਆਸ ਲੱਗੇ ਪਾਣੀ ਪੀ ਆਓ। ਗਰਮੀ ਲੱਗੇ, ਪੱਖੇ ਚੱਲਣ ਲਗ ਜਾਂਦੇ ਨੇ। ਇਹ ਤਾਂ ਕੋਈ ਤਪ ਨਹੀਂ ਹੈ ਤੇ ਮੈਂ ਦੇਖੋ ਤਪ ਕਰਦਾ ਹਾਂ।

ਉਹਨਾਂ ਨੇ ਜਵਾਬ ਦਿਤਾ ਕਿ ਵਿਸ਼ਵਾਮਿੱਤਰ ਜੀ! ਠੀਕ ਹੈ, ਤੁਸੀਂ ਤਪ ਕਰਦੇ ਹੋਂ ਪਰ ਸਤਿਸੰਗ ਦਾ ਫਲ ਬਹੁਤ ਵੱਡਾ ਹੁੰਦੈ। ਉਹ ਤਾਂ ਕੋਈ ਜੇ ਇਕ ਘੜੀ ਵੀ ਕਰ ਲਵੇ -

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥ ਅੰਗ - ੧੩੭੭*

ਉਹੀ ਇਕ ਘੜੀ ਤਾਰਨ ਵਾਸਤੇ ਸਮਰੱਥਾ ਰਖਦੀ ਹੈ। ਫੈਸਲਾ ਨਾ ਹੋ ਸਕਿਆ। ਦੋਵੇਂ ਆਪਣੇ-ਆਪਣੇ ਸਿਧਾਂਤ ਉਤੇ ਦ੍ਰਿੜ੍ਹ ਹੋ ਗਏ। ਬ੍ਰਹਮਾ ਜੀ ਕੋਲ ਗਏ। ਉਹਨਾਂ ਨੇ ਕਿਹਾ ਕਿ ਮੈਨੂੰ ਨਹੀਂ ਇਸ ਬਾਰੇ ਪਤਾ। ਸ਼ਿਵ ਜੀ ਕੋਲ ਜਾਓ। ਮੁਖ ਦੇਵਤੇ ਨੇ ਇਹ ਤਿੰਨ -

*ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥*
*ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥*
*ਅੰਗ - ੭*

ਉਥੇ ਗਏ, ਸ਼ਿਵ ਜੀ ਕਹਿੰਦੇ, ਮੈਂ ਤਾਂ ਧਿਆਨ ਵਿਚ ਰਹਿੰਦਾ ਹਾਂ, ਵਿਸ਼ਨੂੰ ਜੀ ਕੋਲ ਜਾਓ। ਵਿਸ਼ਨੂੰ ਜੀ ਨੇ ਕਿਹਾ ਕਿ ਮੈਂ ਐਸ ਵੇਲੇ ਸਾਰਿਆਂ ਨੂੰ ਰਿਜ਼ਕ ਪਹੁੰਚਾ ਰਿਹਾ ਹਾਂ, ਤੁਸੀਂ ਸ਼ੇਸ਼ ਨਾਗ ਕੋਲ ਜਾਓ। ਉਹ gravity ਦੀ ਸ਼ਕਤੀ ਹੈ ਸ਼ੇਸ਼ਨਾਗ। ਉਹਨੇ ਕਿਹਾ ਕਿ ਦੇਖੋ, ਮੈਂ ਸਾਰਾ ਬ੍ਰਹਿਮੰਡ ਸੰਤੁਲਨ 'ਚ ਰੱਖਿਆ ਹੋਇਆ ਹੈ, ਪ੍ਰਮੇਸ਼ਰ ਦੇ ਨਾਮ ਦੇ ਆਸਰੇ। ਤੁਸੀਂ ਆਪਣਾ ਤਪ ਦਿਓ। ਧਰਤੀਆਂ ਰੁਕ ਜਾਣਗੀਆਂ ਫੇਰ ਮੈਂ ਤੁਹਾਡੇ ਨਾਲ ਗੱਲ ਕਰੂੰ। ਵਿਸ਼ਵਾਮਿੱਤਰ ਨੇ ਦਸ ਹਜ਼ਾਰ ਸਾਲ ਦਾ ਤਪ ਦਿਤਾ। ਉਹ ਰੁਕੀਆਂ ਹੀ ਨਾ, ਹੁੰਦੇ-ਹੁੰਦੇ 58000 ਸਾਲ ਦਾ ਹੀ ਤਪ ਦੇ ਦਿਤਾ। ਫੇਰ ਵੀ ਧਰਤੀਆਂ ਥਿਰ ਨਾ ਹੋਈਆਂ। ਕਹਿੰਦੇ, ਹੋਰ? ਕਹਿੰਦੇ, ਇਸ ਤੋਂ ਅਗਾਂਹਾਂ ਤਾਂ ਮੈਂ ਤਪ ਹੀ ਨਹੀਂ ਕਰਿਆ।

ਵਸ਼ਿਸ਼ਟ ਜੀ! ਤੁਸੀਂ ਦਿਓ ਹੁਣ।

ਉਹ ਕਹਿੰਦੇ, ਦੇਖ ਸ਼ੇਸ਼ਨਾਗ! ਮੈਂ ਬਹੁਤਾ ਤਾਂ ਨਹੀਂ ਦਿੰਦਾ। ਸਿਰਫ ਚਾਰ ਘੜੀ, 100 ਮਿੰਟ ਦੀ

ਕੀਤੀ ਹੋਈ ਸੰਗਤ ਦਾ ਫਲ ਦੇ ਰਿਹਾਂ। ਉਸੇ ਵੇਲੇ ਧਰਤੀਆਂ ਰੁਕ ਗਈਆਂ। ਉਹ ਕਹਿੰਦੇ, ਕਿ ਹੁਣ ਮੈਂ ਕੀ ਫੈਸਲਾ ਕਰਨਾ ਹੈ, ਫੈਸਲਾ ਤਾਂ ਤੁਹਾਡੇ ਸਾਮ੍ਹਣੇ ਹੋ ਹੀ ਗਿਆ।

ਸੋ ਕਲਜੁਗ ਦੇ ਅੰਦਰ ਜੋ ਸਤਿਸੰਗ ਹੈ, ਬਹੁਤ ਵੱਡੀ ਚੀਜ਼ ਹੈ। ਮਹਾਰਾਜ ਕਹਿੰਦੇ, ਜੋ ਕਲਜੁਗ ਦੇ ਵਿਚ ਉਧਾਰ ਹੈ ਨਾ, ਇਹ ਕੇਵਲ ਨਾਮ ਨਾਲ ਹੋਣਾ ਹੈ। ਹੋਰ ਕਰਮ ਧਰਮ ਨਾਲ ਹੁੰਦਾ ਨਹੀਂ। ਇਸ ਤਰ੍ਹਾਂ ਪੜ੍ਹ ਲਓ ਸਾਰੇ -

*ਧਾਰਨਾ - ਕਲੂ ਆਇਓ ਰੇ, ਇਕ ਨਾਮ ਬੀਜ ਲਓ।*

*ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੂਤਿ ਨਾਹੀ ਨਾਹੀ ॥*
*ਮਤੁ ਭਰਮਿ ਭੂਲਹੁ ਭੂਲਹੁ ॥ ਅੰਗ - ੧੧੮੫*

ਮਹਾਰਾਜ ਕਹਿੰਦੇ, ਹੁਣ ਨਹੀਂ ਕਿਸੇ ਚੀਜ਼ ਦੀ ਚਲਦੀ -

*ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ ॥*
*ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ ॥*
*ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ ॥ ਅੰਗ - ੧੬੧*

ਕੇਵਲ ਨਾਮ ਜਪਣ ਦੇ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ।

ਕ੍ਰਿਸ਼ਨ ਮਹਾਰਾਜ ਪਾਂਡਵਾਂ ਦੇ ਨਾਲ ਬੈਠੇ ਅਚਾਨਕ ਬੋਲ ਉਠੇ, ਕਹਿੰਦੇ ਲਓ ਬਈ ਕਲਜੁਗ ਆ ਗਿਆ। ਸਾਰੇ ਘਬਰਾ ਗਏ, ਕਿਉਂਕਿ ਕਲਜੁਗ ਦੇ ਲੱਛਣ ਬੜੇ ਮਾੜੇ ਨੇ। ਤੁਸੀਂ ਦੇਖ ਹੀ ਰਹੇ ਹੋ ਕਿੰਨਾ ਘੋਰ ਕਲਜੁਗ ਵਰਤ ਰਿਹਾ ਹੈ। ਸਾਰੇ ਡਰ ਗਏ, ਕਹਿਣ ਲੱਗੇ, ਹੈਂ ਮਹਾਰਾਜ! ਕਲਜੁਗ ਆ ਗਿਆ? ਸਾਡੇ ਹੁੰਦੇ-ਹੁੰਦੇ।

ਕਹਿੰਦੇ, ਹਾਂ, ਉਹਨੇ ਪੈਰ ਧਰ ਲਿਆ।

ਕਹਿੰਦੇ, ਕਿਵੇਂ ਪਤਾ ਲੱਗੇ। ਕਹਿੰਦੇ, ਅੱਜ ਜਦੋਂ ਤੁਸੀਂ ਸਮਾਧੀ'ਚ ਬੈਠੋਂਗੇ। ਉਹ ਤੁਹਾਨੂੰ ਦੱਸੇਗਾ ਉਸ ਵੇਲੇ ਕਿ ਮੇਰੇ ਯੁੱਗ ਦੇ ਅੰਦਰ ਕਿਵੇਂ ਵਰਤਾਅ ਸੰਸਾਰ ਦਾ ਹੋਏਗਾ। ਅੰਮ੍ਰਿਤ ਵੇਲੇ ਉੱਠੇ ਇਸ਼ਨਾਨ ਕੀਤਾ, ਚੌਂਕੜੇ ਮਾਰੇ, ਆਪਣੇ-ਆਪਣੇ ਥਾਂ ਬੈਠ ਗਏ।

ਕਿਉਂਕਿ ਪੁਰਾਣੇ ਪੁਰਸ਼ ਜਿਹੜੇ ਹੁੰਦੇ ਸੀ, ਉਹ ਨਿਯਮ ਦੇ ਬੜੇ ਪੱਕੇ ਹੁੰਦੇ ਸੀ। ਸਹਿਜ ਸੁਭਾਅ ਭਗਤੀ ਹੁੰਦੀ ਸੀ। ਦਿਖਾਵਾ ਨਹੀਂ ਸੀ ਕੋਈ ਹੁੰਦਾ।

ਸੋ ਬੈਠੇ ਨੇ। ਅੱਗੇ ਬਿਰਤੀ ਚੜ੍ਹ ਜਾਂਦੀ, ਅੱਜ ਇਕ ਥਾਂ 'ਤੇ ਜਾ ਕੇ ਰੁਕ ਗਈ, ਉਥੇ vision ਆਉਣ ਲਗ ਗਏ। ਇਹ ਜਿਹੜੇ ਨਾਮ ਜਪਦੇ ਨੇ ਉਹਨਾਂ ਨੂੰ ਇਹਨਾਂ ਗੱਲਾਂ ਦਾ ਪਤਾ ਹੁੰਦੈ ਕਿ ਕੀ ਹੋ ਰਹੀ ਹੈ ਗੱਲ। ਉਥੇ ਇਕ ਨੇ ਅਜੀਬ ਬਾਤ ਦੇਖੀ, ਦੂਸਰੇ ਨੇ, ਤੀਸਰੇ ਨੇ, ਚੌਥੇ ਨੇ, ਮੁੜ ਕੇ ਬਿਰਤੀ ਨਾ ਲੱਗੇ। ਕ੍ਰਿਸ਼ਨ ਮਹਾਰਾਜ ਕੋਲ ਆਏ। ਆਪ ਨੇ ਪੁੱਛਿਆ, ਕੀ ਦੇਖਿਆ? ਕਹਿਣ ਲੱਗੇ, ਬੜੀਆਂ ਅਜੀਬ-ਅਜੀਬ ਗੱਲਾਂ ਦੇਖੀਆਂ, ਸਾਡੀ ਤਾਂ ਸਮਝ ਵਿਚ ਨਹੀਂ ਆਈਆਂ। ਕਹਿੰਦੇ, ਕਿਸ ਤਰ੍ਹਾਂ? ਪਹਿਲਾ ਕਹਿਣ ਲੱਗਿਆ ਕਿ ਮਹਾਰਾਜ! ਮੈਂ ਦੇਖਿਆ ਕਿ ਇਕ ਖੇਤ ਭਰਿਆ ਹੋਇਆ ਹੈ ਫਸਲ ਨਾਲ। ਪਰ ਮੇਰੇ ਦੇਖਦੇ-ਦੇਖਦੇ ਵਾੜ ਜਿਹੜੀ ਕੀਤੀ ਹੋਈ ਸੀ ਉਸ ਨੂੰ ਮੂੰਹ ਲਗ ਗਿਆ ਤੇ ਵਾੜ ਨੇ ਸਾਰਾ ਹੀ ਖੇਤ ਖਾ ਲਿਆ।

ਕਹਿੰਦੇ, ਠੀਕ ਹੈ।

ਦੂਸਰੇ ਨੂੰ ਪੁੱਛਿਆ, ਤੈਨੂੰ ਕੀ ਨਜ਼ਰ ਆਇਆ?

ਉਹ ਕਹਿਣ ਲੱਗਿਆ ਕਿ ਮੈਂ ਦੇਖਿਆ, ਤਿੰਨ ਖੂਹ ਨੇ, ਵਿਚਕਾਰਲਾ ਖੂਹ ਸੁੱਕਾ ਹੈ ਉਹਦੀ ਧਾਰ ਉਹਦੇ 'ਚ ਪੈਂਦੀ ਹੈ। ਦੂਜੇ ਦੀ ਇਹਦੇ 'ਚ ਪੈਂਦੀ ਹੈ। ਵਿਚਾਲੇ ਕੋਈ ਨਹੀਂ। ਸੁੱਕੇ ਦਾ ਸੁੱਕਾ ਪਿਆ ਹੈ।

ਤੀਸਰੇ ਨੂੰ ਪੁੱਛਿਆ ਕਿ ਤੂੰ ਕੀ ਦੇਖਿਆ?

ਕਹਿਣ ਲੱਗਿਆ, ਮਹਾਰਾਜ! ਮੈਨੂੰ ਤਾਂ ਇਕ ਹਾਥੀ ਦਿਸਿਆ। ਉਹਦੇ ਦੋ ਸੁੰਡਾਂ ਲੱਗੀਆਂ ਹੋਈਆਂ ਨੇ। ਇਕ ਨਾਲ ਘਾਹ ਖਾਂਦਾ ਹੈ, ਇਕ ਨਾਲ ਮਾਸ ਖਾਂਦਾ ਹੈ। ਮਾਸ ਤਾਂ ਹਾਥੀ ਕਦੇ ਖਾਂਦਾ ਹੀ ਨਹੀਂ, ਪਰ ਮੈਨੂੰ ਇਹੋ ਜਿਹਾ ਹਾਥੀ ਦਿਸਿਆ।

ਚੌਥੇ ਨੂੰ ਪੁੱਛਿਆ ਕਿ ਤੈਨੂੰ ਕੀ ਦਿਸਿਆ?

ਕਹਿੰਦਾ, ਮਹਾਰਾਜ ਇਕ ਹੰਸ ਦੇਖਿਆ। ਉਹਦੇ ਖੰਭਾਂ 'ਤੇ ਵੇਦਾਂ ਦੇ ਸਲੋਕ ਲਿਖੇ ਹੋਏ ਨੇ ਤੇ ਮੋਤੀ ਤਾਂ ਖਾ ਨਹੀਂ ਰਿਹਾ, ਕੀੜੇ ਮਕੌੜੇ ਖਾ ਰਿਹੈ।

ਪੰਜਵੇਂ ਨੂੰ ਕਿਹਾ ਕਿ ਤੂੰ ਕੀ ਦੇਖਿਆ?

ਕਹਿੰਦਾ, ਮਹਾਰਾਜ! ਇਕ ਪਹਾੜ ਰੁੜ੍ਹਿਆ ਆਉਂਦਾ ਹੈ ਚੋਟੀ ਤੋਂ।

ਜਿਹੜੇ ਸ੍ਰੀ ਹੇਮਕੁੰਟ ਸਾਹਿਬ ਨੂੰ ਜਾਂਦੇ ਨੇ ਪ੍ਰੇਮੀ, ਉਹਨਾਂ ਨੂੰ ਪਤੈ ਕਿ ਬਰਫ਼ ਦਾ ਤੋਦਾ ਤਿਲਕਦੈ ਉਤੋਂ ਪੰਜ-ਪੰਜ ਸੌ ਗਜ਼, ਹਜ਼ਾਰ ਗਜ਼ ਸੜਕ ਰੋਕ ਦਿੰਦੈ। ਉਹਨੂੰ ਕੋਈ ਰੋਕ ਨਹੀਂ ਸਕਦਾ। ਨਾਲੇ ਪੱਥਰ ਰੋੜ੍ਹੀਂ ਚਲਿਆ ਆਉਂਦੈ।

ਮਹਾਰਾਜ! ਉਹ ਤਾਂ ਪਹਾੜ ਨੂੰ ਰੋੜ੍ਹੀ ਲਈ ਆਉਂਦਾ ਸੀ। ਦਰਖਤ ਤੋੜ ਦਿਤੇ ਉਹਨੇ, ਪਰ ਮੈਂ ਹੈਰਾਨ ਹੋਇਆ ਕਿ ਜਦੋਂ ਖੱਡ 'ਚ ਗਿਰਨ ਲੱਗਿਆ, ਉਥੇ ਇਕ ਘਾਹ ਦੇ ਤਿਨਕੇ ਨੇ ਉਹਨੂੰ ਰੋਕ ਲਿਆ। ਇਹ ਤਾਂ ਗੱਲਾਂ ਸਾਰੀਆਂ ਅਜੀਬ ਨੇ। ਸਾਨੂੰ ਨਹੀਂ ਗੱਲ ਸਮਝ 'ਚ ਆ ਰਹੀ।

ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, ਪਿਆਰਿਓ! ਉਹਨੇ ਦਸ ਦਿਤਾ ਕਿ ਮੇਰੇ ਰਾਜ ਦੇ ਅੰਦਰ, ਭਰਾ ਨੇ ਭਰਾ ਨਾਲ ਨਹੀਂ ਵਰਤਣਾ। ਤੀਸਰੇ ਨਾਲ ਜਾ ਕੇ ਉਹਦੇ ਖਿਲਾਫ ਵਰਤੇਗਾ। ਵਰਤ ਵਿਹਾਰ ਬਦਲ ਜਾਏਗਾ।

ਦੂਸਰੇ ਨੇ ਕਿਹਾ ਕਿ ਮੈਂ ਇਕ ਡੋਲ ਦੇਖਿਆ ਸੀ, ਉਹ ਪਹਿਲਾਂ ਡੋਲ ਨੇ 10 ਘੜੇ ਭਰ ਦਿਤੇ, ਜਦੋਂ 10 ਘੜੇ ਮੁੜ ਕੇ ਡੋਲ 'ਚ ਪਾਏ ਉਹ ਚੌਥਾ ਹਿੱਸਾ ਵੀ ਨਾ ਹੋਇਆ। ਉਹ ਕਹਿੰਦੇ ਕਿ ਕਲਜੁਗ ਨੇ ਦਸ ਦਿਤਾ ਕਿ ਮੇਰੇ ਰਾਜ ਦੇ ਅੰਦਰ ਤ੍ਰਿਸ਼ਨਾ ਦਾ ਰੋਗ ਲੱਗਿਆ ਰਹੇਗਾ। ਦਸ ਜਣੇ ਕਮਾਉਣਗੇ, ਫੇਰ ਵੀ ਗੁਜ਼ਾਰਾ ਨਹੀਂ ਹੋਣਾ। ਪਹਿਲੇ ਸਮਿਆਂ ਵਿਚ ਇਕ ਕਮਾਉਂਦਾ ਸੀ ਦਸ ਖਾਂਦੇ ਸੀ।

ਤੀਸਰੇ ਨੇ ਹੰਸ ਦੇਖਿਆ ਸੀ।

ਉਹ ਕਹਿੰਦੇ, ਕਲਜੁਗ ਦੇ ਜਿਹੜੇ ਪ੍ਰਚਾਰਕ ਹੋਣਗੇ, ਲੋਕਾਂ ਨੂੰ ਤਾਂ ਵੱਡੀਆਂ-ਵੱਡੀਆਂ ਗੱਲਾਂ ਸੁਣਾਉਣਗੇ ਪਰ ਆਪ ਉਹ ਨਾਮ ਰੂਪੀ ਮੋਤੀ ਨਹੀਂ ਚੁਗਣਗੇ। ਇਹਦੀ ਥਾਂ 'ਤੇ ਵਿਸ਼ੇ-ਵਿਕਾਰਾਂ ਰੂਪੀ ਕਿਰਮ ਚੁਗ-ਚੁਗ ਕੇ ਖਾਣਗੇ, ਸ਼ਰਾਬਾਂ ਪੀਣਗੇ। ਕਹਿਣਗੇ, ਮਾਸ ਖਾ ਲਓ ਕੋਈ ਗੱਲ ਨਹੀਂ। ਐਸੇ ਆ ਜਾਣਗੇ, ਨਖਿੱਧ ਕੰਮਾਂ ਨੂੰ ਕਹਿਣਗੇ ਕਿ ਤੁਸੀਂ ਇਹ ਕਰ ਲਓ।

ਪੰਜਵੇਂ ਨੇ ਆਪ ਨੂੰ ਕਿਹਾ, ਮੈਂ ਪੱਥਰ ਦੇਖਿਆ ਸੀ। ਕ੍ਰਿਸ਼ਨ ਮਹਾਰਾਜ ਨੇ ਕਿਹਾ, ਯੁਧਿਸ਼ਟਰ! ਤੈਨੂੰ ਨਾਲ ਹੱਲ ਦਸ ਦਿਤਾ ਕਿ ਮੇਰੇ ਪਾਪਾਂ ਦੇ ਪੱਥਰ ਨੂੰ ਕਿਸੇ ਨੇ ਰੋਕ ਨਹੀਂ ਸਕਣਾ। ਪਰ ਇਕ ਕੇਵਲ ਜਿਵੇਂ ਤਿਣਕਾ ਹੈ, ਇਵੇਂ ਚਾਰ ਅੱਖਰਾਂ ਦਾ ਨਾਮ 'ਵਾਹਿਗੁਰੂ' ਦੋ ਅੱਖਰਾਂ ਦਾ ਰਾਮ, ਤਿੰਨ ਦਾ ਅੱਲਾਹ ਹੈ, ਨਰਾਇਣ, ਗੋਬਿੰਦ, ਜੋ ਮੰਤਰ ਹੈ ਇਹਦੇ ਵਿਚ ਇਹ ਸੱਤਿਆ ਹੈ ਕਿ ਉਹ ਸਾਰੇ ਪਾਪਾਂ ਨੂੰ ਰੋਕ ਸਕਦੈ।

ਸੋ ਮਹਾਰਾਜ ਕਹਿੰਦੇ, ਪਿਆਰਿਓ! ਕਲਜੁਗ ਜੋ ਹੈ ਇਹਦੇ ਵਿਚ 'ਨਾਮ' ਪ੍ਰਧਾਨ ਰਹਿਣਾ ਹੈ। ਕਰਮਕਾਂਡ ਨਹੀਂ ਰਹਿਣਾ - **'ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ ॥ ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ ॥ ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ ॥'**

ਕਹਿੰਦੇ, ਮਹਾਰਾਜ! ਕਿਹੋ ਜਿਹਾ ਹੈ? ਕਹਿੰਦੇ, ਮਹਾਰਾਜ! ਓਹੀ ਦਿਨ ਰਹਿਣੇ ਨੇ। ਓਹੀ ਤਾਰੇ ਰਹਿਣੇ ਨੇ, ਲੋਕਾਂ ਦੇ ਖਿਆਲ ਬਦਲ ਜਾਣੇ ਨੇ। ਕਿਸੇ ਨੇ ਸੱਚ ਨਹੀਂ ਬੋਲਣਾ, ਝੂਠ ਬੋਲਣਗੇ। ਕਿਸੇ ਰਾਜੇ ਨੇ ਇਨਸਾਫ ਨਹੀਂ ਕਰਨਾ। ਬੇਇਨਸਾਫੀ ਹੋਏਗੀ। ਧਰਮ ਪ੍ਰਚਾਰਕ ਊਟ-ਪਟਾਂਗ ਗੱਲਾਂ ਸੁਣਾਉਣਗੇ। ਪੈਸੇ ਕਮਾਉਣ ਤੱਕ ਮੰਤਵ ਰੱਖਣਗੇ। ਜਨਤਾ ਦੇ ਭਲੇ ਲਈ ਉਹਨਾਂ ਦੇ ਮਨ ਵਿਚ ਕੋਈ ਗੱਲ ਹੀ ਨਹੀਂ ਹੋਣੀ। ਖਿਆਲ ਬਦਲ ਜਾਣਗੇ।

ਕਹਿੰਦੇ, ਮਹਾਰਾਜ! ਐਨੇ ਕਰਮੀਂ-ਧਰਮੀਂ ਹੁੰਦੇ ਹੋਏ, ਖਿਆਲ ਕਿਵੇਂ ਬਦਲ ਜਾਣਗੇ?

ਮਹਾਰਾਜ ਕਹਿੰਦੇ, ਕਲਜੁਗ ਆ ਗਿਆ, ਇਹਨੇ ਸਾਰਿਆਂ ਦਾ ਦਿਮਾਗ ਫੇਰ ਦੇਣਾ ਹੈ। ਤੁਹਾਡੇ ਕੋਈ ਮੁਕੱਦਮਾ ਹੈ?

ਕਹਿੰਦੇ, ਹਾਂ ਜੀ।

ਕਿਹੋ ਜਿਹਾ ਹੈ?

ਕਹਿੰਦੇ, ਜੀ ਇਕ ਕਿਸਾਨ ਨੇ ਜ਼ਮੀਨ ਵੇਚੀ ਹੈ, ਉਥੇ ਜਾ ਕੇ ਉਹਨੂੰ ਸੋਨੇ ਦੀ ਗਾਗਰ ਲੱਭ ਗਈ, ਜਿਹਨੇ ਖਰੀਦੀ ਸੀ। ਉਹ ਗਾਗਰ ਜਿਸ ਤੋਂ ਜ਼ਮੀਨ ਲਈ ਸੀ ਉਹਨੂੰ ਦੇਣ ਗਿਆ ਕਿ ਲੈ ਭਾਈ! ਆਹ ਤੇਰੀ ਗਾਗਰ ਸੀ। ਮੈਂ ਤਾਂ ਤੇਰੇ ਤੋਂ ਜ਼ਮੀਨ ਮੁੱਲ ਲਈ ਹੈ, ਦੱਬੀ ਹੋਈ ਚੀਜ਼ ਨਹੀਂ ਮੈਂ ਵਿਚ ਲਿਖਾਈ।

ਕਹਿੰਦੇ, ਫੇਰ?

ਕਹਿੰਦੇ, ਉਹ ਲੈਂਦਾ ਨਹੀਂ। ਕਹਿੰਦਾ, ਮੈਂ ਤਾਂ ਵੇਚ ਦਿਤੀ। ਚਾਹੇ ਕੁਛ ਨਿਕਲ ਆਏ।

ਕਹਿੰਦੇ, ਦੋ ਮਹੀਨੇ ਰੁਕ ਜਾਓ। ਕਲਜੁਗ ਅਜੇ ਉਂਗਲੀ ਧਰਨ ਲੱਗਿਆ ਹੋਇਐ, ਆ ਜਾਣ ਦਿਓ। ਅੰਗੂਠਾ ਧਰ ਲੈਣ ਦਿਓ ਉਹਨੂੰ।

ਦੋ ਮਹੀਨੇ ਬਾਅਦ ਫੇਰ ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਉਸ ਮੁੱਕਦਮੇ ਦਾ ਹੁਣ ਕਿਵੇਂ ਹਾਲ ਹੈ?

ਕਹਿੰਦੇ, ਮਹਾਰਾਜ! ਜਿਹਨੇ ਜ਼ਮੀਨ ਖਰੀਦੀ ਸੀ ਉਹਨੇ ਆਪਣੀ ਅਰਜ਼ੀ ਵਾਪਸ ਲੈ ਲਈ ਕਿ ਇਹਦੇ

ਵਿਚ ਜੋ ਕੁਝ ਨਿਕਲੇਗਾ ਮੇਰਾ ਹੀ ਹੈ, ਉਹਦਾ ਕੋਈ ਹੱਕ ਨਹੀਂ।

ਜਿਹਨੇ ਵੇਚੀ ਸੀ ਉਹ ਅੱਜ ਕਹਿੰਦਾ ਹੈ ਕਿ ਇਹ ਤਾਂ ਮੇਰੀ ਗਾਗਰ ਹੈ, ਮੈਂ ਤਾਂ ਲਿਖ ਕੇ ਨਹੀਂ ਦਿਤੀ। ਮੈਂ ਤਾਂ ਇਕੱਲੀ ਜ਼ਮੀਨ ਦਿਤੀ ਸੀ।

ਕਹਿੰਦੇ, ਬਸ ਆਹੀ ਹੈ, ਲੋਕਾਂ ਦੇ ਖਿਆਲ ਬਦਲ ਜਾਣੇ ਨੇ। ਉਹ ਕਿਸੇ ਥਾਂ ਦੇ ਉਤੇ ਬੈਠਾ ਨਹੀਂ ਹੈ, ਬਸ ਨਿਸ਼ਾਨੀਆਂ ਹੋਣਗੀਆਂ।

*ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥*
*ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥*
*ਅੰਗ - ੯੦੨*

ਸੱਚ ਬੋਲਣ ਵਾਲਾ, ਸੱਚ ਦੇ ਉਤੇ ਚੱਲਣ ਵਾਲਾ। ਕਹਿੰਦੇ, ਬੇਅੰਤ ਤਕਲੀਫਾਂ ਹੋਣਗੀਆਂ। ਜੇ ਕੋਈ ਤਪ ਕਰਨ ਲਗ ਗਿਆ, ਉਸ ਤੋਂ ਤਪ ਪੂਰਾ ਨਹੀਂ ਹੋ ਸਕਣਾ। ਜੇ ਕੋਈ ਭਜਨ ਕਰਨ ਲਗ ਗਿਆ, ਉਹਦੀ ਬਦਨਾਮੀ ਹੋਣੀ ਸ਼ੁਰੂ ਹੋ ਜਾਏਗੀ। 'ਕਲਿ ਕੇ ਲਖਣ ਏਈ ।' ਕਹਿੰਦੇ, ਪਿਆਰਿਓ! ਲੱਖਣ ਨੇ ਇਹ -

*ਕਲਿਜੁਗ ਮਹਿ ਘੋਰ ਅੰਧਾਰੁ ਹੈ ਮਨਮੁਖ ਰਾਹੁ ਨ ਕੋਇ ॥*
*ਅੰਗ- ੧੨੮੫*

ਮਨਮੁਖ ਨੂੰ ਇਹਦੇ ਵਿਚ ਕੋਈ ਰਾਹ ਨਹੀਂ ਲੱਭਦਾ। ਮਹਾਰਾਜ ਕਹਿੰਦੇ -

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥*
*ਅੰਗ - ੧੪੫*

ਕਹਿੰਦੇ, ਘੋਰ ਅੰਧਾਰ ਹੈ।

ਮਹਾਰਾਜ! ਇਹਦੇ ਵਿਚ ਫੇਰ ਤਾਂ ਕੋਈ ਵੀ ਨਹੀਂ ਬਚਣਾ।

ਕਹਿੰਦੇ, ਭਾਗਾਂ ਵਾਲੇ, ਗੁਰੂ ਵਾਲੇ ਹੋ ਜਾਣਗੇ, ਗੁਰੂ ਤੋਂ ਉਪਦੇਸ਼ ਲੈ ਕੇ ਨਾਮ ਦੀ ਕਮਾਈ ਕਰਨਗੇ। ਉਹਨਾਂ ਦੀ ਮੁਕਤੀ ਹੋ ਜਾਏਗੀ - ***'ਸੇ ਵਡਭਾਗੀ ਨਾਨਕਾ ਜਿਨ ਗੁਰਮੁਖਿ ਪਰਗਟੁ ਹੋਇ ॥'***

ਸੋ ਇਸ ਕਰਕੇ ਆਪਾਂ ਜਿਸ ਯੁੱਗ 'ਚੋਂ ਲੰਘ ਰਹੇ ਹਾਂ। ਮੈਂ ਉਸ ਦੀ ਗੱਲ ਕਰ ਰਿਹਾਂ। ਕਈ ਦਿਨਾਂ ਤੋਂ ਤੁਸੀਂ ਪਿੱਛੇ ਸਤਿਸੰਗ ਸੁਣ ਰਹੇ ਹੋਂ। ਨਾਮ ਦੇ ਬਰਾਬਰ ਕੋਈ ਸਾਧਨ ਨਹੀਂ ਸੰਸਾਰ ਦੇ ਅੰਦਰ। ਸਭ ਤੋਂ ਵੱਡਾ ਸਾਧਨ ਨਾਮ ਹੈ।

ਐਸੀ ਇਕ ਸਾਖੀ ਆਉਂਦੀ ਹੈ ਕਿ ਪਰੀਛਤ ਰਾਜਾ ਹੋਇਆ, ਜਿਹਦੇ ਸੋਨੇ ਦੇ ਮੁਕਟ ਵਿਚ ਕਲਜੁਗ ਆ ਗਿਆ। ਜਿਸ ਵਕਤ ਕਲਜੁਗ ਆਇਆ। ਐਸੀ ਇਕ ਸਾਖੀ ਹੈ ਸਮਝਣ ਵਾਸਤੇ। ਉਹ ਜੰਗਲ ਵਿਚ ਜਾਂਦਾ ਹੈ, ਉਹ ਕੀ ਦੇਖਦਾ ਹੈ ਕਿ ਇਕ ਬੈਲ ਨੂੰ ਕੋਈ ਮਾਰ ਰਿਹਾ। ਤਿੰਨ ਲੱਤਾਂ ਉਹਦੀਆਂ ਤੋੜ ਦਿਤੀਆਂ, ਚੌਥੀ ਤੋੜਨ ਲੱਗਿਆ ਹੋਇਐ। ਇਕ ਦਮ ਘੋੜਾ ਨਠਾ ਕੇ ਗਿਆ, ਤਲਵਾਰ ਕੱਢ ਲਈ।

ਕਹਿਣ ਲੱਗਿਆ, ਕੀ ਗੱਲ ਰਾਜਨ! ਬਿਨਾਂ ਬਾਤ-ਚੀਤ ਕਰੇ ਮਾਰਨ ਲੱਗਿਐਂ ਤੂੰ ਮੈਨੂੰ?

ਕਹਿੰਦਾ, ਤੂੰ ਇਸ ਬੈਲ ਨੂੰ ਮਾਰ ਰਿਹੈਂ?

ਕਹਿੰਦਾ, ਮੈਂ ਬੈਲ ਨੂੰ ਨਹੀਂ ਮਾਰ ਰਿਹਾ, ਮੈਂ ਤਾਂ ਧਰਮ ਨੂੰ ਮਾਰ ਰਿਹਾ ਹਾਂ, ਧਰਮ ਦੇ ਤਿੰਨ ਪੈਰ ਤੋੜ ਦਿਤੇ ਨੇ, ਇਕ ਰਹਿੰਦਾ ਹੈ। ਇਕ ਦੇ ਆਸਰੇ ਇਹ ਬੈਲ ਖੜ੍ਹਾ ਹੈ।

ਕਹਿਣ ਲੱਗਿਆ, ਤੂੰ ਕੌਣ ਹੈਂ?

ਕਹਿੰਦਾ, ਮੈਂ ਕਲਜੁਗ ਹਾਂ।

ਤੂੰ ਮੇਰੇ ਰਾਜ ਵਿਚ ਕਿਵੇਂ ਆ ਗਿਆ?

ਕਹਿੰਦਾ, ਮੇਰਾ ਪਹਿਰਾ ਆ ਗਿਆ, ਤੂੰ ਰਾਜਾ ਬਣ ਗਿਆ, ਅਭਿਮਨਯੂ ਤੋਂ ਬਾਅਦ, ਪਾਂਡਵਾਂ ਤੋਂ ਬਾਅਦ ਤੇ ਮੇਰੇ ਭਰਾਵਾਂ ਦਾ ਰਾਜ ਖਤਮ ਹੋ ਗਿਆ। ਹੁਣ ਮੇਰਾ ਰਾਜ ਹੈ। 4 ਲੱਖ 32 ਹਜ਼ਾਰ ਸਾਲ ਮੇਰੀ ਉਮਰ ਹੈ।

ਕਹਿਣ ਲੱਗਿਆ, ਤੂੰ ਕਰੇਂਗਾ ਕੀ?

ਕਹਿੰਦਾ, ਕੋਈ ਚੰਗਾ ਕੰਮ ਮੈਂ ਹੋਣ ਨਹੀਂ ਦੇਵਾਂਗਾ। ਕਲ੍ਹਾ-ਕਲੇਸ਼ ਘਰ-ਘਰ ਵਿਚ ਪਾ ਦੇਵਾਂਗਾ। ਨਾ ਬਜ਼ੁਰਗ ਦਾ ਕਿਹਾ ਹੋਇਆ ਕੋਈ ਬੱਚਾ ਮੰਨੇ। ਆਪੋ ਧਾਪੀ ਮਚੀ ਰਹੇਗੀ। ਲੜਕੀਆਂ ਦਾ ਆਪਣਾ ਰਾਹ, ਘਰਵਾਲੇ ਦਾ ਆਪਣਾ ਰਾਹ। ਰਾਜੇ ਦਾ ਆਪਣਾ ਰਾਹ, ਪਰਜਾ ਦਾ ਆਪਣਾ ਰਾਹ। ਵਿਚਲਾ ਪਿਆਰ ਸਾਰਾ ਹੀ ਖਤਮ ਹੋ ਜਾਏਗਾ। ਕਲ੍ਹਾ ਤੇ ਕਲੇਸ਼ ਵਰਤ ਜਾਏਗੀ। ਦੁਨੀਆਂ ਦੁਖੀ ਹੋ ਜਾਏਗੀ, ਸਾਰੇ ਤੀਰਥ ਮੈਂ ਭ੍ਰਿਸ਼ਟ ਕਰ ਦੇਣੇ ਨੇ, ਫਲ ਬਿਲਕੁਲ ਨਹੀਂ ਰਹਿਣਾ ਤੀਰਥਾਂ ਦਾ। ਕਰਮ-ਧਰਮ, ਮੈਂ ਕਿਸੇ ਨੂੰ ਕਰਨ ਹੀ ਨਹੀਂ ਦੇਣਾ ਤੇ ਦੁਨੀਆਂ ਆਪਣੇ ਆਪ ਭ੍ਰਿਸ਼ਟ ਹੋ ਜਾਏਗੀ।

ਕਹਿੰਦਾ, ਫੇਰ ਤਾਂ ਤੈਨੂੰ ਮਾਰ ਦੇਣਾ ਚਾਹੀਦਾ ਹੈ।

ਉਹ ਕਹਿੰਦਾ, ਬੁਰਾ ਹਿੱਸਾ ਤਾਂ ਤੂੰ ਮੇਰਾ ਦੇਖ ਲਿਆ ਪਰ ਮੇਰੇ ਵਿਚ ਇਕ ਚੰਗਾ ਗੁਣ ਵੀ ਹੈ। ਮੈਨੂੰ ਇਕ ਚੀਜ਼ ਪ੍ਰਾਪਤ ਹੋਈ ਹੈ, ਤੁਹਾਡੀ ਕਲਿਆਣ ਵਾਸਤੇ।

ਕਹਿੰਦਾ, ਉਹ ਕੀ?

ਕਹਿੰਦਾ, ਪ੍ਰਮੇਸ਼ਰ ਦਾ ਨਾਮ।

ਕਿੰਨਾ ਫਲ ਦਿੰਦਾ ਹੈ?

ਕਹਿੰਦਾ, ਉਹਦੇ ਫਲ ਦਾ ਕੋਈ ਅੰਤ ਹੀ ਨਹੀਂ ਹੈ -

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥*

*ਅੰਗ - ੮੧*

ਦੁਨੀਆਂ 'ਚ ਕੋਈ ਤਾਕਤ ਨਹੀਂ ਜਿਹੜੀ ਪ੍ਰਮੇਸ਼ਰ ਦੇ ਨਾਮ ਦੀ ਕੀਮਤ ਜਾਣਦੀ ਹੋਵੇ। ਜੇ ਅੰਤ ਦੇ ਸਮੇਂ ਇਕ ਵਾਰੀ ਉਸ ਦੇ ਮੁਖ 'ਚੋਂ, ਆਖਰੀ ਸਵਾਸ ਦੇ ਉਤੇ, ਰਾਮ, ਅੱਲਾਹ, ਗੋਬਿੰਦ ਨਿਕਲ ਗਿਆ, ਸਾਰੀ ਜ਼ਿੰਦਗੀ ਦੇ ਕੀਤੇ ਹੋਏ ਪਾਪ ਕੱਟੇ ਜਾਣਗੇ। ਗੁਰੂ ਦਸ਼ਮੇਸ਼ ਪਿਤਾ ਫੁਰਮਾਉਂਦੇ ਨੇ-

*ਏਕ ਚਿਤ ਜਿਹ ਇਕ ਛਿਨ ਧਿਆਇਓ।*
*ਕਾਲ ਫਾਸ ਕੇ ਬੀਚ ਨ ਆਇਓ।*

ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਕੱਟੇ ਜਾਣਗੇ ਚੌਰਾਸੀ ਵਾਲੇ ਗੇੜੇ,*
*ਸਤਿਨਾਮੁ ਬੋਲ ਵਾਹਿਗੁਰੂ।*

ਕਹਿਣ ਲੱਗਿਆ, ਇਹ ਗੁਣ ਤਾਂ ਤੇਰਾ ਬਹੁਤ ਵੱਡਾ ਹੈ। ਤਾਂ ਤੇਰੇ ਸਾਰੇ ਪਾਪ, ਤੇਰੀਆਂ ਸਾਰੀਆਂ ਖੇਚਲਾਂ, ਇਕ ਵਾਰੀ ਪ੍ਰਮੇਸ਼ਰ ਦਾ ਨਾਮ ਲੈਣ 'ਤੇ ਦੂਰ ਹੋ ਜਾਣਗੀਆਂ।

ਕਹਿੰਦਾ, ਹਾਂ।

ਪਰ ਮੈਂ ਕਿਸੇ ਨੂੰ ਲੈਣ ਨਹੀਂ ਦੇਣਾ ਪ੍ਰਮੇਸ਼ਰ ਦਾ ਨਾਮ, ਉਹਦਾ ਮਨ ਇਹੋ ਜਿਹਾ ਕਰ ਦੇਵਾਂਗਾ, ਇਕ ਸਕਿੰਟ ਵਾਸਤੇ ਵੀ ਉਹ ਏਧਰ ਧਿਆਨ ਨਹੀਂ ਦੇਵੇਗਾ। ਰਾਜਾ ਪਰੀਛਤ ਕਹਿਣ ਲੱਗਿਆ, ਫੇਰ ਤਾਂ ਕਲਜੁਗ ਠੀਕ ਹੈ, ਤੂੰ ਰਹਿ ਸਕਦਾ ਹੈ। ਕਹਿੰਦਾ, ਮਹਾਰਾਜ! ਮੈਨੂੰ ਸ਼ਰਨ ਦਿਓ। ਦੱਸੋ, ਕਿੱਥੇ ਰਹਾਂ। ਤੁਹਾਡੇ ਹੁੰਦੇ-ਹੁੰਦੇ ਦੱਸੋ ਮੈਂ ਕਿੱਥੇ ਰਹਾਂ?

ਕਹਿੰਦਾ, ਤੂੰ ਦਸ?

ਕਹਿੰਦਾ, ਮੈਨੂੰ ਸ਼ਰਾਬ ਖਾਨਿਆਂ 'ਚ ਜਗ੍ਹਾ ਦੇ ਦਿਓ, ਜਿਥੇ ਸ਼ਰਾਬ ਵਿਕਦੀ ਹੈ।

ਉਹ ਕਹਿਣ ਲੱਗਿਆ, ਸ਼ਰਾਬ ਤਾਂ ਸਾਡੇ ਕੋਈ ਪੀਂਦਾ ਹੀ ਨਹੀਂ ਹੈ। ਨਾ ਕੋਈ ਰਾਜ 'ਚ ਸ਼ਰਾਬੀ ਹੈ। ਇਸ ਕਰਕੇ ਜਗ੍ਹਾ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਕਹਿਣ ਲੱਗਿਆ, ਫੇਰ ਮੈਨੂੰ ਜਿਥੇ ਜੂਆ ਖੇਲ੍ਹਦੇ ਨੇ, ਜੂਏ ਖਾਨਿਆਂ 'ਚ ਜਗ੍ਹਾ ਦੇ ਦਿਓ।

ਉਹ ਕਹਿਣ ਲੱਗਿਆ ਕਿ ਮੇਰੇ ਰਾਜ ਵਿਚ ਕੋਈ ਜੂਆ ਨਹੀਂ ਖੇਲ੍ਹਦਾ ਕਿਉਂਕਿ ਮੇਰੇ ਦਾਦਿਆਂ ਨੇ ਜੂਆ ਖੇਲ੍ਹਿਆ ਸੀ, ਜਿਸ ਕਰਕੇ ਕਿੱਡਾ ਵੱਡਾ ਮਹਾਂਭਾਰਤ ਦਾ ਯੁੱਧ ਹੋਇਆ। 45 ਲੱਖ ਬੰਦਾ 18 ਦਿਨ 'ਚ ਮਰਿਆ। ਮੈਂ ਸਖਤ ਮਨਾਹੀ ਕੀਤੀ ਹੋਈ ਕਿ ਕੋਈ ਵੀ ਬੰਦਾ ਜੂਆ ਨਹੀਂ ਖੇਡੇਗਾ।

ਸੋਚਦਾ ਰਿਹਾ। ਕਹਿਣ ਲੱਗਿਆ ਕਿ ਮੈਨੂੰ ਕਚਹਿਰੀਆਂ 'ਚ ਜਗ੍ਹਾ ਦੇ ਦਿਓ, ਜਿਥੇ ਝੂਠ ਬੋਲਦੇ ਹੋਣ।

ਉਹ ਕਹਿਣ ਲੱਗਿਆ, ਮੇਰੇ ਰਾਜ ਵਿਚ ਕਚਹਿਰੀਆਂ ਨਹੀਂ ਹਨ। ਮੇਰੇ ਰਾਜ ਵਿਚ ਹੁੰਦੀਆਂ ਨੇ ਪੰਚਾਇਤਾਂ, ਜੇ ਕੋਈ ਫੈਸਲਾ ਨਹੀਂ ਹੁੰਦਾ ਤਾਂ ਰਾਜੇ ਕੋਲ ਆ ਜਾਂਦੇ ਨੇ। ਪਿੰਡ ਦੀ ਪੰਚਾਇਤ ਨੂੰ ਅਧਿਕਾਰ ਹੈ, ਉਹ ਸੱਚ-ਸੱਚ ਨਿਬੇੜਾ ਕਰਦੀ ਹੈ। ਉਥੇ ਨਾ ਕੋਈ ਝੂਠ, ਨਾ ਕੋਈ ਤੁਫਾਨ।

ਕਹਿਣ ਲੱਗਿਆ, ਮੈਨੂੰ ਉਥੇ ਜਗ੍ਹਾ ਦੇ ਦਿਓ, ਜਿਥੇ ਸੱਸ-ਨੂੰਹ ਦੀ ਲੜਾਈ ਹੁੰਦੀ ਹੋਵੇ। ਜਿਥੇ ਪੁੱਤਰ, ਪਿਉ ਦਾ ਆਖਾ ਨਾ ਮੰਨਦਾ ਹੋਵੇ। ਕਰਮ ਧਰਮ ਤੋਂ ਹੀਣੇ ਹੋਣ।

ਕਹਿਣ ਲੱਗਿਆ, ਕਲਜੁਗ! ਇਹ ਰਾਜ ਐਨੇ ਸਤੋਗੁਣੀ ਨੇ, ਇਥੇ ਬਜ਼ੁਰਗ ਦਾ ਐਨਾ ਸਤਿਕਾਰ ਹੈ। ਉਹਦੀ ਸੇਵਾ ਕਰਨੀ ਬਹੁਤ ਜ਼ਰੂਰੀ ਹੈ। ਬਹੁਤ ਫਲ ਹੈ, ਬਜ਼ੁਰਗਾਂ ਦੀ ਅਸੀਸ ਲਗਦੀ ਹੈ। ਇਸ ਕਰਕੇ, ਕੋਈ ਬੰਦਾ ਗਲਤ ਨਹੀਂ ਹੈ।

ਕਹਿਣ ਲੱਗਿਆ, ਫੇਰ ਮੈਨੂੰ ਵੇਸਵਾਵਾਂ 'ਚ ਜਗ੍ਹਾ ਦੇ ਦਿਓ।

ਕਹਿੰਦਾ, ਸਾਡੇ ਰਾਜ 'ਚ ਕੋਈ ਵੇਸਵਾ ਨਹੀਂ ਹੈ।

ਕਹਿੰਦਾ, ਹੁਣ ਇਕ ਰਹਿ ਗਿਆ, ਸੋਨਾ। ਸੋਨੇ 'ਚ ਜਗ੍ਹਾ ਦੇ ਦਿਓ।

ਕਹਿੰਦਾ, ਠੀਕ ਹੈ ਸੋਨੇ 'ਚ ਰਹਿ ਪੈ।

ਕਲਜੁਗ ਆ ਗਿਆ, ਉਹਦੇ ਹੀ ਤਾਜ ਲੱਗਿਆ ਹੋਇਆ ਸੀ। ਕਲਜੁਗ ਉਹਦੇ 'ਚ ਵੜ ਗਿਆ।

ਇਕ ਦਿਨ ਉਹ ਸ਼ਿਕਾਰ ਵਾਸਤੇ ਜਾਂਦਾ ਹੈ, ਅੱਗੋਂ ਹਿਰਨ ਨਿਕਲਿਆ ਤੇ ਹਿਰਨ ਦੇ ਪਿੱਛੇ ਘੋੜਾ ਲਾ ਲਿਆ। ਘੋੜਾ ਲਾਇਆ ਤਾਂ ਅੱਗੇ ਇਕ ਰਿਸ਼ੀ ਸਮਾਧੀ 'ਚ ਬੈਠਾ ਸੀ। ਇਹਨੇ ਪੁੱਛਿਆ ਕਿ ਬਾਬਾ! ਹਿਰਨ ਗਿਆ ਹੈ ਏਧਰ ਨੂੰ? ਸਾਧੂ ਦੇ ਨੇਤਰ ਬੰਦ ਸੀ, ਉਹ ਆਪਣੀ ਸਮਾਧੀ ਵਿਚ ਗਿਆ ਹੋਇਆ ਸੀ। ਇਹਨੇ ਕਿਹਾ ਪਖੰਡੀ ਹੈ। ਸੱਪ ਚੁੱਕ ਕੇ ਉਹਦੇ ਗਲ ਵਿਚ ਪਾ ਦਿਤਾ। ਆਪ ਚਲਿਆ ਗਿਆ ਤੇ ਉਸ ਤੋਂ ਬਾਅਦ ਉਹਦਾ ਚੇਲਾ ਆਇਆ ਤੇ ਉਹਨੇ ਦੇਖਿਆ ਕਿ ਸੱਪ ਪਾ ਗਿਆ। ਉਹਨੇ ਸਰਾਪ ਦੇ ਦਿਤਾ ਕਿ ਜਿਹਨੇ ਇਹ ਸੱਪ ਪਾਇਐ, ਉਹ ਅੱਠ ਦਿਨਾਂ ਦੇ ਅੰਦਰ-ਅੰਦਰ ਸੱਪ ਲੜ ਕੇ ਮਰ ਜਾਏਗਾ।

ਏਧਰ ਜਦੋਂ ਰਾਜਾ ਪਰੀਛਤ ਆਇਆ ਘਰ ਤਾਂ ਤਾਜ ਲਾਹਿਆ ਆ ਕੇ। ਫੇਰ ਸੋਚਿਆ ਕਿ ਮੇਰੇ ਤੋਂ ਤਾਂ ਬੜੀ ਭੁੱਲ ਹੋ ਗਈ। ਇਹ ਮੇਰੀ ਮੱਤ ਨੂੰ ਕੀ ਹੋ ਗਿਆ ਕਿ ਮੈਂ ਮਹਾਂਪੁਰਸ਼ ਦਾ ਸਤਿਕਾਰ ਕਰਨਾ ਸੀ। ਮੈਂ ਉਹਦੇ ਗਲ ਵਿਚ ਸੱਪ ਪਾ ਦਿਤਾ। ਬਹੁਤ ਸੋਚ ਰਿਹੈ। ਕੁਝ ਸਮਝ ਵਿਚ ਨਹੀਂ ਆ ਰਿਹਾ ਕਿ ਮੇਰੀ ਮੱਤ ਨੂੰ ਕੀ ਹੋ ਗਿਆ।

ਸੋ ਇਸ ਤਰ੍ਹਾਂ ਦੇ ਨਾਲ ਕਲਜੁਗ ਹੌਲੀ-ਹੌਲੀ ਸਾਰੇ ਪਸਰ ਗਿਆ। ਪੰਜ ਹਜ਼ਾਰ ਸਾਲ ਦੇ ਵਿਚ ਕਹਿੰਦਾ, ਮੈਂ ਬਿਲਕੁਲ ਹਨ੍ਹੇਰ ਗੁਬਾਰ ਕਰ ਦੇਣੈ, ਕੋਈ ਭੁੱਲ ਕੇ ਵੀ ਰੱਬ ਦਾ ਨਾਮ ਨਾ ਲਵੇ।

ਸੋ ਇਹਦੇ ਵਿਚ ਜਿਹੜੀ ਇੱਕੋ ਇਕ ਰਿਆਇਤ ਹੈ ਸਾਧਸੰਗਤ ਜੀ, ਉਹ ਹੈ ਨਾਮ ਦੀ।

ਹੁਣ ਜਿਥੇ ਮੈਂ ਤੁਹਾਨੂੰ ਲਿਜਾਉਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਬਾਕੀ ਨਹੀਂ ਚਲਦੇ। ਬਾਕੀਆਂ ਦਾ ਫਲ ਹੈ ਕਿ ਅਥਾਹ, ਪਰ ਇਹ ਸਾਡੇ ਤੋਂ ਖੁਸਿਆ ਚਲਿਆ ਜਾ ਰਿਹੈ ਕਿਉਂਕਿ ਸਾਨੂੰ ਕਦਰ ਨਹੀਂ ਹੈ। ਕਦਰਦਾਨ ਤੋਂ ਬਿਨਾਂ ਕੀਮਤੀ ਚੀਜ਼ ਦਾ ਮੁੱਲ ਨਹੀਂ ਪਿਆ ਕਰਦਾ।

ਹੁਣ ਇਹ ਹੁੰਦੈ ਕਿ ਤੁਸੀਂ ਇਕ ਵਾਰੀ ਗੱਲ ਕਹੀ ਹੈ ਕਿ ਜੇ ਕੋਈ ਇਕ ਵਾਰੀ ਨਾਮ ਜਪ ਲਏਗਾ ਤਾਂ ਉਹਦਾ ਉਧਾਰ ਹੋ ਜਾਏਗਾ। ਇਥੇ ਤਾਂ ਲੋਕ ਰਾਮ-ਰਾਮ, ਵਾਹਿਗੁਰੂ-ਵਾਹਿਗੁਰੂ ਕਰਦੇ ਨੇ। ਫੇਰ ਸਾਰਿਆਂ ਦਾ ਉਧਾਰ ਹੋ ਜਾਣਾ ਚਾਹੀਦੈ। ਕਹਿੰਦੇ, ਇਸ ਤਰ੍ਹਾਂ ਨਹੀਂ ਹੁੰਦਾ -

*ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥*
*ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥*
*ਅੰਗ - ੪੯੧*

ਗੁਰੂ ਦੀ ਕ੍ਰਿਪਾ ਨਾਲ, ਜੇ ਨਾਮ, ਮਨ ਵਿਚ ਵਸ ਜਾਏ ਤਾਂ ਫਲ ਮਿਲਦਾ ਹੈ। ਨਿਗੁਰੇ ਦੀ ਸੌ ਸਾਲ ਦੀ ਭਗਤੀ, ਗੁਰੂ ਵਾਲੇ ਦੀ ਇਕ ਘੜੀ ਦੀ ਭਗਤੀ, ਵੱਧ ਹੋਇਆ ਕਰਦੀ ਹੈ।

ਗੁਰੂ ਘਰ ਦੇ ਵਿਚ ਨਾਮ ਲੈਣ ਦਾ ਜੋ ਤਰੀਕਾ ਗੁਰੂ ਦਸਵੇਂ ਪਾਤਸ਼ਾਹ ਨੇ ਦਸਿਆ ਹੈ ਉਹ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨੋ। ਇਹਨਾਂ ਦੀ ਹਾਜ਼ਰੀ 'ਚ ਆ ਕੇ ਗੁਰਮੰਤ੍ਰ ਲਵੋ। ਮੰਤਰ ਦੇਣ ਤੋਂ ਪਹਿਲਾਂ ਪੰਜ ਪਿਆਰੇ ਅੰਮ੍ਰਿਤ ਛਕਾਉਂਦੇ ਨੇ, ਉਸ ਤੋਂ ਬਾਅਦ ਰਹਿਤਾਂ ਕੁਰਹਿਤਾਂ ਦੀ ਜਾਣਕਾਰੀ ਦਿੰਦੇ ਨੇ। ਮੂਲਮੰਤ੍ਰ ਦਸਦੇ ਨੇ। ਫੇਰ ਇਕੱਠੇ ਹੋ ਕੇ ਬੋਲਦੇ ਨੇ ਕਿ ਲੈ ਤੈਨੂੰ ਗੁਰਮੰਤ੍ਰ ਦਿੰਦੇ ਹਾਂ। ਉਹ ਗੁਰਮੰਤ੍ਰ ਦੀ ਜੋ ਰੀਤ ਹੈ, ਉਹ ਜਪ-ਜਪ ਕੇ ਨਾਮ ਦੇ ਮੰਡਲ 'ਚ ਚਲਿਆ ਜਾਂਦੈ। ਨਾਮ ਤਾਂ ਇਥੋਂ ਹੀ ਸ਼ੁਰੂ ਹੋ ਜਾਂਦੈ। ਜਿਵੇਂ ਤੁਸੀਂ ਸੰਗਤ 'ਚ ਬੈਠੇ ਹੋਂ, ਇਹ ਨਾਮ ਦਾ ਹਿੱਸਾ ਹੁੰਦੈ। ਬਾਣੀ ਪੜ੍ਹਨੀ, ਨਾਮ ਜਪਣਾ, ਗੁਰਦੁਆਰੇ ਜਾਣਾ, ਸੇਵਾ ਕਰਨੀ, ਬੈਠ ਕੇ ਨਾਮ ਜਪਣਾ। ਇਹ ਸਭ ਨਾਮ ਦੇ ਵਿਚ ਹੀ ਆ ਜਾਂਦਾ ਹੈ। ਜਿਵੇਂ ਆਪਾਂ ਦਾਣਾ ਪੈਦਾ ਕਰਨਾ ਹੈ ਜਿੰਨਾਂ ਚਿਰ ਖੇਤ ਵਾਹੁੰਦੇ ਹਾਂ, ਪਾਣੀ ਦਿੰਦੇ ਹਾਂ, ਗੁਡਾਈਆਂ ਕਰਦੇ ਹਾਂ, ਬੀਜ ਪਾਉਂਦੇ ਹਾਂ ਇਹ ਸਾਰਾ ਖੇਤੀ ਹੀ ਕਹਾਉਂਦੀ ਹੈ। ਇਸੇ ਤਰ੍ਹਾਂ ਇਹ ਜਿੰਨੀ ਵੀ ਪ੍ਰਕ੍ਰਿਆ ਹੈ ਇਹਨੂੰ ਨਾਮ ਕਹਿੰਦੇ ਨੇ। ਪਰ ਨਾਮ ਜਿਥੇ ਜਾ ਕੇ ਉੱਚੀ ਅਵਸਥਾ 'ਚ ਆਉਂਦੈ, ਉਥੇ ਨਾਮ ਜਿਹੜਾ ਹੈ, ਉਹ ਉਧਾਰ ਕਰਦੈ। ਐਸਾ ਇਕ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਜ਼ਿਕਰ ਆਉਂਦੈ ਕਿ ਜਿਹਨੇ ਨਾਮ ਲੈ ਲਿਆ, ਅੰਤ ਦਾ ਸਮਾਂ ਹੋਵੇ, ਉਹਦੀ ਬਿਰਤੀ ਨਾਮ ਵਿਚ ਹੋਵੇ -

*ਅੰਤਿ ਕਾਲਿ ਨਾਰਾਇਣੁ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਬਦਤਿ ਤਿਲੋਚਨੁ ਤੇ ਨਰ ਮੁਕਤਾ*
*ਪੀਤੰਬਰੁ ਵਾ ਕੇ ਰਿਦੈ ਬਸੈ ॥* *ਅੰਗ - ੫੨੬*

ਸੋ ਇਹ ਨਾਮ ਦੀ ਮਹਿਮਾ ਹੈ।

*'ਚਲਦਾ....।'*

***(ਵੀਡੀਓ ਫਿਲਮ ਦੀਵਾਨ ਨੰ: 757)***

# ਐਸੇ ਜਨ ਵਿਰਲੇ ਸੰਸਾਰੇ

**ਸਤਿਕਾਰਯੋਗ ਬੀਜੀ (ਮਾਤਾ ਰਣਜੀਤ ਕੌਰ ਜੀ) ਦੇ ਜਨਮ ਦਿਹਾੜੇ ਨੂੰ ਸਮਰਪਿਤ**

*ਸੰਤ ਬਾਬਾ ਲਖਬੀਰ ਸਿੰਘ ਜੀ*
*ਮੌਜੂਦਾ ਮੁਖੀ, ਟਰੱਸਟ ਰਤਵਾੜਾ ਸਾਹਿਬ*

***(ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ-38)***

ਆਹ ਯੂ.ਪੀ ਵਿਚ ਇਕ ਕਾਂਡ ਹੋਇਆ ਹੈ। ਮੈਂ ਬੀਬੀਆਂ, ਧੀਆਂ, ਭੈਣਾਂ ਨੂੰ ਬੇਨਤੀ ਕਰਨ ਲੱਗਿਆ ਹਾਂ ਕਿ ਤੁਸੀਂ ਗਰਮ ਕੱਪੜਾ ਪਾਓ, ਦਸੰਬਰ ਜਨਵਰੀ ਮਹੀਨੇ 'ਚ ਜਦੋਂ ਪਾਰਟੀ 'ਤੇ ਜਾਓ। ਪਰ ਉਥੇ ਬਹੁਤ ਘੱਟ ਗਰਮ ਕੱਪੜੇ ਪਾਉਣੇ, ਠੰਢ ਲਗ ਗਈ ਤਿੰਨ ਬੀਬੀਆਂ ਨੂੰ। ਇਕ ਤਾਂ ਬੀਬੀ ਚੜ੍ਹਾਈ ਕਰ ਗਈ ਦਸੰਬਰ ਦੇ ਵਿਚ। ਇਕ ਦਾ ਦਿੱਲੀ ਕਿੰਨਾਂ ਚਿਰ ਇਲਾਜ ਕਰਾਇਆ। ਆਕਸੀਜਨ ਲੱਗੀ ਰਹੀ ਕਿੰਨੇ ਮਹੀਨੇ। ਹੁਣ ਪਤਾ ਨਹੀਂ ਜਿਉਂਦੀ ਹੈ ਕਿ ਚਲੀ ਗਈ। ਦੂਜੀ ਦੋ-ਤਿੰਨ ਮਹੀਨੇ 'ਚ ਰਾਜ਼ੀ ਹੋ ਗਈ। ਨਮੂਨੀਆ ਹੋ ਗਿਆ। ਇਸ ਕਰਕੇ ਭਾਈਆਂ ਨੂੰ ਵੀ, ਬੀਬੀਆਂ ਨੂੰ ਵੀ ਬੇਨਤੀ ਹੈ ਕਿ ਬਹੁਤੀਆਂ ਗਰਮ ਚੀਜ਼ਾਂ ਨਾ ਖਾਓ। ਜ਼ਿਆਦਾ ਠੰਢੀਆਂ ਚੀਜ਼ਾਂ ਵੀ ਨਾ ਖਾਓ। ਫਰਿਜ਼ ਦਾ ਠੰਢਾ ਪਾਣੀ ਪੀਣਾ, ਠੰਢੀਆਂ ਚੀਜ਼ਾਂ ਖਾਣੀਆਂ, ਇਹ ਸਾਰਾ ਬਿਮਾਰੀ ਦਾ ਘਰ ਹੈ। ਰੱਖੋ ਫਰਿਜ਼ ਵਿਚ ਚੀਜ਼, ਪਰ ਥੋੜ੍ਹੇ ਸਮੇਂ ਲਈ ਰੱਖੋ। ਬਾਹਰ ਕੱਢ ਲਓ ਥੋੜ੍ਹੀ ਦੇਰ ਪਹਿਲਾਂ। ਐਨੀ ਗੱਲ ਹੀ ਹੈ ਕਿ ਆਪਾਂ ਖਾਣਾ ਸਹੀ ਕਰ ਲਈਏ, ਬਸ।

ਫੇਰ ਪਹਿਨਣਾ ਸਾਧਸੰਗਤ ਜੀ। ਅਸੀਂ ਭਾਈ ਲਾਲੋ ਕਿਰਤੀ ਦੇ ਬਾਰੇ ਬਹੁਤ ਸੁਣਦੇ ਹਾਂ। ਉਹ ਸੰਤ ਸੀ, ਕਿਰਤੀ ਸੀ। ਅਸੀਂ ਕਈ ਵਾਰੀ ਭਾਈ ਲਾਲੋ ਨੂੰ ਐਨਾ ਗਰੀਬ ਕਹਿ ਦਿੰਦੇ ਹਾਂ, ਕਈ ਵਾਰੀ ਸਾਡੇ ਸੁਭਾਅ ਬਣੇ ਹੁੰਦੇ ਨੇ ਕਿ ਕਿਸੇ ਨੂੰ ਵੱਡਾ ਆਖਣ ਲੱਗਿਆਂ, ਅਮੀਰ ਆਖਣ ਲੱਗਿਆਂ ਬਹੁਤਾ ਕਹੀ ਜਾਣਾ। ਕਿਸੇ ਨੂੰ ਗਰੀਬ ਆਖਣ ਲੱਗਿਆਂ ਕਹਿ ਦੇਣਾ, ਉਹਦਾ ਤਾਂ ਛੱਪਰ ਵਾਲਾ ਘਰ ਹੈ। ਇਸ ਤੋਂ ਵੀ ਅਗਾਂਹਾਂ ਕਹੀ ਜਾਣਾ। ਅੱਜ ਖੋਜ ਹੋਈ ਹੈ, ਭਾਈ ਲਾਲੋ ਦੇ ਨਾਮ ਜ਼ਮੀਨ ਨਿਕਲੀ ਹੈ, ਪਿਆਰਿਓ। ਉਹਦੀ ਇਕ ਧੀ ਸੀ। ਉਹ ਅਮੀਰ ਨਹੀਂ ਸੀ ਪਰ ਉਹ ਗਰੀਬ ਵੀ ਨਹੀਂ ਸੀ। ਆਏ ਗਏ ਸਾਧੂ-ਸੰਤਾਂ ਦੀ ਸੇਵਾ ਕਰਦਾ ਸੀ, ਪਿਆਰਿਓ। ਪਰ ਸੱਚਾ ਕਿਰਤੀ ਸੀ। ਜਿਥੇ ਉਹ ਸੰਤ ਸੀ, ਸਾਧੂ ਸੀ, ਉਥੇ ਉਹਦੇ ਘਰੋਂ ਜਿਹੜੀ ਬੀਬੀ ਸੀ, ਉਹਦੇ ਬਾਰੇ ਜਿਹੜਾ ਬਚਨ ਆਉਂਦਾ ਹੈ ਉਸ ਬਾਬਤ ਇਕ ਰੱਬ ਦਾ ਪਿਆਰਾ ਲਿਖਦਾ ਹੈ -

*ਲਾਲੋ ਸਾਧ ਬਡਾ ਸੰਤੋਖੀ।*
*ਕਰ ਧਰਮ ਮਜੂਰੀ ਕਾਇਆਂ ਪੋਖੀ।*

ਉਹ ਬੜਾ ਸੰਤੋਖੀ ਸੀ ਸਾਧਸੰਗਤ ਜੀ। ਕਿਉਂਕਿ ਨਾਮ ਜਪਣ ਨਾਲ ਹੀ ਸੰਤੋਖ ਆਉਂਦੈ। ਜਿੰਨਾਂ ਚਿਰ ਸੰਤੋਖ ਨਹੀਂ ਆਉਂਦਾ -

*ਬਿਨਾ ਸੰਤੋਖ ਨਹੀ ਕੋਊ ਰਾਜੈ ॥* *ਅੰਗ - ੨੭੯*

ਸੱਚੀ ਕਿਰਤ ਕਰਦਿਆਂ ਉਹਨੇ ਆਪਣੇ ਅੰਦਰ ਦੀ ਖੋਜ ਕੀਤੀ ਸੀ। ਮਹਾਂਪੁਰਸ਼ਾਂ ਦਾ ਸੰਨ 2000 ਦਾ ਬਚਨ ਹੈ ਜਦੋਂ ਕਿ ਆਪ ਜੀ ਅਮਰੀਕਾ ਬੈਠੇ ਸੀ ਇਕ ਘਰ ਵਿਚ, 40-50 ਬੀਬੀਆਂ ਭਾਈ ਪ੍ਰੇਮੀ ਹੋਣੇ ਉਸੇ ਸਮੇਂ ਬੈਠੇ। ਇਕ ਪ੍ਰੇਮੀ ਉਠ ਕੇ ਖੜ੍ਹਾ ਹੋ ਗਿਆ।

ਕਹਿੰਦਾ, ਬਾਬਾ ਜੀ! ਮੈਂ ਆਪ ਜੀ ਦੇ ਦੀਵਾਨ ਸੁਣਦਾ ਹਾਂ ਕਿ ਸਾਰਿਆਂ ਦੇ ਵਿਚ ਉਸ ਰੱਬ ਦੀ ਜੋਤ ਹੈ।

ਕਹਿੰਦੇ, ਹਾਂ।

ਅਗਲਾ ਸਵਾਲ ਕੀ ਕੀਤਾ ਉਹਨੇ।

ਕਹਿੰਦਾ, ਜਦੋਂ ਸਾਰਿਆਂ ਵਿਚ ਇਕ ਜੋਤ ਹੈ ਤੇ ਫੇਰ ਦੇਵੀ ਦੇਵਤਿਆਂ ਨੂੰ ਮੰਨਣਾ ਕਿਹੜਾ ਮਾੜਾ ਹੈ?

ਮਹਾਂਪੁਰਸ਼ ਜਿਹੜੇ ਹੁੰਦੇ ਨੇ ਉਹ ਕਈ ਵਾਰ ਉਸੇ ਸਮੇਂ ਜਵਾਬ ਦਿੰਦੇ, ਕਦੇ ਸਮੇਂ-ਸਮੇਂ 'ਤੇ ਜਵਾਬ ਦਿੰਦੇ ਨੇ।

ਜਿਵੇਂ ਕਿਸੇ ਵੇਸਵਾ ਨੇ ਕਿਸੇ ਰੱਬ ਦੇ ਪਿਆਰੇ ਨੂੰ ਕਿਹਾ ਸੀ ਕਿ ਤੇਰੀ ਦਾੜ੍ਹੀ ਚੰਗੀ ਹੈ ਜਾਂ ਮੇਰੇ ਕੁੱਤੇ ਦੀ ਪੂੰਛ ਚੰਗੀ ਹੈ? ਇਹ ਵੀ ਤਾਂ ਚਿੱਟੀ ਹੈ।

ਜਦੋਂ ਮਹਾਂਪੁਰਸ਼ ਸਵਾਸ ਛੱਡ ਰਹੇ ਸੀ ਉਸ ਵੇਲੇ ਵੇਸਵਾ ਨੂੰ ਬੁਲਾਇਆ। ਕਹਿਣ ਲੱਗੇ, ਦਸ ਬੇਟੀ ਹੁਣ?

ਚੇਲੇ ਤਾਂ ਪਹਿਲਾਂ ਇਹ ਸੁਣ ਕੇ ਹੈਰਾਨ ਹੋ ਗਏ, ਜਦੋਂ ਕਿਹਾ ਉਸ ਨੂੰ ਬੁਲਾਓ। ਕਹਿਣ ਲੱਗੇ, ਦੇਖੋ! ਬੁਲਾਉਣ ਕੀਹਨੂੰ ਲੱਗੇ ਨੇ, ਵੇਸਵਾ ਨੂੰ। ਬੜੀ ਛੇਤੀ, ਇਕ ਦਮ ਸ਼ੰਕੇ ਪੈ ਜਾਂਦੇ ਨੇ।

ਮਹਾਂਪੁਰਸ਼ ਬ੍ਰਹਮ ਗਿਆਨੀ ਸੰਤ ਬਾਬਾ ਭਾਗ

ਸਿੰਘ ਜੀ ਕੁਰੀ ਵਾਲੇ ਵਜ਼ੀਰਾਬਾਦ ਗਏ, ਇਕ ਵੇਸਵਾ ਦੇ ਦਰਵਾਜ਼ੇ 'ਤੇ ਖਲੋਅ ਗਏ। ਉਹ ਨੌਜਵਾਨ ਵੇਸਵਾ ਸੀ। ਉਹਦੇ ਵਲ ਦ੍ਰਿਸ਼ਟੀ ਕੀਤੀ। ਜਿਹੜੀ ਬ੍ਰਹਮ ਗਿਆਨੀ ਦੀ ਦ੍ਰਿਸ਼ਟੀ ਹੈ ਨਾ -

*ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥*
*ਅੰਗ - ੨੭੨*

ਅੰਮ੍ਰਿਤ ਵਰਸਦਾ ਹੈ ਉਹਨਾਂ ਦੀ ਦ੍ਰਿਸ਼ਟੀ ਵਿਚੋਂ। ਇਕ ਅਵਾਜ਼ ਦਿਤੀ - 'ਸਤਿਨਾਮੁ ਵਾਹਿਗੁਰੂ।' ਬਸ, ਵਾਪਸ ਆ ਗਏ। ਜੀਵਨ ਬਦਲ ਗਿਆ ਉਸ ਦਾ, ਸਤਿਸੰਗ ਦਾ ਘਰ ਬਣ ਗਿਆ।

ਸੋ ਜਦੋਂ ਉਸ ਮਹਾਂਪੁਰਸ਼ ਨੇ ਵੇਸਵਾ ਨੂੰ ਬੁਲਾਇਆ। ਮਹਾਂਪੁਰਸ਼ ਕਹਿਣ ਲੱਗੇ, ਬੇਟੀ! ਸਾਡੇ ਵਲ ਤੇਰਾ ਉਧਾਰ ਹੈ, ਸੰਤ ਉਧਾਰ ਨਹੀਂ ਰਖਦੇ ਕਿਸੇ ਦਾ। ਅੱਜ ਸਵਾਲ ਕਰ, ਜੋ ਤੂੰ ਮੈਨੂੰ ਕਰਦੀ ਹੁੰਦੀ ਸੀ।

ਕਹਿਣ ਲੱਗੀ, ਜੀ ਤੁਸੀਂ ਇਸ ਗੱਲ ਦਾ ਜਵਾਬ ਪਹਿਲਾਂ ਕਿਉਂ ਨਹੀਂ ਦਿਤਾ?

ਕਹਿੰਦੇ, ਮੇਰੇ ਸਵਾਸ ਬਾਕੀ ਸੀ। ਜੇ ਮੈਂ ਕਹਿੰਦਾ, ਮੇਰੀ ਦਾੜ੍ਹੀ ਚੰਗੀ ਹੈ, ਮੇਰੇ ਕੋਲੋਂ ਕੋਈ ਭੁੱਲ ਹੋ ਜਾਂਦੀ, ਫੇਰ ਮੈਂ ਗਲਤ ਹੋ ਜਾਣਾ ਸੀ। ਅੱਜ ਮੈਂ ਸੰਸਾਰ ਤੋਂ ਜਾ ਰਿਹਾ ਹਾਂ, ਇਹ ਦਾੜ੍ਹੀ ਬੇਦਾਗ਼ ਹੈ, ਜਿਹਨੂੰ ਕੋਈ ਦਾਗ ਨਹੀਂ ਲੱਗਾ, ਇਹ ਦਰਗਾਹ ਵਿਚ ਮਾਣ ਪਾਏਗੀ। ਇਹ ਲੱਖਾਂ ਦਾੜ੍ਹੀਆਂ ਨਾਲੋਂ ਦਾੜ੍ਹੀ ਚੰਗੀ ਹੈ। ਉਦੋਂ ਜਵਾਬ ਦਿਤਾ।

*ਸੇ ਦਾੜੀਆਂ ਸਚੀਆ ਜਿ ਗੁਰ ਚਰਨੀ ਲਗੰਨ੍ਹਿ ॥*
*ਅਨਦਿਨੁ ਸੇਵਨਿ ਗੁਰੁ ਆਪਣਾ ਅਨਦਿਨੁ ਅਨਦਿ ਰਹੰਨ੍ਹਿ ॥*
*ਅੰਗ - ੧੪੧੯*

ਕਈ ਜਵਾਬ ਨਾਲ ਦੀ ਨਾਲ ਦੇਣੇ ਪੈਂਦੇ ਨੇ, ਪਿਆਰਿਓ।

ਸੋ ਮਹਾਂਪੁਰਸ਼ਾਂ ਨੂੰ ਉਹ ਪ੍ਰੇਮੀ ਕਹਿਣ ਲੱਗਿਆ ਕਿ ਜੀ, ਜੇ ਸਾਰਿਆਂ ਵਿਚ ਜੋਤ ਹੈ, ਦੇਵੀ-ਦੇਵਤਿਆਂ ਨੂੰ ਮੰਨਣਾ ਕਿਹੜੀ ਮਾੜੀ ਗੱਲ ਹੈ? ਉਹਨਾਂ ਵਿਚ ਜੋਤ ਨਹੀਂ?

ਮਹਾਂਪੁਰਸ਼ਾਂ ਨੇ ਬਚਨ ਕੀਤਾ, ਕਹਿੰਦੇ ਫੇਰ ਉਹ ਜੋਤ ਤੇਰੇ ਵਿਚ ਵੀ ਹੈ। ਤੈਨੂੰ ਫੇਰ ਦੇਵੀ-ਦੇਵਤਿਆਂ ਨੂੰ ਮੰਨਣ ਦੀ ਕੀ ਲੋੜ ਹੈ -

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*
*ਅੰਗ - ੪੪੧*

ਮਹਾਂਪੁਰਸ਼ਾਂ ਨੇ ਕਿਹਾ, ਭਾਈ! ਤੂੰ ਆਪਣੇ ਅੰਦਰ ਦੀ ਖੋਜ ਕਰ।

*ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ ॥*
*ਨਾਨਕ ਘਰਿ ਬੈਠਿਆ ਜੋਗੁ ਪਾਈਐ*
*ਸਤਿਗੁਰ ਕੈ ਉਪਦੇਸਿ ॥ ਅੰਗ - ੧੪੨੧*

ਕਿਸੇ ਖਾਸ ਭੇਖ ਧਾਰਨ ਕਰਨ ਨਾਲ ਪ੍ਰਾਪਤੀ ਨਹੀਂ ਹੁੰਦੀ। 'ਨਾਨਕ ਘਰਿ ਬੈਠਿਆ' ਸਰੀਰ ਰੂਪੀ ਘਰ ਹੈ। ਇਹਨੂੰ 'ਨਗਰਿ' ਵੀ ਆਖਿਐ, 'ਖੇਤਿ' ਵੀ ਆਖਿਐ, ਸਰੀਰ ਵੀ ਆਖਿਐ, ਦੇਹ ਵੀ ਆਖਿਐ। ਇਹਨੂੰ 'ਪਿੰਡ' ਵੀ ਆਖਿਐ, 'ਘਰਿ' ਵੀ ਆਖਿਐ। ***'ਨਾਨਕ ਘਰਿ ਬੈਠਿਆ ਜੋਗੁ ਪਾਈਐ'*** ਪ੍ਰਾਪਤੀ ਹੁੰਦੀ ਹੈ। ***'ਸਤਿਗੁਰ ਕੈ ਉਪਦੇਸਿ'*** ਗੁਰੂ ਦਾ ਉਪਦੇਸ਼ ਮੰਨ ਕੇ।

ਸਤਿਕਾਰਯੋਗ ਬੀਜੀ ਦਾ ਪਵਿੱਤਰ ਜਨਮ ਦਿਹਾੜਾ ਮਨਾ ਰਹੇ ਹਾਂ। ਉਹਨਾਂ ਨੂੰ ਪ੍ਰਾਪਤੀ ਕਿਵੇਂ ਹੋਈ, ਪਿਆਰਿਓ? ਉਹਨਾਂ ਨੇ ਗੁਰੂ ਦਾ ਉਪਦੇਸ਼ ਹਿਰਦੇ ਵਿਚ ਵਸਾਇਆ ਹੈ, ਮੰਨਿਆ ਹੈ ਸਾਧਸੰਗਤ ਜੀ। ਸੇਵਾ, ਸਿਮਰਨ, ਪਰਉਪਕਾਰ ਦੇ ਕਾਰਜ, ਆਪ ਜੁੜੇ ਹੋਰਨਾਂ ਨੂੰ ਵੀ ਉਹਨਾਂ ਨੇ ਜੋੜਿਆ ਤੇ ਸਾਧੂ ਦਾ ਬਚਨ ਹਿਰਦੇ ਵਿਚ ਵਸਾਇਆ ਹੈ।

*ਲਾਲੋ ਸਾਧ ਬੜਾ ਸੰਤੋਖੀ।*
*ਕਰਿ ਧਰਮ ਮਜੂਰੀ ਕਾਇਆਂ ਪੋਖੀ।*
*ਤ੍ਰਿਆ ਤਾ ਕੀ ਬੜੀ ਸੁਜਾਨ।*
*ਭਰਤਾ ਕਉ ਜਾਨੈ ਭਗਵਾਨ।*

ਕਹਿੰਦੇ, ਉਹਨਾਂ ਦੀ ਜਿਹੜੀ ਧਰਮ ਸੁਪਤਨੀ ਸੀ, ਬੜੀ ਸਿਆਣੀ ਸੀ, ਰੱਬ ਦੇ ਨਾਮ ਵਾਲੀ ਸੀ ਤੇ ਆਪਣੇ ਪਤੀ ਨੂੰ ਭਗਵਾਨ ਕਰਕੇ ਜਾਣਦੀ ਸੀ।

ਸਤਿਕਾਰਯੋਗ ਬੀਜੀ ਬਾਣੀ ਬਹੁਤ ਪੜ੍ਹਦੇ 'ਤੇ ਬਾਣੀ ਸੁਣਦੇ ਵੀ ਰਹਿੰਦੇ -

*ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ*
*ਗਾਵਹੁ ਸਚੀ ਬਾਣੀ ॥ ਅੰਗ - ੯੨੦*

ਗਾਵਹੁ, ਪੜ੍ਹੋ, ਇਹਦੇ ਸੁਣਨ ਨਾਲ -

*ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥*
*ਅੰਗ - ੯੨੨*

ਜਿਹੜੇ ਭਾਈ, ਨਿਤਨੇਮ ਕਰਦੇ ਨੇ, ਵੱਡਿਆਂ ਭਾਗਾਂ ਵਾਲੇ ਨੇ। ਜਿਹੜੇ ਨਹੀਂ ਨਾ ਕਰਦੇ ਉਹ ਅਰਦਾਸ ਕਰੋ ਕਿ ਸੱਚੇ ਪਾਤਸ਼ਾਹ! ਸਾਨੂੰ ਨਿਤਨੇਮ ਬਖਸ਼ ਦਿਓ। ਜਿਹੜੇ ਬਿਲਕੁਲ ਹੀ ਨਹੀਂ ਨਾ ਕਰਦੇ, ਉਹ ਕਮ-ਸੇ-ਕਮ ਐਨਾ ਹੀ ਕਰ ਲਓ ਕਿ ਅਸੀਂ ਅੱਜ ਇਹ ਦਿਹਾੜਾ ਮਨਾ ਰਹੇ ਹਾਂ ਤੇ ਅਸੀਂ ਜਪੁਜੀ ਸਾਹਿਬ ਰੋਜ਼ ਕਰਨਾ ਹੈ।

ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ ਕੋਲ ਕਿਸੇ ਨੂੰ ਲੈ ਆਏ। ਕਹਿੰਦੇ, ਜੀ ਸਿੱਖ ਹੈ। ਮਹਾਰਾਜ ਕਹਿੰਦੇ, ਕੀ ਗੱਲ ਹੈ? ਕਹਿੰਦੇ, ਜੀ ਇਹਨੂੰ ਪ੍ਰੇਤ ਚਿੰਬੜਿਆ ਹੋਇਐ। ਮਹਾਰਾਜ ਕਹਿੰਦੇ, ਬਿਲਕੁਲ

ਨਹੀਂ। ਗੁਰੂ ਕਾ ਸਿੱਖ ਹੋਵੇ। ਉਥੇ ਧੰਨ ਗੁਰੂ ਅਮਰਦਾਸ ਜੀ ਮਹਾਰਾਜ ਕਹਿੰਦੇ ਕਿ ਇਹ ਜਪੁਜੀ ਸਾਹਿਬ ਨਹੀਂ ਪੜ੍ਹਦਾ ਹੋਏਗਾ। ਜਿਹੜਾ ਸਿੱਖ ਜਪੁਜੀ ਸਾਹਿਬ ਪੜ੍ਹੇ ਉਹ ਤਾਂ ਪ੍ਰੇਤਾਂ ਦਾ ਵੀ ਉਧਾਰ ਕਰ ਦਿੰਦੈ। ਉਹਨੂੰ ਪ੍ਰੇਤ ਚਿੰਬੜਨਾ ਕੀ ਰਿਹਾ। ਘੱਟ ਤੋਂ ਘੱਟ ਜਿਹੜੇ ਬਾਣੀ ਪੜ੍ਹਨੀ ਨਹੀਂ ਜਾਣਦੇ ਭਾਈ ਉਹ 'ਮੂਲਮੰਤ੍ਰ' 'ਗੁਰਮੰਤ੍ਰ' ਦਾ ਜਾਪ ਕਰੋ। ਸਭ ਤੋਂ ਪਹਿਲਾਂ ਤਾਂ, ਗੁਰੂ ਵਾਲੇ ਬਣੋ।

ਪਿਆਰੇ ਮਹਾਂਪੁਰਸ਼ਾਂ ਨੇ ਬਚਪਨ ਵਿਚ ਅੰਮ੍ਰਿਤ ਛਕਿਆ, ਬੀਜੀ ਨੇ ਛੋਟੀ ਉਮਰ 'ਚ ਅੰਮ੍ਰਿਤ ਛਕਿਆ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀਆਂ ਅਸੀਸਾਂ ਵੀ ਬਹੁਤ ਲਈਆਂ। ਦਿਹਾੜੇ ਮਨਾਉਣ ਦਾ ਭਾਵ ਵੀ ਇਹੀ ਹੈ ਕਿ ਅਸੀਂ ਵਿਚਾਰ ਕਰਨੀ ਹੈ। ਮਹਾਂਪੁਰਸ਼ ਕਿਹਾ ਕਰਦੇ ਕਿ ਸਤਿਸੰਗ ਸੁਣਨ ਤੋਂ ਬਾਅਦ ਅੰਤਰੰਗ ਸਤਿਸੰਗ ਕਰਿਆ ਕਰੋ। ਅੰਤਰੰਗ ਸਤਿਸੰਗ ਕੀ ਹੈ? ਇਕੱਲੇ ਬੈਠ ਕੇ ਵਿਚਾਰ ਕਰਿਆ ਕਰੋ ਕਿ ਮੈਂ ਕੀ ਸੁਣਿਆ ਹੈ ਤੇ ਕਰ ਕੀ ਰਿਹਾ ਹਾਂ ਮੈਂ? ਕਿੱਥੇ ਖੜ੍ਹਾ ਹਾਂ ਮੈਂ?

ਜੇ ਅਸੀਂ ਕਿਸੇ ਨੂੰ ਪੁੱਛਦੇ ਹਾਂ ਤਾਂ ਕਹਿਣਗੇ ਜੀ ਵਾਹ ਜੀ ਵਾਹ! ਤੁਹਾਡੇ ਵਰਗਾ ਕਿਹੜਾ ਹੈ। ਅਸੀਂ ਖੁਸ਼ ਹੋ ਜਾਂਦੇ ਹਾਂ। ਕਿਉਂਕਿ ਸਾਨੂੰ ਵਡਿਆਈ ਦੀ ਭੁੱਖ ਹੈ। ਪਰ ਕਿਸੇ ਨੂੰ ਨਾ ਪੁੱਛੋ, ਆਪਣੇ ਅੰਦਰ ਨੂੰ ਪੁੱਛੀਏ ਕਿ ਅਸੀਂ ਕਿੱਥੇ ਖੜ੍ਹੇ ਹਾਂ?

ਮਹਾਂਪੁਰਸ਼ਾਂ ਦਾ ਸੰਨ 1984 ਦਾ ਬਚਨ ਹੈ, ਜਿਸ ਵੇਲੇ ਸੰਤ ਗਿਆਨੀ ਜਰਨੈਲ ਸਿੰਘ ਜੀ ਭਿੰਡਰਾਂ ਵਾਲੇ, ਉਨ੍ਹਾਂ ਨੇ ਕਿਹਾ ਕਿ ਸਾਡੀ ਮਜ਼ਬੂਰੀ ਹੈ ਕਿ ਅਸੀਂ ਆ ਨਹੀਂ ਸਕਦੇ। ਮਹਾਂਪੁਰਸ਼ ਆ ਜਾਣ। ਤਾਂ ਦਾਸ ਯੂ.ਪੀ ਤੋਂ ਆਇਆ ਸੀ। ਸਿੰਘ ਤਾਂ 15-20 ਸਨ। ਪਰ ਜਿੱਥੇ ਬੈਠ ਕੇ ਬਚਨ ਹੋਏ, ਮਹਾਂਪੁਰਸ਼ਾਂ ਨਾਲ ਪੰਜ ਸਿੰਘ ਸੀ, ਪੰਜਾਂ ਵਿਚ ਦਾਸ ਵੀ ਸੀ। ਛੇ ਘੰਟੇ ਬਚਨ ਹੋਏ। ਜਿਸ ਵੇਲੇ ਮਹਾਂਪੁਰਸ਼ਾਂ ਨੇ ਉਥੋਂ ਚਲਣਾ ਸੀ ਤੇ ਮਹਾਂਪੁਰਸ਼ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ, ਅੰਦਰੋਂ ਉਠ ਕੇ ਆਏ ਮਹਾਂਪੁਰਸ਼ਾਂ ਦੇ ਸਤਿਕਾਰ ਹਿਤ, ਤੋਰਨ ਵਾਸਤੇ ਪੌੜੀਆਂ ਤਕ ਆਏ।

ਇਕ ਹੋਰ ਸੀਗੇ ਸੰਤ, ਸੰਤ ਬਾਬਾ ਜਰਨੈਲ ਸਿੰਘ ਜੀ ਨੂੰ ਪਤਾ ਨਹੀਂ, ਕੀ ਖਿਆਲ ਆਇਆ, ਉਨ੍ਹਾਂ ਨੂੰ ਫੜ ਲਿਆ, ਕਹਿੰਦੇ ਗੱਲ ਸੁਣ ਸਾਧਾ! ਦਸ! ਸੱਚ ਨਾਲ ਜੁੜਨਾ ਹੈ ਕਿ ਝੂਠ ਨਾਲ ਜੁੜਨਾ ਹੈ? ਗੱਲ ਨਾ ਆਵੇ ਉਸ ਨੂੰ, ਕਹਿਣ ਲੱਗੇ, ਇਹਦੇ ਨਾਲੋਂ ਤਾਂ ਗ੍ਰਿਹਸਤੀ ਹੋ ਜਾਂਦਾ ਤੂੰ? ਘਰ ਹੀ ਰਹਿੰਦਾ। ਦੱਸ ਸੱਚ ਨਾਲ ਜੁੜਨੈ ਕਿ ਝੂਠ ਨਾਲ ਜੁੜਨੈ?

ਜਦੋਂ ਨਾ ਬੋਲੇ, ਤਾਂ ਆਪਣੇ ਮਹਾਂਪੁਰਸ਼ਾਂ ਨੂੰ ਪਤੈ ਕੀ ਕਹਿੰਦੇ, ਕਹਿੰਦੇ ਬਾਬਾ ਜੀ! ਇਹ ਹੁਣ ਬੋਲਦਾ ਨਹੀਂ। ਜਿਹੜਾ ਉਥੇ ਬਚਨ ਮਹਾਂਪੁਰਸ਼ਾਂ ਨੇ ਕਿਹਾ, ਕਹਿੰਦੇ ਅੰਦਰ ਸੱਚ ਹੈ ਪਰ ਬਾਹਰ ਨਹੀਂ ਆ ਰਿਹਾ।

ਮਹਾਂਪੁਰਸ਼ ਕਹਿਣ ਲੱਗੇ, ਬਾਬਾ ਜੀ! ਇਹਨਾਂ ਨੂੰ ਕਹੋ ਹੁਣ ਕਿ ਬੋਲਣ ਤਾਂ ਸਹੀ।

ਮੈਂ ਬੇਨਤੀ ਕਰ ਰਿਹਾ ਹਾਂ ਕਿ ਆਪਣੇ ਅੰਦਰ ਸੱਚ ਹੈ। ਬਾਹਰ ਨਿੰਦਿਆ ਵੀ ਹੋਵੇ ਪਰਵਾਹ ਨਹੀਂ-

*ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥*

*ਅੰਗ- ੨੧੯*

ਪਰ ਜਿਹੜੀ ਨਿੰਦਿਆ ਨਾਲ ਗੁਰਮਤਿ ਦੇ ਪ੍ਰਚਾਰ ਵਿਚ ਫਰਕ ਪਵੇ ਉਥੇ ਜਵਾਬ ਦੇਣਾ ਪੈਂਦਾ ਹੈ। ਉਸ ਤਰ੍ਹਾਂ ਵੈਸੇ ਕੋਈ ਨਹੀਂ -

*ਹਮ ਨਹੀ ਚੰਗੇ ਬੁਰਾ ਨਹੀ ਕੋਇ ॥*
*ਪ੍ਰਣਵਤਿ ਨਾਨਕੁ ਤਾਰੇ ਸੋਇ ॥* *ਅੰਗ - ੭੨੮*

ਬਾਹਰ ਦੀ ਵਡਿਆਈ, ਬਾਹਰ ਦੀ ਨਿੰਦਿਆ, ਇਸ ਤੋਂ ਉਪਰ ਹਨ ਰੱਬ ਦੇ ਪਿਆਰੇ। ਮੈਂ ਬੇਨਤੀ ਕਰ ਰਿਹਾ ਸੀ ਕਿਸੇ ਨੂੰ ਪੁੱਛਣ ਦੀ ਬਿਜਾਏ, ਆਪਣੇ ਅੰਦਰ ਨੂੰ, ਆਪ ਪੁੱਛ ਲਈਏ। ਅੰਤਰੰਗ ਸਤਿਸੰਗ ਦਾ ਭਾਵ ਹੈ ਮਹਾਂਪੁਰਸ਼ ਦਸਿਆ ਕਰਦੇ ਸੀ ਕਿ ਇਕੱਲੇ ਬੈਠ ਕੇ ਵਿਚਾਰ ਕਰੋ। ਕਿੰਨਾਂ ਸਮਾਂ ਹੋ ਗਿਆ ਦੀਵਾਨ ਸੁਣਦਿਆਂ, ਗੁਰੂ ਵਾਲੇ ਬਣੇ ਕਿੰਨਾਂ ਸਮਾਂ ਹੋ ਗਿਆ। ਕਿੰਨੀ ਕੁ ਭਾਈ ਅਸੀਂ ਤਰੱਕੀ ਕੀਤੀ ਹੈ? ਸਾਨੂੰ ਐਸੇ ਪੂਰਨ ਮਹਾਂਪੁਰਸ਼ ਮਿਲੇ। ਇਹ ਵੀ ਚੰਗੇ ਭਾਗਾਂ ਦੀ ਨਿਸ਼ਾਨੀ ਹੈ, ਸਾਧਸੰਗਤ ਜੀ।

ਸਾਨੂੰ ਕਮਾਈ ਵਾਲੇ ਮਹਾਂਪੁਰਸ਼ ਮਿਲੇ ਨੇ। ਡਾ. ਸਵਾਮੀ ਰਾਮ ਜੀ ਨੇ ਕਿੰਨਾਂ ਸਤਿਕਾਰ ਕੀਤਾ ਸੀ, ਸਤਿਕਾਰਯੋਗ ਬੀਜੀ ਦਾ। ਪਿਆਰ ਲਿਆ ਉਹਨਾਂ ਤੋਂ ਬਹੁਤ। ਮਹਾਂਪੁਰਸ਼ਾਂ ਨੂੰ ਵੀ ਕਿੰਨਾਂ ਸਤਿਕਾਰ ਦਿਤਾ, ਉਹਨਾਂ ਨੇ। ਉਹਨਾਂ ਨੇ ਕਿਹਾ ਕਿ ਮੈਂ ਦੁਨੀਆਂ ਦਾ ਕੋਈ ਸੰਤ ਨਹੀਂ ਛੱਡਿਆ, ਏਕ ਸੰਤ ਹਮੇਂ ਮਿਲੇ ਹੈਂ ਸ੍ਰੀ ਗੁਰੂ ਨਾਨਕ ਸਾਹਿਬ ਕੇ ਘਰ ਕੇ। ਯਹ ਤੋ ਪਿਆਰ ਕੇ ਸਾਗਰ ਹੈਂ। ਇਹ ਸਵਾਮੀ ਰਾਮ ਜੀ ਦੇ ਬਚਨ ਨੇ। ਪਰ ਹੁੰਦਾ ਕੀ ਹੈ, ਗੱਲ ਨੂੰ ਸੁਣ ਕੇ, ਮੰਨ ਕੇ, ਫੇਰ ਕਮਾਉਣਾ। ਅੱਜ ਹੋਰ ਮਜ਼੍ਹਬਾਂ ਦੇ, ਹੋਰ ਸੰਪਰਦਾਵਾਂ ਦੇ ਜਿਹੜੇ ਕਈ ਸੰਤ ਨੇ, ਉਹ ਮਹਾਂਪੁਰਸ਼ਾਂ ਦੇ 'ਆਤਮ ਮਾਰਗ' 'ਚੋਂ, ਪੁਸਤਕਾਂ 'ਚੋਂ ਬਚਨ ਪੜ੍ਹ-ਪੜ੍ਹ ਕੇ ਤਰੱਕੀ ਕਰਦੇ ਨੇ। ਦਾਸ ਨੂੰ ਕਿਤੇ-ਕਿਤੇ ਮਿਲਦੇ ਰਹਿੰਦੇ ਨੇ ਪ੍ਰੇਮੀ। ਮਹਾਂਪੁਰਸ਼ਾਂ ਦੀ ਇਹ ਸੋਚ ਸੀ ਕਿ ਕਿਸੇ ਦੇ ਬਾਗ

ਵਿਚੋਂ ਬੂਟਾ ਪੁੱਟੋ, ਨਾ, ਉਹਨੂੰ ਉਥੇ ਹੀ ਪਾਣੀ ਦੇ ਦਿਓ। ਜਿਹੜਾ ਰਾਮ-ਰਾਮ ਜਪਦਾ ਹੈ, ਜਪੀ ਜਾਵੇ, ਅੱਲਾਹ-ਅੱਲਾਹ ਜਪਦਾ ਹੈ ਉਹ ਵੀ ਜਪੀ ਜਾਵੇ, ਕੋਈ ਓਮ ਜਪਦੈ ਜਪੀ ਜਾਵੇ, ਪਰ ਗੁਰਸਿੱਖ ਨੇ 'ਵਾਹਿਗੁਰੂ' ਗੁਰਮੰਤ੍ਰ ਦਾ ਜਾਪ ਕਰਨਾ ਹੈ।

*ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ।*

*ਭਾਈ ਗੁਰਦਾਸ ਜੀ*

ਸਭ ਨਾਲ ਪਿਆਰ ਕਰਦੇ ਸੀ ਮਹਾਂਪੁਰਸ਼, ਇਸੇ ਤਰ੍ਹਾਂ ਬੀਜੀ ਕਰਦੇ ਸੀ। ਸੋ, ਬਾਣੀ ਸੁਣਦੇ ਤੇ ਪੜ੍ਹਦੇ।

ਧੰਨ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਨੂੰ ਗੁਰਸਿੱਖਾਂ ਨੇ ਕਿਹਾ ਕਿ ਸੱਚੇ ਪਾਤਸ਼ਾਹ! ਜਿਸ ਵੇਲੇ ਗੁਰਸਿੱਖ ਨਾਮ ਜਪਣ ਲਗ ਪਿਆ, ਫੇਰ ਵੀ ਬਾਣੀ ਪੜ੍ਹਨ ਦੀ ਲੋੜ ਹੈ?

ਗੁਰੂ ਹਰਿਰਾਇ ਸਾਹਿਬ ਦਾ ਬੜਾ ਪਿਆਰਾ ਬਚਨ ਆਉਂਦਾ ਹੈ ਕਹਿੰਦੇ, ਸਿੱਖੋ! ਬਾਣੀ ਧਰਤੀ, ਨਾਮ ਬ੍ਰਿਛ ਹੈ। ਜੇ ਧਰਤੀ ਨਹੀਂ ਹੋਏਗੀ ਤਾਂ ਬ੍ਰਿਛ ਕਿੱਥੋਂ ਹੋਏਗਾ। ਗੁਰਸਿੱਖ ਨੇ ਬਾਣੀ ਨਹੀਂ ਛੱਡਣੀ। ਦੂਸਰਾ ਮਹਾਂਪੁਰਸ਼ਾਂ ਦਾ ਬਚਨ ਹੈ, ਆਹ ਜਿਵੇਂ ਕਣਕ ਦੀ ਫਸਲ ਹੁੰਦੀ ਹੈ, ਬਾਣੀ ਨਾੜ ਤੇ ਨਾਮ ਸਿੱਟਾ। ਸਿੱਟਾ ਵੀ ਕਹਿੰਦੇ ਹਾਂ, ਬੱਲੀ ਵੀ ਕਹਿੰਦੇ ਹਾਂ ਆਪਾਂ। ਅੱਡ-ਅੱਡ ਬੋਲੀਆਂ ਨੇ। ਇਸ ਕਰਕੇ ਗੁਰਸਿੱਖ ਨੇ ਬਾਣੀ ਨਹੀਂ ਛੱਡਣੀ।

ਅੱਠਵੇਂ ਸਤਿਗੁਰ ਸੱਚੇ ਪਾਤਸ਼ਾਹ ਦਾ ਬਚਨ ਹੈ, ਜਦੋਂ ਆਪ ਜੀ ਕੀਰਤਪੁਰ ਸਾਹਿਬ ਤੋਂ ਦਿੱਲੀ ਨੂੰ ਚੱਲੇ ਨੇ। ਪਹਿਲਾਂ ਤਾਂ ਔਰੰਗਜ਼ੇਬ ਬਾਰੇ ਕਿਹਾ ***'ਨਹ ਮਲੇਛ ਕਉ ਦਰਸਨ ਦੇਹੈਂ।'*** ਤੇ ਮਿਰਜ਼ਾ ਜੈ ਸਿੰਘ ਦੀ ਬੇਨਤੀ ਮੰਨ ਕੇ ਚੱਲੇ ਕਿ ਸੰਗਤ ਨੂੰ ਦਰਸ਼ਨ ਦਿਆਂਗੇ, ਔਰੰਗਜ਼ੇਬ ਨੂੰ ਦਰਸ਼ਨ ਨਹੀਂ ਦੇਣੇ। ਸਰਸਾ ਤਕ ਸਾਰੀ ਸੰਗਤ ਆ ਗਈ। ਗੁਰੂ ਸਾਹਿਬ ਨੇ ਕਿਹਾ, ਵਾਪਿਸ ਜਾਉ। ਸੰਗਤ ਨੇ ਕਿਹਾ, ਸੱਚੇ ਪਾਤਸ਼ਾਹ! ਆਪ ਜੀ ਬਗੈਰ ਅਸੀਂ ਰਹਿ ਨਹੀਂ ਸਕਦੇ। ਉਥੇ ਪਿਆਰਾ ਬਚਨ ਆਉਂਦੈ ਕਿ ਜਿਹੜਾ ਗੁਰਸਿੱਖ ਅੰਮ੍ਰਿਤ ਵੇਲੇ ਉਠੇਗਾ, ਇਸ਼ਨਾਨ ਕਰੇਗਾ, ਨਾਮ ਜਪੇਗਾ, ਭਾਵਨਾ ਨਾਲ ਬਾਣੀ ਪੜ੍ਹੇਗਾ, ਧਰਮ ਦੀ ਕਿਰਤ ਕਰੇਗਾ, ਉਸ ਨੂੰ ਸਾਡੇ ਨਿੱਤ ਦਰਸ਼ਨ ਹੋਣਗੇ। ਮਹਾਂਪੁਰਸ਼ਾਂ ਨੇ ਧਰਮ ਦੀ ਕਿਰਤ ਕੀਤੀ ਹੈ। ਬਹੁਤ ਛੋਟੀ ਉਮਰ ਵਿਚ, ਹਲ ਵੀ ਵਾਹੇ ਨੇ, ਧਮੋਟ। ਦਸਿਆ ਕਰਦੇ ਸੀ ਆਪ। ਟਰੈਕਟਰ ਤਾਂ ਬਾਅਦ ਵਿਚ ਜਾ ਕੇ ਯੂ.ਪੀ ਲਿਆ। ਸਕੂਲ ਦੀ ਪੜ੍ਹਾਈ ਵੀ ਕੀਤੀ। ਫੇਰ ਸਿੰਧ ਵਿਚ ਜਾ ਕੇ ਵੀ ਆਪ ਜੀ ਨੇ ਖੇਤੀ ਕੀਤੀ। ਸਮਾਂ ਆਇਆ, ਆਰਮੀ ਵਿਚ ਵੀ ਰਹੇ, ਸੈਕਟਰੀਏਟ ਰਹੇ, ਯੂ.ਪੀ ਵੀ ਆਪ ਟਰੈਕਟਰ ਚਲਾਉਂਦੇ ਰਹੇ, ਮਹਾਂਪੁਰਸ਼। ਧਰਮ ਦੀ ਕਿਰਤ ਕਰਦੇ ਰਹੇ।

ਉਨ੍ਹਾਂ ਦੇ ਜੀਵਨ ਤੋਂ, ਜੋ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਸੰਸਾਰ 'ਚ ਉਪਦੇਸ਼ ਦਿਤਾ ਹੈ, ਬੇਅੰਤ ਬਖਸ਼ਿਸ਼ਾਂ ਕੀਤੀਆਂ ਨੇ। ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ, ਇਹ ਆਪ ਜੀ ਦੇ ਜੀਵਨ ਵਿਚ ਵੀ ਅਮੋਲਕ ਸਨ।

ਐਸਾ ਪਿਆਰਾ ਜੀਵਨ ਆਪ ਜੀ ਦਾ ਸੀ। ਸਤਿਕਾਰਯੋਗ ਬੀਜੀ ਬਾਣੀ ਪੜ੍ਹਦੇ ਵੀ ਬਹੁਤ ਸੀ ਅਤੇ ਸੁਣਦੇ ਵੀ ਬਹੁਤ ਸੀ।

ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ੍ਰੀ ਹਜ਼ੂਰ ਸਾਹਿਬ ਦੀ ਧਰਤੀ 'ਤੇ ਜਿਸ ਵਕਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦਿਤੀ ਹੈ, ਪੰਜ ਸਿੰਘ ਤਾਬਿਆਂ ਖੜ੍ਹੇ ਕਰਕੇ, ਪੰਜ ਪੈਸੇ, ਨਾਰੀਅਲ ਰੱਖ ਕੇ, ਪੰਜ ਪ੍ਰਕਰਮਾ ਕਰਕੇ ਮੱਥਾ ਟੇਕਿਆ। ***'ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ। ਸਭ ਸਿੱਖਨ ਕਉ ਹੁਕਮ ਹੈ ਗੁਰੂ ਮਾਨਿਓ ਗ੍ਰੰਥ'***; ਉਥੇ ਤਿੰਨ ਸਰੂਪ ਆਪਣੇ ਦੱਸੇ ਨੇ ਤੇ ਉਹਦੇ ਵਿਚ ਬਚਨ ਆਉਂਦਾ ਹੈ ਕਿ ਸਾਡੇ ਬਚਨ ਜੇ ਸੁਣਨੇ ਨੇ ਤਾਂ ਗੁਰਬਾਣੀ ਸਰਵਣ ਕਰੋ। ਜਦੋਂ ਅਸੀਂ ਬਾਣੀ ਸੁਣਦੇ ਹਾਂ ਤਾਂ ਸਾਡੇ ਅੰਦਰ ਇਹ ਭਾਵਨਾ ਚਾਹੀਦੀ ਹੈ। ਅਗਲਾ ਬਚਨ ਆਉਂਦੈ ਕਿ ਜੇ ਸਾਡੇ ਨਾਲ ਬਚਨ ਕਰਨੇ ਨੇ ਤਾਂ ਗੁਰਬਾਣੀ ਆਪ ਪੜ੍ਹਿਓ। ਇਹ ਬਖਸ਼ਿਸ਼ ਹੈ।

ਸੋ ਸਤਿਕਾਰਯੋਗ ਬੀਜੀ ਬਾਣੀ ਪੜ੍ਹਦੇ ਵੀ ਸੀ ਤੇ ਸੁਣਦੇ ਵੀ ਸੀ। ਜਿਥੇ ਵੀ ਸੰਸਾਰ ਵਿਚ ਚੱਕਰ ਲਾਇਐ, ਚਾਹੇ ਸਿੰਧ ਵਿਚ ਰਹੇ, ਪਟਿਆਲੇ ਰਹੇ, ਚੰਡੀਗੜ੍ਹ ਰਹੇ, ਯੂ.ਪੀ ਰਹੇ। ਇਥੇ ਵੀ ਪਿੰਡਾਂ ਵਿਚ, ਕਿਵੇਂ ਆਪ ਜੀ ਨਾਲ ਜਾਇਆ ਕਰਦੇ ਸੀ ਤੇ ਬਾਅਦ ਵਿਚ ਥੋੜ੍ਹੇ ਜਿਹੇ ਬਚਨਾਂ ਦੇ ਨਾਲ ਹੀ ਕਿੰਨਿਆਂ ਨੂੰ ਤਿਆਰ ਕਰ ਦੇਣਾ, ਅੰਮ੍ਰਿਤ ਛਕਾਉਣ ਵਾਸਤੇ ਤੇ ਨਾਲ ਕਹਿਣਾ ਭਾਈ ਆਹ ਮਾਤਾ ਰਾਣੀ ਨੂੰ ਨਾ ਮੰਨੋ, ਗੁੱਗੇ ਮਾੜੀਆਂ ਨੂੰ ਨਾ ਮੰਨੋ, ਬਿਲਕੁਲ ਵੀ। ਸੋ ਆਪ ਜੀ ਆਪ, ਸ਼ਬਦ ਗੁਰੂ ਨਾਲ ਜੁੜੇ ਅਤੇ ਅਨੇਕਾਂ ਵਿਛੜੀਆਂ ਰੂਹਾਂ ਨੂੰ ਸ਼ਬਦ ਗੁਰੂ ਦੇ ਨਾਲ ਜੋੜਿਆ। ਉਹਨਾਂ ਉਤੇ ਇਹ ਬਚਨ ਢੁਕਦੇ ਨੇ -

*ਐਸੇ ਜਨ ਵਿਰਲੇ ਸੰਸਾਰੇ ॥*
*ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ ॥*
*ਆਪਿ ਤਰਹਿ ਸੰਗਤਿ ਕੁਲ ਤਾਰਹਿ*
*ਤਿਨ ਸਫਲ ਜਨਮੁ ਜਗਿ ਆਇਆ ॥ ਅੰਗ - ੧੦੩੯*

*ਵਾਹਿਗੁਰੂ ਜੀ ਕਾ ਖ਼ਾਲਸਾ॥*
*ਵਾਹਿਗੁਰੂ ਜੀ ਕੀ ਫ਼ਤਹਿ॥*

# ਬਿੰਦੀ ਅਤੇ ਨਾਦੀ ਵੰਸ ਦੇ ਸਬੰਧ
## (ਬਾਬਾ ਸ੍ਰੀ ਚੰਦ ਜੀ ਦੇ ਆਗਮਨ ਦਿਵਸ ਨੂੰ ਸਮਰਪਿਤ)

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ'*

*ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ॥*
*ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ ॥*
*ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ ॥*
*ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ ॥*
*ਅਨਹਤ ਬਾਣੀ ਗੁਰ ਸਬਦਿ ਜਾਣੀ*
*ਹਰਿ ਨਾਮੁ ਹਰਿ ਰਸੁ ਭੋਗੋ ॥*
*ਕਹੈ ਨਾਨਕੁ ਪ੍ਰਭੁ ਆਪਿ ਮਿਲਿਆ*
*ਕਰਣ ਕਾਰਣ ਜੋਗੋ ॥* *ਅੰਗ - ੯੨੨*

ਗੁਰੂ ਪਿਆਰੀ ਸਾਧਸੰਗਤ ਜੀਓ! ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕੀਏ, ਚਿਤ ਬਿਰਤੀਆਂ ਨੂੰ ਇਕਾਗਰ ਕਰੀਏ, ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ, ਸਤਿਨਾਮੁ ਸ੍ਰੀ ਵਾਹਿਗੁਰੂ। ਪਾਤਸ਼ਾਹ ਜੀ ਦੀ ਕ੍ਰਿਪਾ ਹੋਈ ਹੈ, ਪਵਿੱਤਰ ਪਾਵਨ ਅਸਥਾਨ 'ਤੇ ਜੋ ਉਦਾਸੀਨ ਸੰਪਰਦਾ ਦੇ ਪ੍ਰਮੁੱਖ ਧੰਨ-ਧੰਨ ਬਾਬਾ ਸ੍ਰੀ ਚੰਦ ਜੀ ਦੇ ਆਗਮਨ ਦਿਹਾੜਿਆਂ ਦੇ ਪ੍ਰਥਾਇ, ਧੁਰ ਦਰਗਾਹੀ ਬਖਸ਼ੀ ਇਲਾਹੀ ਬਾਣੀ ਦੇ ਓਟ ਆਸਰੇ ਲਏ, ਕਿੰਨੇ ਗੁਰਬਾਣੀ ਦੇ ਪ੍ਰਵਾਹ ਚੱਲੇ। ਕਾਫੀ ਸਮੇਂ ਤੋਂ ਸਤਿਸੰਗ ਹੋ ਰਿਹਾ ਹੈ -

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥* *ਅੰਗ - ੭੨*

ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਵੱਡੇ ਸਾਹਿਬਜ਼ਾਦੇ ਸ੍ਰੀ ਚੰਦ ਜੀ ਦਾ ਦਿਨ ਮਨਾਉਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਇਸ ਦਿਨ ਨੂੰ ਆਗਮਨ ਦਿਹਾੜਾ ਤਾਂ ਕਿਹਾ ਹੈ ਕਿਉਂਕਿ ਗੁਰੂ ਪੀਰ ਜਾਂ ਮਹਾਂਪੁਰਸ਼ ਸਰੀਰ ਨਹੀਂ ਹੁੰਦੇ। ਜਨਮ ਸਰੀਰ ਦਾ ਹੈ-

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ ॥* *ਅੰਗ- ੭੪੯*

ਸਰੀਰ ਦਾ ਜਨਮ, ਸੁਲਤਾਨਪੁਰ ਲੋਧੀ ਵਿਖੇ, ਪਰਮ ਸਤਿਕਾਰਯੋਗ ਮਾਤਾ ਸੁਲੱਖਣੀ ਜੀ ਦੀ ਕੁੱਖ ਨੂੰ ਭਾਗ ਲਾਏ। ਧੰਨ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦਾ ਇਹ ਫਰਜੰਦ, ਕਿੱਡੀ ਬਖਸ਼ਿਸ਼ ਹੈ, ਰਹਿਮਤ ਹੈ। ਬਾਲ ਜਤੀ ਸਨ, ਜਨਮ ਤੋਂ ਹੀ ਸਿੱਧ ਪੁਰਸ਼ ਸਨ। ਆਪ ਜੀ ਨੂੰ ਪ੍ਰਮੇਸ਼ਰ ਦਾ ਅਵਤਾਰ ਮੰਨਿਆ ਜਾਂਦਾ ਹੈ ਇਸੇ ਕਰਕੇ ਆਨਮਤਾਂ ਵਾਲੇ ਵੀ ਭਗਵਾਨ ਸ੍ਰੀ ਚੰਦਰ ਜੀ ਦੇ ਨਾਮ ਨਾਲ ਯਾਦ ਕਰਦੇ ਹਨ। ਜਦੋਂ ਘਰ 'ਚ ਖੁਸ਼ੀ ਹੋਈ, ਆਪ ਜੀ ਦੇ ਨਾਨਕੇ ਘਰ ਤੋਂ ਭਾਈ ਮੂਲਾ ਚੰਦ ਜੀ, ਮਾਤਾ ਚੰਦੋ ਰਾਣੀ ਜੀ, ਹੋਰ ਸਾਰੇ ਆਉਂਦੇ ਹਨ। ਦਾਦਕੇ ਨਗਰ ਤੋਂ ਮਾਤਾ ਤ੍ਰਿਪਤਾ ਜੀ, ਮਹਿਤਾ ਕਾਲੂ ਜੀ ਸਾਰੇ ਪਹੁੰਚਦੇ ਨੇ। ਖੁਸ਼ੀਆਂ ਮਨਾਈਆਂ ਜਾਂਦੀਆਂ ਨੇ। ਭਾਈਆ ਜੈ ਰਾਮ ਜੀ, ਬੇਬੇ ਨਾਨਕੀ ਜੀ, ਜਿਨ੍ਹਾਂ ਦੇ ਘਰ ਨੂੰ ਇਹ ਭਾਗ ਲੱਗੇ, ਉਹ ਸਾਰੇ ਇਨ੍ਹਾਂ ਖੁਸ਼ੀਆਂ ਨੂੰ ਅੱਗੇ ਵੰਡ ਰਹੇ ਨੇ -

*ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥*
*ਨਿਮਖ ਏਕ ਹਰਿ ਨਾਮੁ ਦੇਇ*
*ਮੇਰਾ ਮਨੁ ਤਨੁ ਸੀਤਲੁ ਹੋਇ ॥* *ਅੰਗ - ੪੪*

ਜਨਮ ਤੋਂ ਹੀ ਆਪ ਸਿੱਧ ਪੁਰਸ਼ ਹਨ, ਤੀਖਣ ਬੁੱਧੀ ਦੇ ਮਾਲਕ ਹਨ। ਆਪ ਜੀ ਨੂੰ ਪੰਡਤ ਹਰਦਿਆਲ ਨੇ ਪੜ੍ਹਾਇਆ। ਪਰਾ ਵਿਦਿਆ ਵਿਚ ਪ੍ਰਵੀਨ ਆਪ ਜੀ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਤੋਂ ਹੋਏ। ਬੱਚਿਆਂ ਦਾ ਜੀਵਨ ਜਦੋਂ ਖੇਡਾਂ ਵਿਚ ਬਤੀਤ ਹੁੰਦਾ, ਆਪ ਜੀ ਸਮਾਧੀ ਲਾ ਕੇ ਬੈਠ ਜਾਂਦੇ। ਉਨ੍ਹਾਂ ਤੋਂ ਬਾਅਦ ਬਾਬਾ ਲਖਮੀ ਚੰਦ ਜੀ ਦਾ ਸਰੀਰਕ ਜਨਮ ਹੋਇਆ। ਪਰ ਉਹ ਤਾਂ ਆਪਣੇ ਨਾਨਕੇ ਘਰ ਚਲੇ ਜਾਂਦੇ ਹਨ। ਬੇਬੇ ਨਾਨਕੀ ਜੀ ਦੀ ਦੇਖ-ਰੇਖ ਹੇਠ ਆਪ ਜੀ ਦਾ ਪਾਲਨ-ਪੋਸਣ ਹੁੰਦਾ ਹੈ ਕਿਉਂਕਿ ਬੇਬੇ ਨਾਨਕੀ ਜੀ ਦੇ ਘਰ ਕੋਈ ਔਲਾਦ ਨਹੀਂ ਸੀ। ਬਾਬਾ ਜੀ ਨੇ ਇਹ, ਉਹਨਾਂ ਨੂੰ ਬਖਸ਼ਿਸ਼ ਕੀਤਾ। ਸਪੁਰਦਦਾਰੀ ਕੀਤੀ। ਬਾਬਾ ਸ੍ਰੀ ਚੰਦ ਜੀ ਅਜੇ 7 ਸਾਲ ਦੀ ਉਮਰ ਦੇ ਵਿਚ ਸਨ। ਉਦਾਸੀ ਧਾਰਨ ਕੀਤੀ। ਅਸਲ ਗੱਲ ਤਾਂ -

*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥* *ਅੰਗ - ੯੫੪*

ਅਸਲ ਗੱਲ ਤਾਂ ਨਾਮ 'ਚ ਅਸਥਿਤ ਹੋਣ ਦੀ ਹੈ। ਬਾਕੀ ਤਾਂ ਪਰਾਲਬਧ ਅਨੁਸਾਰ ਸਾਰਾ ਕੁਝ ਚਲਦਾ ਹੈ। ਜਦੋਂ ਗੁਰੂ ਬਾਬਾ ਜੀ ਉਦਾਸੀਆਂ 'ਤੇ ਜਾਂਦੇ ਹਨ, ਚਾਰੋਂ ਦਿਸ਼ਾਵਾਂ ਵਲ। ਚਾਰ ਉਦਾਸੀਆਂ ਧਾਰਨ ਕੀਤੀਆਂ ਤੇ ਜਦੋਂ ਉਦਾਸੀਆਂ ਤੋਂ ਬਾਅਦ ਉਦਾਸੀਨ ਬਾਣਾ ਉਤਾਰਿਆ ਤਾਂ ਗਲ੍ਹ ਕੀਹਦੇ ਪਾਇਆ? ਬਾਬਾ ਸ੍ਰੀ ਚੰਦ ਜੀ ਦੇ। ਬਖਸ਼ਿਸ਼ ਕੀਤੀ, ਉਦਾਸੀਨ ਸੰਪਰਦਾ ਦਾ ਉਹਨਾਂ ਨੇ ਮੁੱਢ ਬੰਨ੍ਹਿਆ। ਉਪਰਾਮਤਾ 'ਚ ਰਹਿਣਾ। ਕਿਉਂਕਿ ਗ੍ਰਿਹਸਤ ਵਿਚ

ਵੀ ਇਹੀ ਹੁੰਦਾ ਹੈ ਕਿ –

*ਸੋ ਗਿਰਹੀ ਜੋ ਨਿਗ੍ਰਹੁ ਕਰੈ ॥ ਅੰਗ – ੯੫੨*

'ਨਿਗ੍ਰਹੁ' ਹੁੰਦੈ ਕਿ detached ਰਹੇ, attachment ਨਾ ਹੋਵੇ, ਜ਼ਿੰਮੇਵਾਰੀਆਂ ਸਾਰੀਆਂ ਨਿਭਾਓ, ਫਰਜ਼ ਤੋਂ ਦੌੜੋ ਨਾ, ਪਰ ਇਹਦੇ ਵਿਚ detached ਰਹੋ।

*ਸੋ ਗਿਰਹੀ ਜੋ ਨਿਗ੍ਰਹੁ ਕਰੈ ॥*
*ਜਪੁ ਤਪੁ ਸੰਜਮੁ ਭੀਖਿਆ ਕਰੈ ॥*
*ਪੁੰਨ ਦਾਨ ਕਾ ਕਰੇ ਸਰੀਰੁ ॥*
*ਸੋ ਗਿਰਹੀ ਗੰਗਾ ਕਾ ਨੀਰੁ ॥ ਅੰਗ – ੯੫੨*

ਬਾਬਾ ਸ੍ਰੀ ਚੰਦ ਜੀ ਮਹਾਰਾਜ ਨੂੰ ਐਸੇ ਸੰਸਕਾਰ ਮਿਲੇ, ਆਪ ਜੀ ਇਸ ਤਰ੍ਹਾਂ ਸਮਾਧੀ ਸਥਿਤ ਹੋ ਜਾਂਦੇ ਹਨ ਤੇ ਦੁਨੀਆਂ ਤੋਂ ਉਪਰਾਮ ਹਨ, ਉਦਾਸ ਹਨ। ਜਦੋਂ ਗੁਰੂ ਬਾਬਾ ਜੀ ਦੇ ਸਰੀਰ ਤੋਂ ਬਾਅਦ ਵੀ ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਜੀ ਮਹਾਰਾਜ, ਜਿਥੇ ਗੁਰਦੁਆਰਾ ਬਾਠ ਸਾਹਿਬ ਹੈ, ਉਸ ਅਸਥਾਨ 'ਤੇ ਆਪ ਜੀ ਨੇ 36 ਸਾਲ ਤਪੱਸਿਆ ਕੀਤੀ ਕਿਉਂਕਿ ਇਹ ਅਸਥਾਨ ਤਾਂ ਆਪ ਜੀ ਦੇ ਨਾਨਕੇ ਨਗਰ ਦੇ ਨਾਲ ਅਸਥਾਨ ਹੈ। ਅੱਜ ਵੀ ਉਥੇ ਲੱਖਾਂ ਸ਼ਰਧਾਲੂਆਂ ਦੀਆਂ ਭਾਵਨਾਵਾਂ ਪੂਰੀਆਂ ਹੁੰਦੀਆਂ ਨੇ। ਕਿਉਂਕਿ ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਜੀ ਆਪ ਉਥੇ ਜਾਂਦੇ ਨੇ। ਫੇਰ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਜਾਂਦੇ ਹਨ। ਫੇਰ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਉਸ ਅਸਥਾਨ 'ਤੇ ਜਾਂਦੇ ਹਨ। ਫੇਰ ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਜੀ, ਜਾਂਦੇ ਵੀ ਕਿਵੇਂ ਨੇ, ਆਪਣੇ ਸਾਰੇ ਪਰਿਵਾਰ ਨੂੰ ਲੈ ਕੇ ਬਾਬਾ ਸ੍ਰੀ ਚੰਦ ਜੀ ਦੇ ਅਸਥਾਨ ਦੇ ਦਰਸ਼ਨ ਕਰਦੇ ਹਨ। ਗੁਰੂ ਪਾਤਸ਼ਾਹ ਜੀ ਇਹ ਪਰੰਪਰਾ ਕਾਇਮ ਰਖਦੇ ਨੇ ਕਿ ਜੋ ਗੁਰੂ ਪੁੱਤਰ ਨੇ, ਇਹ ਬਿੰਦੀ ਅੰਸ ਹਨ, ਦੋ ਪਰੰਪਰਾਵਾਂ ਚਲਦੀਆਂ ਹਨ ਇਕ ਤਾਂ ਨਾਦੀ ਅੰਸ ਹੈ, ਇਹ ਬਿੰਦੀ ਅੰਸ ਹੈ, ਜਿਹੜੀ ਨਾਦੀ ਹੈ ਉਹ ਤਾਂ ਜਿਵੇਂ ਚੱਲੀ ਗੁਰੂ ਬਾਬਾ ਜੀ ਤੋਂ ਸ੍ਰੀ ਗੁਰੂ ਅੰਗਦ ਪਾਤਸ਼ਾਹ ਜੀ ਹੋਏ। ਇਸ ਤਰ੍ਹਾਂ ਦਸ ਜਾਮੇ ਧਾਰਨ ਕੀਤੇ। ਉਹਨਾਂ ਦੇ ਰਾਹੀਂ ਜੋ ਬਚਨ ਆਇਆ ਉਹ ਗੁਰੂ ਹੈ। ਸੋ ਕਦੇ ਵੀ ਸਰੀਰ ਗੁਰੂ ਨਹੀਂ ਹੁੰਦਾ। ਜਦੋਂ ਸਤਿਜੁਗ ਸੀ ਉਸ ਸਮੇਂ ਵੀ ਗੁਰਬਾਣੀ ਗੁਰੂ ਸੀ। ਉਸ ਸਮੇਂ ਵੀ –

*ਸਾਧਸੰਗਤ ਮਿਲ ਗਾਵਦੇ ਰਾਤੀਂ ਜਾਇ ਸੁਣਹਿ ਗੁਰਬਾਣੀ।*

ਉਸ ਸਮੇਂ ਵੀ ਇਹ ਹੁੰਦਾ ਸੀ। ਸੋ ਗੁਰੂ ਪੁੱਤਰ ਇਹ ਬਿੰਦੀ ਅੰਸ ਹੈ। ਬਿੰਦੀ ਅੰਸ ਦਾ ਸਤਿਕਾਰ ਨਾਦੀ ਅੰਸ ਸਦਾ ਤੋਂ ਹੀ ਕਰਦੀ ਆਈ ਹੈ। ਬਾਬਾ ਸ੍ਰੀ ਚੰਦ ਜੀ, ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਤੋਂ ਵਰੋਸਾਏ ਨੇ। ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਜੀ ਜਦੋਂ ਜਾਂਦੇ ਹਨ। ਆਪ ਜੀ ਦੀ ਦ੍ਰਿਸ਼ਟੀ ਪੈਂਦੀ ਹੈ। ਜਦੋਂ ਉਹਨਾਂ ਨੇ ਪ੍ਰਚਾਰ ਫੇਰੀ 'ਤੇ ਜਾਣਾ ਸੀ ਤਾਂ ਆਪ ਬਾਬਾ ਸ੍ਰੀ ਚੰਦ ਜੀ ਕੋਲ ਜਾਂਦੇ ਹਨ। ਬੜੀਆਂ ਖੁਸ਼ੀਆਂ ਹੋਈਆਂ ਤੇ ਆਪ ਬਾਬਾ ਸ੍ਰੀ ਚੰਦ ਜੀ ਸਤਿਕਾਰ ਦਿੰਦੇ ਨੇ। ਸੱਜੇ ਪਾਸੇ ਬਿਠਾਉਂਦੇ ਹਨ। ਗੁਰੂ ਪਾਤਸ਼ਾਹ ਜੀ ਨੂੰ ਕਹਿੰਦੇ ਹਨ ਕਿ ਆਪ ਜੀ ਬਾਣੀ ਸੁਣਾਓ। ਉਸ ਸਮੇਂ ਧੰਨ ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਜੀ ਨੇ ਅਨੰਦ ਸਾਹਿਬ –

*ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥*
*ਅੰਗ – ੯੧੭*

ਖੁਸ਼ੀਆਂ ਬਖਸ਼ਿਸ਼ ਹੋਈਆਂ, ਪਰਸਪਰ ਮੇਲ ਮਿਲਾਪ ਹੋਏ। ਫੇਰ ਜਦੋਂ ਦ੍ਰਿਸ਼ਟੀ ਪੈਂਦੀ ਹੈ –

*ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥*
*ਅੰਗ – ੨੭੩*

ਬਾਬਾ ਮੋਹਨ ਜੀ ਧੰਨ ਬਾਬਾ ਸ੍ਰੀ ਗੁਰੂ ਅਮਰਦਾਸ ਜੀ ਦੇ ਸੁਪੱਤਰ ਦੇ ਉਤੇ ਦ੍ਰਿਸ਼ਟੀ ਪੈਂਦੀ ਹੈ ਤਾਂ ਬਾਬਾ ਸ੍ਰੀ ਚੰਦ ਜੀ ਗੁਰੂ ਪਾਤਸ਼ਾਹ ਜੀ ਨੂੰ ਬੇਨਤੀ ਕਰਦੇ ਨੇ ਕਿ ਤੁਸੀਂ ਇਸ ਸਪੁੱਤਰ ਨੂੰ ਮੈਨੂੰ ਦੇ ਦਿਓ। ਗੁਰੂ ਪਾਤਸ਼ਾਹ ਜੀ ਸਤਿਕਾਰ ਕਰਦੇ ਸਨ। ਉਸੇ ਸਮੇਂ ਬਾਬਾ ਮੋਹਨ ਜੀ ਦੀ ਬਾਂਹ ਫੜਾ ਦਿਤੀ। ਜਦੋਂ ਗੁਰੂ ਪਾਤਸ਼ਾਹ ਜੀ ਪ੍ਰਚਾਰ ਫੇਰੀ 'ਤੇ ਗਏ ਤਾਂ ਬਾਬਾ ਮੋਹਨ ਜੀ ਨੂੰ ਬਾਬਾ ਸ੍ਰੀ ਚੰਦ ਜੀ ਨੇ ਅੰਦਰ ਆਤਮਾ ਦਾ ਆਤਮ ਮਾਰਗ ਸਾਰਾ ਦਰਸਾਇਆ। ਤਾਂਹੀ ਐਨੀਆਂ-ਐਨੀਆਂ ਲੰਮੀਆਂ ਸਮਾਧੀਆਂ ਲਾਉਂਦੇ ਸਨ।

ਧੰਨ ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਜੀ, ਜਦੋਂ ਆਪ ਬਾਬਾ ਮੋਹਨ ਜੀ ਕੋਲ ਜਾਂਦੇ ਹਨ, ਪੋਥੀਆਂ ਲੈਣ ਵਾਸਤੇ, ਕਿਉਂਕਿ ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਜੀ ਨੂੰ ਇਸ ਤਰ੍ਹਾਂ ਵੇਖ ਕੇ ਕਿ ਰਟਨ ਕਰਨ ਜਾ ਰਹੇ ਨੇ, ਪ੍ਰਚਾਰ ਫੇਰੀ 'ਤੇ ਜਾ ਰਹੇ ਹਨ, ਬਾਬਾ ਸ੍ਰੀ ਚੰਦ ਜੀ ਨੇ ਵੀ ਪ੍ਰਚਾਰ ਫੇਰੀ ਦੀ ਤਿਆਰੀ ਕਰ ਲਈ। ਪੋਥੀਆਂ, ਬਾਬਾ ਮੋਹਨ ਜੀ ਨੂੰ ਸੰਭਾਲੀਆਂ। ਫੇਰ ਗੁਰੂ ਰਾਮਦਾਸ ਪਾਤਸ਼ਾਹ ਜੀ ਮਹਾਰਾਜ ਵੀ ਬਾਠ ਸਾਹਿਬ ਜਾਂਦੇ ਹਨ। ਉਥੇ ਪੁਛਦੇ ਹਨ ਕਿ ਕੀ ਸੇਵਾ ਚਲਦੀ ਹੈ? ਤਾਂ ਗੁਰੂ ਰਾਮਦਾਸ ਪਾਤਸ਼ਾਹ ਜੀ ਨੇ ਕਿਹਾ ਸ੍ਰੀ ਹਰਿਮੰਦਰ ਸਾਹਿਬ ਸਰੋਵਰ ਦੀ ਸੇਵਾ ਚਲ ਰਹੀ ਹੈ। ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਨੇ ਕਰਾਈ ਪਰ ਸਰੋਵਰ ਦੀ ਸੇਵਾ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਨੇ ਸ਼ੁਰੂ ਕਰਵਾਈ। ਇਸ ਦਾ ਨਾਮ ਰਾਮਦਾਸ ਸਰ ਰਖਿਆ। ਕਹਿੰਦੇ, ਚਲੋ ਠੀਕ ਹੈ, ਤੁਸੀਂ ਰਮੇ ਹੋਏ ਹੋਂ। ਰਾਮ ਦੇ ਦਾਸ ਬਣੇ ਹੋਂ ਇਹ ਤੁਹਾਡੀ ਵਡਿਆਈ ਹੈ। ਨਗਰੀ ਦਾ ਨਾਮ ਵੀ

ਰਾਮਦਾਸ ਪੁਰਾ ਰੱਖਿਆ। ਪਰ ਕਹਿੰਦੇ, ਇਹ ਤਾਂ ਅੰਮ੍ਰਿਤ ਹੈ। ਅੰਮ੍ਰਿਤ ਦਾ ਇਹ ਸਰੋਵਰ ਹੈ -

*ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥ ਅੰਗ- ੨੯੭*

ਅੰਮ੍ਰਿਤ ਦਾ ਨਾਮ ਹੋਣਾ ਚਾਹੀਦਾ ਹੈ। ਇਹ ਬੇਨਤੀ ਬਾਬਾ ਸ੍ਰੀ ਚੰਦ ਜੀ ਦੀ ਗੁਰੂ ਰਾਮਦਾਸ ਜੀ, ਪ੍ਰਵਾਨ ਕਰਕੇ, ਉਸ ਸਰੋਵਰ ਦਾ ਨਾਮ ਫੇਰ ਅੰਮ੍ਰਿਤਸਰ ਰਖਦੇ ਹਨ, ਸ਼ਹਿਰ ਦਾ ਨਾਂ ਵੀ ਇਹੀ ਸ਼ੁਰੂ ਹੋ ਜਾਂਦਾ ਹੈ।

*ਅੰਮ੍ਰਿਤੁ ਪੀਆ ਸਤਿਗੁਰਿ ਦੀਆ ॥*
*ਅਵਰੁ ਨ ਜਾਨਾ ਦੂਆ ਤੀਆ ॥ ਅੰਗ - ੧੦੩੪*
*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ- ੨੯੩*

*ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ*
*ਸੁ ਅੰਮ੍ਰਿਤੁ ਗੁਰ ਤੇ ਪਾਇਆ ॥*
*ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ*
*ਸਚਾ ਮਨਿ ਵਸਾਇਆ ॥ ਅੰਗ - ੯੧੮*

ਹੁਣ ਅੰਦਰ ਅੰਮ੍ਰਿਤ ਹੈ ਪਰ ਧੰਨ ਗੁਰੂ ਰਾਮਦਾਸ ਪਾਤਸ਼ਾਹ ਜੀ ਮਹਾਰਾਜ ਇਹ ਦਰਸਾ ਰਹੇ ਹਨ ਕਿ ਇਹ ਜਿਹੜਾ ਅੰਮ੍ਰਿਤ ਦਾ ਸਰੋਵਰ ਹੈ ਇਹ ਪ੍ਰਤੀਕ ਹੈ। ਜਦੋਂ ਬਾਬਾ ਸ੍ਰੀ ਚੰਦ ਜੀ ਨੇ ਬੇਨਤੀ ਕੀਤੀ ਕਿ ਇਸ ਦਾ ਨਾਮ ਅੰਮ੍ਰਿਤਸਰ ਸਰੋਵਰ ਹੋਵੇ, ਗੁਰੂ ਰਾਮ ਦਾਸ ਜੀ ਫੁਰਮਾਨ ਕਰਨ ਲੱਗੇ ਕਿ ਜਿਹੜਾ ਅੰਮ੍ਰਿਤ ਦਾ ਸਰੋਵਰ ਹੈ, ਹੈ ਤਾਂ ਉਹ ਅੰਦਰ -

*ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਅੰਗ - ੩੦੫*

ਉਹ ਧਿਆਨ ਵਿਚ ਬੈਠਦਾ ਹੈ -

*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਅੰਗ - ੩੦੫*

ਇਹ ਨੇਮ ਹੁੰਦੈ ਗੁਰਸਿੱਖ ਦਾ ਕਿ ਰੋਜ਼ ਅੰਮ੍ਰਿਤ ਦੇ ਸਰੋਵਰ ਦੇ ਵਿਚ ਇਸ਼ਨਾਨ ਕਰਨਾ ਹੈ। ਇਸ ਦਾ ਇਹ ਪ੍ਰਤੀਕ -

*ਰਾਮਦਾਸਿ ਸਰੋਵਰ ਨਾਤੇ ॥*
*ਸਭ ਲਾਥੇ ਪਾਪ ਕਮਾਤੇ ॥ ਅੰਗ- ੬੨੪*

ਉਸ ਜਲ ਦੇ ਵਿਚ ਬਾਣੀ ਦਾ ਅਸਰ ਹੈ। ਨਿਰੰਤਰ ਬਾਣੀ ਦੇ ਪ੍ਰਵਾਹ ਚਲਦੇ ਹਨ। ਉਸ ਪਾਣੀ ਦੀ ਤਾਸੀਰ ਬਦਲ ਗਈ, ਉਸ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਰੋਗ ਦੂਰ ਹੋ ਜਾਂਦੇ ਨੇ, ਸੋਗ ਦੂਰ ਹੋ ਜਾਂਦੇ ਨੇ। ਇਸ ਤਰ੍ਹਾਂ ਦੇਖੋ, ਕਿੱਡੇ-ਕਿੱਡੇ ਰੋਗ ਟੁੱਟੇ। ਬੀਬੀ ਰਜਨੀ ਵਰਗੀਆਂ ਦੇ। ਅੱਜ ਵੀ ਵਿਸ਼ਵਾਸ਼, ਭਰੋਸਾ ਕੰਮ ਕਰਦਾ ਹੈ ਕਿ ਕੋਈ ਭਾਵਨਾ ਰੱਖ ਕੇ ਉਥੇ ਇਸ਼ਨਾਨ ਕਰੋ, ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰੋ, ਭਾਵਨਾ ਪੂਰੀ ਹੁੰਦੀ ਹੈ। ਕਿਉਂਕਿ-

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।*
*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।*
*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।*
*ਭਾਈ ਗੁਰਦਾਸ ਜੀ, ਵਾਰ ੩੪/੧*

ਸੋ ਅਸਲ ਦੇ ਵਿਚ ਭਾਵਨਾ ਨੂੰ ਫਲ ਲਗਦਾ ਹੈ ਇਹ ਇਕ ਪ੍ਰਤੀਕ ਹੈ ਤੇ ਜਿਹੜਾ ਨਾਮ ਅੰਮ੍ਰਿਤ ਹੈ ਇਹ ਉਸ ਦੀ ਦਸ ਪਾ ਰਿਹਾ ਹੈ। ਜਿਵੇਂ -

*ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ ॥*
*ਅੰਗ - ੯੫੩*

ਇਸੇ ਤਰ੍ਹਾਂ ਇਸ ਸਰੀਰ ਵਿਚ ਵੀ -

*ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ ਅੰਗ- ੬੯੫*

ਜੋ ਬ੍ਰਹਿਮੰਡ ਦੇ ਵਿਚ ਹੈ ਉਹੀ ਸਰੀਰ ਰੂਪੀ ਪਿੰਡ ਦੇ ਵਿਚ ਵੀ ਹੈ। ਜੋ ਇਸ ਦੀ ਖੋਜ ਕਰਦਾ ਹੈ ਉਹ ਉਸ ਨਾਮ ਸਰੋਵਰ ਦੇ ਵਿਚ ਇਸ਼ਨਾਨ ਕਰਦਾ ਹੈ।

*ਇਹੁ ਸਰੀਰੁ ਸਭੁ ਧਰਮੁ ਹੈ*
*ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥*
*ਗੁਹਜ ਰਤਨ ਵਿਚਿ ਲੁਕਿ ਰਹੇ*
*ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥ ਅੰਗ- ੩੦੯*

ਸੋ ਇਸ ਤਰ੍ਹਾਂ ਪਰਸਪਰ ਵਿਚਾਰ ਚਲਦੀ ਹੈ। ਬ੍ਰਹਮ ਵੀਚਾਰ ਹੋ ਰਹੀ ਹੈ ਕਿ ਉਹ ਸਿੱਖ ਕਾਹਦਾ ਹੈ, ਜੋ ਇਸ ਤਰ੍ਹਾਂ ਨਹੀਂ ਕਰਦਾ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ ਅੰਗ- ੩੦੫*

ਰਤਵਾੜਾ ਸਾਹਿਬ ਮਹਾਂਪੁਰਸ਼ ਸਾਲਾਨਾ ਸਮਾਗਮ ਸਮੇਂ ਵਿਸ਼ੇ ਦਿੰਦੇ ਤੇ ਇਕ ਵਿਸ਼ਾ ਰੱਖਿਆ -

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਅੰਗ - ੩੦੬*

ਉਹ ਕਿਹੜਾ ਉਪਦੇਸ਼ ਹੈ, ਜੋ ਗੁਰੂ ਦਇਆਲ ਹੋ ਕੇ ਸੁਣਾਉਂਦਾ ਹੈ। ਵੱਡੇ ਪ੍ਰੋਫੈਸਰਾਂ ਨੂੰ ਸਮਾਗਮ ਵਿਚ ਬੁਲਾਇਆ, ਡੀ.ਲਿਟ ਡਾਕਟਰ, ਪੀਐਚ.ਡੀ ਸਾਰੇ ਆਏ। ਪਰ ਇਸ ਵਿਸ਼ੇ 'ਤੇ ਬੋਲ ਨਾ ਸਕੇ। ਆਮ ਮਹਾਂਪੁਰਸ਼ ਜਿਨ੍ਹਾਂ ਨੇ ਆਤਮ ਚਿੰਤਨ ਕੀਤਾ, ਨਾਮ 'ਚ ਸਥਿਤੀ ਸੀ ਜਿਨ੍ਹਾਂ ਦੀ, ਉਹ ਸਹਿਜ ਨਾਲ ਹੀ ਦਸ ਗਏ ਕਿ ਜੀਵ ਤੇ ਬ੍ਰਹਮ ਦੀ ਅਭੇਦਤਾ ਦਾ

ਉਪਦੇਸ਼, ਗੁਰ ਬਾਣੀ ਸੁਣਾਉਂਦੀ ਹੈ-

*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥* *ਅੰਗ - ੩੦੬*

ਜੋ ਇਸ ਤਰ੍ਹਾਂ ਦੇ ਨਾਲ ਕਰਦਾ ਹੈ ਅਸਲ ਸਿੱਖ ਉਹ ਗੁਰੂ ਨੂੰ ਭਾਉਂਦਾ ਹੈ -

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥* *ਅੰਗ - ੨੯੫*

ਅੰਦਰ ਨੂੰ ਸਵਾਸ ਜਾਂਦਾ ਹੈ, ਇਹ ਖਾਲੀ ਨਾ ਜਾਵੇ, ਜਦੋਂ ਬਾਹਰ ਨੂੰ ਆਵੇ ਤਾਂ ਵੀ ਖਾਲੀ ਨਾ ਆਵੇ -

*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥* *ਅੰਗ- ੩੦੬*

ਜਦੋਂ ਸਵੇਰੇ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਬੈਠੇ, ਅੰਦਰ ਨੂੰ ਸਵਾਸ ਜਾਂਦਾ ਹੈ 'ਵਾਹਿ' ਸੁਣੇ, ਬਾਹਰ ਨੂੰ ਆਉਂਦੈ 'ਗੁਰੂ' ਸੁਣੇ। ਬੈਖਰੀ ਬਾਣੀ 'ਚ ਬੋਲ ਕੇ ਕਰੋ, ਮਧਮਾ 'ਚ ਅੰਦਰ ਸੁਣਦਾ ਹੈ, ਹਿਰਦੇ ਦੀ ਬਾਣੀ ਹੈ, ਫੇਰ ਅੱਗੇ ਪਰਾ ਬਾਣੀ, ਸਵਾਸ 'ਤੇ ਆ ਜਾਂਦਾ ਹੈ। ਅਵਸਥਾ ਕਿੰਨੀ ਉੱਚੀ ਹੋ ਜਾਂਦੀ ਹੈ -

*ਜਿਨਾ ਸਾਸਿ ਗਿਰਾਸਿ ਨ ਵਿਸਰੈ*
*ਹਰਿ ਨਾਮਾਂ ਮਨਿ ਮੰਤੁ ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥* *ਅੰਗ- ੩੧੯*

ਇਸ ਤਰ੍ਹਾਂ ਕਰਨ ਨਾਲ ਪ੍ਰਾਣ ਵਾਯੂ, ਸ਼ੁੱਧ ਹਵਾ ਅੰਦਰ ਜਾਂਦੀ ਹੈ। ਅੰਮ੍ਰਿਤ ਵੇਲਾ ਹੁੰਦਾ ਹੈ ਉਸ ਸਮੇਂ ਧਿਆਨ 'ਚ ਬੈਠ ਕੇ ਅਭਿਆਸ ਕਰੇ। ਰੋਜ਼ ਦੇ ਅਭਿਆਸ ਨਾਲ ਇਹ ਸਾਰੀਆਂ ਗੱਲਾਂ ਹੋ ਜਾਂਦੀਆਂ ਹਨ। ਸਮ, ਦਮ, ਯਮ, ਨਿਯਮ, ਆਸਣ, ਪ੍ਰਤਿਹਾਰ, ਪ੍ਰਾਣਾਯਾਮ ਕਰਦੇ ਬਹਿਰੰਗ ਸਾਧਨ ਕਰਦੇ-ਕਰਦੇ ਧਾਰਨਾ, ਧਿਆਨ, ਸਮਾਧੀ 'ਚ ਸਥਿਤ ਹੋ ਜਾਂਦੇ ਹਾਂ। ਸੋ ਇਸ ਤਰ੍ਹਾਂ ਬਾਬਾ ਸ੍ਰੀ ਚੰਦ ਜੀ ਦੇ ਨਾਲ ਇਹ ਪਰਸਪਰ ਵਿਚਾਰਾਂ ਹੁੰਦੀਆਂ ਹਨ। ਨਾਦੀ ਤੇ ਬਿੰਦੀ ਅੰਸ ਦਾ ਪਿਆਰ ਕਿੰਨਾ ਹੈ। ਗੁਰੂ ਰਾਮਦਾਸ ਪਾਤਸ਼ਾਹ ਜੀ ਨੂੰ ਸ੍ਰੀ ਚੰਦ ਜੀ ਨੇ ਪੁੱਛਿਆ ਕਿ ਤੁਸੀਂ ਐਨਾ ਲੰਮਾ ਦਾੜ੍ਹਾ ਕਿਵੇਂ ਰੱਖਿਆ? ਗੁਰੂ ਰਾਮਦਾਸ ਪਾਤਸ਼ਾਹ ਜੀ ਨੇ ਕਿਹਾ ਕਿ ਤੁਹਾਡੇ ਵਰਗੇ ਆਤਮ ਦਰਸ਼ੀ ਮਹਾਂਪੁਰਸ਼ਾਂ ਦੇ ਚਰਨ ਝਾੜਨ ਲਈ। ਕਿੱਡੀ ਨਿਮਰਤਾ ਦਾ ਬਚਨ ਹੈ। ਫੇਰ ਸ੍ਰੀ ਗੁਰੂ ਅਰਜਨ ਪਾਤਸ਼ਾਹ ਜੀ, ਆਪ ਜੀ ਕੋਲ ਬਾਠ ਸਾਹਿਬ ਆਉਂਦੇ ਹਨ, ਸਮਾਧੀ ਲੱਗੀ ਹੋਈ ਹੈ। ਪੰਜ ਮਹੀਨੇ, ਸਤਾਈ ਦਿਨ ਦੀ ਸਮਾਧੀ, ਕੋਈ ਛੋਟੀ ਜਿਹੀ ਗੱਲ ਹੈ? ਐਨੀ ਲੰਮੀ ਸਮਾਧੀ ਲਾਉਂਦੇ ਅੱਜ ਵੀ ਦੇਖੇ ਨੇ। ਇਥੇ ਨਿਰਮਲ ਡੇਰਾ ਹੈ, ਬਿੰਦਰਖ ਦੇ ਨਾਲ, ਉਥੇ ਬਾਬਾ ਖੁਦਾ ਸਿੰਘ ਜੀ ਬੈਠਿਆ ਕਰਦੇ। ਭੋਰਾ ਬਣਾਇਆ ਉਹਨਾਂ ਨੇ। ਪਹਿਲਾਂ ਉਤੇ ਗੰਗੋਤਰੀ 'ਤੇ ਰਹਿੰਦੇ ਸੀ। ਐਨੀ ਲੰਮੀ ਸਮਾਧੀ ਲਾਉਂਦੇ ਕਿ ਕੱਪੜਿਆਂ 'ਤੇ ਸਿਉਂਕ ਚੜ੍ਹ ਜਾਂਦੀ।

ਸੋ ਸ੍ਰੀ ਚੰਦ ਜੀ ਸਮਾਧੀ 'ਚ ਨੇ, ਧੰਨ ਸ੍ਰੀ ਗੁਰੂ ਅਰਜਨ ਪਾਤਸ਼ਾਹ ਜੀ ਉਹਨਾਂ ਨੂੰ disturb ਨਹੀਂ ਕਰਦੇ। ਖੜ੍ਹ ਕੇ ਆ ਜਾਂਦੇ ਹਨ। ਜਦੋਂ ਨੇਤਰ ਖੁਲ੍ਹੇ, ਬੜਾ ਉਹਨਾਂ ਨੇ ਸਤਿਕਾਰ ਕੀਤਾ ਕਿ ਇਹ ਗੁਰੂ ਪੁੱਤਰ ਹਨ। ਉਨ੍ਹਾਂ ਨੇ ਪੁੱਛਿਆ ਕਿ ਕੀ ਕਰ ਰਹੇ ਹੋਂ? ਪਾਤਸ਼ਾਹ ਨੇ ਦਸਿਆ ਕਿ ਧੁਰ ਕੀ ਬਾਣੀ ਜੋ ਆਈ ਹੈ, ਉਸ ਦਾ ਸੰਪਾਦਨ ਕਰ ਰਹੇ ਹਾਂ। 16 ਅਸਟਪਦੀਆਂ ਤਕ ਇਹ ਉਚਾਰਨ ਹੋ ਚੁੱਕੀ ਹੈ ਤੇ ਅੱਗੇ ਆਪ ਜੀ ਕ੍ਰਿਪਾ ਕਰੋ। ਬਾਬਾ ਸ੍ਰੀ ਚੰਦ ਜੀ 'ਚ ਕਿੰਨੀ ਨਿਮਰਤਾ, ਕਹਿਣ ਲੱਗੇ, ਇਹ ਅਧਿਕਾਰ ਤਾਂ ਤੁਹਾਨੂੰ ਹੈ, ਤੁਸੀਂ ਗੁਰੂ ਦੀ ਬਿੰਦੀ ਅੰਸ ਹੋਂ। ਫੇਰ ਵੀ ਬਾਰ-ਬਾਰ ਬੇਨਤੀ ਕਰਨ 'ਤੇ ਆਪਣੇ ਪਿਤਾ ਧੰਨ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦਾ ਮੂਲਮੰਤ੍ਰ ਦਾ ਸ਼ਬਦ -

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥* *ਅੰਗ - ੧*

ਇਹ ਉਚਾਰਨ ਕਰਦੇ ਨੇ। 'ਸੁਖਮਨੀ ਸਾਹਿਬ' ਦੇ ਵਿਚ ਉਚਾਰਨ ਦਾ ਇਹ ਜੋ 'ਭੀ' ਦੀ ਜਗ੍ਹਾ 'ਭਿ' ਹੈ। ਬਾਬਾ ਸ੍ਰੀ ਚੰਦ ਜੀ ਦੀ ਇਹ ਪਿਆਰ ਦੀ ਨਿਸ਼ਾਨੀ ਹੈ। ਜਿਥੇ ਆਪਾਂ ਪੜ੍ਹਦੇ ਹਾਂ ਉਥੇ ਸੁਖਮਨੀ ਸਾਹਿਬ ਦੇ ਵਿਚ ਭੀ ਦੀ ਜਗ੍ਹਾ, ਭਿ ਪੜ੍ਹਦੇ ਹਾਂ। ਕਿਉਂਕਿ -

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭਿ ਸਚੁ ਨਾਨਕ ਹੋਸੀ ਭਿ ਸਚੁ ॥* *ਅੰਗ - ੨੮੫*

ਨਾਦੀ ਤੇ ਬਿੰਦੀ ਅੰਸ ਦਾ ਇਹ ਪਿਆਰ ਸਿਖਾਇਆ ਗਿਆ ਹੈ ਸਾਨੂੰ -

*ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥*

ਬਾਬਾ ਕਮਲੀਆ ਜੀ ਦੀ ਵੀ ਬਾਬਾ ਸ੍ਰੀ ਚੰਦ 'ਤੇ ਬਹੁਤ ਸ਼ਰਧਾ ਸੀ। ਜਦੋਂ ਵੀ ਬਾਬਾ ਸ੍ਰੀ ਚੰਦ ਜੀ ਜਾਂਦੇ। ਭਾਵੇਂ ਸ਼ਬਦ ਦੀ ਸਵਾਰੀ ਹੀ ਹੁੰਦੀ। ਪਰ ਬਾਹਰ ਇਹ ਹੁੰਦਾ ਕਿ ਭਾਈ ਕਮਲੀਆ ਜੀ ਦੇ ਮੋਢਿਆਂ 'ਤੇ ਬਿਰਾਜਮਾਨ ਹੁੰਦੇ।

ਇਕ ਵਾਰੀ ਜਾ ਰਹੇ ਹਨ ਤੇ ਅੱਗੇ ਸੰਗਤ

ਉਹਨਾਂ ਨੂੰ ਬਿਠਾਉਂਦੀ ਹੈ। ਅੱਗੇ ਇਕ ਬ੍ਰਹਮਚਾਰੀ ਆ ਜਾਂਦਾ ਹੈ, ਕਾਜ਼ੀ ਨੂਰਦੀਨ ਆ ਜਾਂਦਾ ਹੈ, ਸਵਾਲ ਕਰਦੇ ਨੇ ਕਿ ਰੱਬ ਦੋ ਹਨ ਜਾਂ ਇਕ ਹੈ? ਕਾਜ਼ੀ ਸਵਾਲ ਕਰਦਾ ਹੈ ਬਾਬਾ ਸ੍ਰੀ ਚੰਦ ਜੀ ਨੂੰ। ਬਾਬਾ ਜੀ ਕਹਿਣ ਲੱਗੇ, ਕਿਉਂ ਇਹਦੇ ਵਿਚ ਕੀ ਭੁਲੇਖਾ ਹੈ? ਛੋਟਾ ਮੂੰਹ ਵੱਡੀ ਬਾਤ ਵਾਲੀ ਗੱਲ ਹੈ। ਇਹ ਕਹਿੰਦਾ ਦੇਖੋ, ਹਿੰਦੂ ਰਾਮ ਕਹਿੰਦੇ ਨੇ, ਮੁਸਲਮਾਨ ਰਹੀਮ ਕਹਿੰਦੇ ਨੇ। ਬਾਬਾ ਜੀ ਕਹਿਣ ਲੱਗੇ, ਰਾਮ ਰਮਿਆ ਹੈ ਸਾਰਿਆਂ 'ਚ। ਰਹੀਮ ਹੈ ਤੇ ਉਹ ਰਹਿਮਤ ਕਰਦਾ ਹੈ, ਰਹਿਮ ਕਰਦਾ ਹੈ, ਸਾਡੇ ਗੁਨਾਹਾਂ ਨੂੰ ਬਖਸ਼ਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਆਪ ਜੀ ਸਾਰਿਆਂ ਦੇ ਸ਼ੰਕੇ ਨਵਿਰਤ ਕਰਦੇ।

ਅੱਗੇ ਤਾਂ ਉਸ ਸਮੇਂ ਦਾ ਦਮੜਾ ਜਾਂ ਉਸ ਸਮੇਂ ਦਾ ਜੋ ਵੀ ਸਿੱਕਾ ਹੁੰਦਾ, ਨਾਲ ਘੋੜਾ, ਇਹ ਗੁਰੂ ਪੁੱਤਰ ਨੂੰ, ਗੁਰੂ ਘਰ ਵਲੋਂ ਭੇਟਾ ਹੁੰਦਾ। ਅੱਜ ਭਾਈ ਕਮਲੀਆ ਜੀ ਨੂੰ ਕਹਿਣ ਲੱਗੇ ਕਿ ਜਾਹ, ਭੇਟਾ ਲੈ ਕੇ ਆ ਤੇ ਨਾਲ ਭੇਟਾ ਐਨੀ ਨਹੀਂ, ਇਕ ਤਾਂ ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਦਾ ਪ੍ਰਕਾਸ਼ ਹੋਇਆ ਹੈ ਤੇ ਦੂਜਾ ਅਜੇ ਭੇਟਾ ਆਈ ਨਹੀਂ। ਹੁਣ ਇਕ ਹਜ਼ਾਰ ਲੈ ਕੇ ਆਉਣਾ ਤੇ ਨਾਲ ਘੋੜਾ। ਖੜ੍ਹੇ-ਖੜ੍ਹੇ ਹੀ ਆ ਜਾਣਾ। ਬੈਠਣਾ ਨਹੀਂ।

ਗੁਰੂ ਪਾਤਸ਼ਾਹ ਜੀ ਕੋਲ ਜਦੋਂ ਭਾਈ ਕਮਲੀਆ ਜੀ ਜਾਂਦੇ ਨੇ। ਹੁਕਮ ਵਜਾਉਂਦੇ ਨੇ। ਗੁਰੂ ਪਾਤਸ਼ਾਹ ਜੀ ਨੇ ਸਾਰੀ ਭੇਟਾ ਦੇ ਦਿਤੀ ਤਾਂ ਕਹਿਣ ਲੱਗੇ, ਹੁਣ ਤੁਸੀਂ ਲੰਗਰ ਛਕ ਕੇ ਜਾਇਓ। ਹੁਣ ਲੰਗਰ 'ਚ ਜਾਂਦੇ ਨੇ, ਸਤਿਕਾਰਯੋਗ ਮਾਤਾ ਜੀ ਲੰਗਰ ਵਰਤਾਉਂਦੇ ਨੇ ਤੇ ਭਾਈ ਕਮਲੀਆ ਜੀ ਅੱਗੇ ਹੋ ਕੇ ਖੜ੍ਹੇ-ਖੜ੍ਹੇ ਮੰਗਦੇ ਨੇ। ਮਾਤਾ ਜੀ ਨੇ ਕਿਹਾ, ਭਾਈ! ਤੂੰ ਇਉਂ ਕਿਉਂ ਕਰਦਾ ਹੈਂ, ਬਹਿ ਜਾਹ। ਕਾਹਲ ਕਾਹਦੀ ਹੈ। ਤੂੰ ਤਾਂ ਇਸ ਤਰ੍ਹਾਂ ਕਰਦੈਂ ਜਿਵੇਂ ਅਹਿਦੀਏ, ਕੋਈ ਉਗਰਾਹੀ ਕਰਨ ਵਾਲੇ ਆਉਂਦੇ ਨੇ। ਰੋਹਬਦਾਬ ਨਾਲ ਚੀਜ਼ ਮੰਗਦੇ ਨੇ। ਇਸ ਤਰ੍ਹਾਂ ਦਾ ਬਚਨ ਕਰ ਦਿਤਾ। ਭਾਈ ਕਮਲੀਆ ਜੀ ਹੱਥ 'ਤੇ ਪ੍ਰਸ਼ਾਦਾ ਲੈ ਕੇ ਚਲੇ ਜਾਂਦੇ ਨੇ। ਜਦੋਂ ਬਾਬਾ ਸ੍ਰੀ ਚੰਦ ਜੀ ਪੁੱਛਦੇ ਹਨ, ਕਿਵੇਂ ਹੋਈ? ਕਹਿੰਦੇ, ਮਹਾਰਾਜ! ਬਹੁਤ ਖੁਸ਼ੀ ਦੇ ਨਾਲ ਭੇਟਾ ਮਿਲੀ। ਕਹਿੰਦੇ, ਚਿਹਰੇ ਦਾ ਮਲਾਲ ਕਿਹੋ ਜਿਹਾ ਸੀ ਗੁਰੂ ਜੀ ਦਾ? ਕਹਿੰਦੇ, ਉਹਨਾਂ ਨੇ ਤਾਂ ਬਹੁਤ ਹੀ ਖਿੜੇ ਮੱਥੇ ਆਪ ਜੀ ਦੀ ਸੇਵਾ ਕੀਤੀ ਹੈ। ਕਹਿੰਦੇ, ਹੋਰ? ਕਹਿੰਦੇ, ਮਾਤਾ ਜੀ ਦੇ ਲੰਗਰ 'ਚ ਇਹ ਬਚਨ ਆਏ। ਕਹਿੰਦੇ, ਚਲੋ, ਇਹ ਵੀ ਸਤਿ ਹੋਣਗੇ।

ਸੋ ਇਸ ਤਰ੍ਹਾਂ ਦੇ ਨਾਲ ਇਹ ਪਰੰਪਰਾ ਚਲੀ ਆਉਂਦੀ ਹੈ। ਹੁਣ ਬਾਬਾ ਸ੍ਰੀ ਚੰਦ ਜੀ ਐਸੀ ਮਹਾਨ ਹੈਸੀਅਤ ਦੇ ਮਾਲਕ ਕਿ 150 ਸਾਲ ਦੀ ਉਮਰ ਆਪ ਜੀ ਦੀ ਹੋਈ। ਇਸ ਉਮਰ ਦੇ ਵਿਚ ਛੇ ਗੁਰੂ ਸਾਹਿਬਾਨਾਂ ਦੇ ਰੱਜ-ਰੱਜ ਕੇ ਦਰਸ਼ਨ ਕੀਤੇ ਅਤੇ ਦਰਸ਼ਨ ਦਿਤੇ। ਇਹ ਪਿਆਰ ਦੀ ਕਥਾ ਹੈ। ਅੱਜ ਦੇਖੋ, ਜਗ੍ਹਾ-ਜਗ੍ਹਾ 'ਤੇ ਧੂਣੇ ਹਨ। ਜਦੋਂ ਇਹ ਸੰਪਰਦਾ, ਉਦਾਸੀਨ ਸੰਪਰਦਾ ਕੋਲ ਸ੍ਰੀ ਗੁਰੂ ਅਰਜਨ ਪਾਤਸ਼ਾਹ ਪਰਿਵਾਰ ਸਮੇਤ, ਬਾਬਾ ਸ੍ਰੀ ਚੰਦ ਜੀ ਕੋਲ ਜਾਂਦੇ ਹਨ, ਬਾਠ ਸਾਹਿਬ, ਤਾਂ ਉਥੇ ਫੇਰ ਗੁਰੂ ਪਾਤਸ਼ਾਹ ਜੀ ਤੋਂ ਇਹ ਮੰਗ ਰਖਦੇ ਨੇ ਤੁਸੀਂ ਸਾਨੂੰ ਆਪਣਾ ਫਰਜ਼ੰਦ, ਵੱਡਾ ਸਾਹਿਬਜ਼ਾਦਾ ਬਾਬਾ ਗੁਰਦਿੱਤਾ ਜੀ ਸਾਨੂੰ ਦੇ ਦਿਓ। ਫੇਰ ਉਹਨਾਂ ਨੇ ਸੌਂਪ ਦਿਤਾ। ਬਾਬਾ ਸ੍ਰੀ ਚੰਦ ਮਹਾਰਾਜ ਜੀ, ਜੋ ਇਸ ਸੰਪਰਦਾ ਦੇ ਪ੍ਰਮੁੱਖ ਸਨ, ਉਹਨਾਂ ਨੂੰ ਮੁਖੀ ਬਣਾਇਆ। ਬਾਬਾ ਗੁਰਦਿੱਤਾ ਜੀ ਨੂੰ ਵਰ ਦਿਤੇ। ਧੰਨ-ਧੰਨ ਬਾਬਾ ਗੁਰਦਿੱਤਾ ਜੀ ਉਹਨਾਂ ਨੇ ਚਾਰੋ ਦਿਸ਼ਾਵਾਂ ਵਿਚ, ਚਾਰ ਉਦਾਸੀਆਂ ਵਾਂਗੂੰ ਸਿੱਖੀ ਦੇ ਪ੍ਰਚਾਰ ਕੇਂਦਰ ਕਾਇਮ ਕੀਤੇ। ਚਾਰ ਧੂਣੇ ਸਥਾਪਿਤ ਹੋਏ। ਸੋ ਆਪ ਜੀ ਨੇ ਬਾਬਾ ਸ੍ਰੀ ਚੰਦ ਜੀ ਦਾ ਆਗਮਨ ਦਿਹਾੜਾ ਬੜੀ ਸ਼ਰਧਾ 'ਤੇ ਪਿਆਰ ਨਾਲ ਮਨਾਇਆ ਹੈ। ਸੋ ਖੁਸ਼ੀਆਂ ਹੀ ਖੁਸ਼ੀਆਂ ਵਰਤਣਗੀਆਂ। ਜੇ ਅਸੀਂ ਪਿਆਰ ਦਾ ਰਸਤਾ ਅਪਣਾਵਾਂਗੇ -

*ਸਾਚੁ ਕਹੌਂ ਸੁਨ ਲੇਹੁ ਸਭੈ*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।*

ਜਿਵੇਂ ਨਾਦੀ ਤੇ ਬਿੰਦੀ ਅੰਸ ਦਾ ਆਪਸੀ ਪਿਆਰ ਚਲਿਆ ਆ ਰਿਹਾ ਹੈ। ਗੁਰੂ, ਪੀਰਾਂ, ਮਹਾਂਪੁਰਸ਼ਾਂ ਨੇ ਸਿਖਾਇਆ ਹੈ। ਅਸੀਂ ਵੀ ਪਰਸਪਰ ਪਿਆਰ ਦੇ ਨਾਲ ਇਹ ਸੇਵਾ ਕਰਦੇ ਰਹੀਏ।

ਮਹਾਂਪੁਰਸ਼ਾਂ ਨੇ ਗੁਰਬਾਣੀ ਦੇ ਪ੍ਰਚਾਰ, ਪ੍ਰਸਾਰ ਵਾਸਤੇ ਰਤਵਾੜਾ ਸਾਹਿਬ ਦੀ ਪਾਵਨ ਧਰਤੀ ਤੋਂ 'ਆਤਮ ਮਾਰਗ' ਸ਼ੁਰੂ ਕੀਤਾ ਕਿ ਕਿਵੇਂ ਆਤਮਾ ਦਾ ਮਾਰਗ ਹੈ? ਇਹਦੇ ਵਿਚ ਕੇਵਲ ਤੇ ਕੇਵਲ ਇਹੋ ਵਿਚਾਰਿਆ ਜਾਂਦਾ ਹੈ ਕਿ ਨਾਮ ਤਕ ਕਿਵੇਂ ਪਹੁੰਚਣਾ ਹੈ? ਕਿਉਂਕਿ ਨਾਮ ਤਾਂ ਅੰਦਰ ਹੈ, ਬਾਹਰੋਂ ਕੋਈ ਨਾਮ ਨਹੀਂ ਦਿੰਦਾ, ਬਾਹਰੋਂ ਤਾਂ ਮੰਤਰ ਮਿਲਦੇ ਨੇ, ਗੁਰਮਤਿ ਦਾ ਜੋ ਮੰਤਰ ਹੈ 'ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ।' ਉਹਨੂੰ ਜਪੋ। ਜਿਹੜਾ ਗੁਰਮੁਖ ਹੁੰਦਾ ਹੈ ਉਹ ਬਾਨੀ ਨੂੰ ਵਿਚਾਰਦਾ ਹੈ। ਸੋ 'ਆਤਮ ਮਾਰਗ' ਗੁਰਬਾਣੀ ਦੀ ਵਿਚਾਰ ਹੈ ਇਸ ਨੂੰ ਆਪਣੇ ਘਰਾਂ 'ਚ ਲਵਾਓ।

*ਵਾਹਿਗੁਰੂ ਜੀ ਕਾ ਖ਼ਾਲਸਾ॥*
*ਵਾਹਿਗੁਰੂ ਜੀ ਕੀ ਫ਼ਤਹਿ॥*

# ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਾਂਝੀਵਾਲਤਾ
## (ਪਹਿਲੇ ਪ੍ਰਕਾਸ਼ ਪੁਰਬ 19 ਅਗਸਤ 'ਤੇ ਵਿਸ਼ੇਸ਼)

*ਡਾ. ਗੁਰਨੇਕ ਸਿੰਘ*

*(ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ-53)*

ਸਮੁੱਚੀ ਮਾਨਵਤਾ ਨੂੰ ਇਕ ਮੰਨਣ ਕਰਕੇ ਹੀ ਇਹ ਵੀ ਲਾਸਾਨੀ ਤੱਥ ਹੈ ਜੋ ਕੇਵਲ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ। ਉਹ ਹੈ ਸਰਬੱਤ ਮਨੁੱਖਤਾ ਦੇ ਭਲੇ ਤੇ ਚੜ੍ਹਦੀ ਕਲਾ ਲਈ ਅਰਦਾਸ ਜਿਵੇਂ -

*ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥*
*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥*

*ਅੰਗ- ੮੫੩*

*ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ ॥*
*ਅੰਨੁ ਪਾਣੀ ਮੁਚੁ ਉਪਾਇ ਦੁਖ ਦਾਲਦੁ ਭੰਨਿ ਤਰੁ ॥*

*ਅੰਗ- ੧੨੫੧*

ਇਸ ਤਰ੍ਹਾਂ ਅਰਜੋਈ ਕੀਤੀ ਗਈ ਹੈ ਕਿ ਸਭ ਥਾਂ ਇਕੋ ਜਿਹਾ ਮੀਂਹ ਵਰਸੇ, ਸੁੱਖ ਅਤੇ ਖੁਸ਼ਹਾਲੀ ਸਥਾਪਿਤ ਹੋਵੇ, ਇਹ ਅਰਦਾਸ ਸਾਰੇ ਜਗਤ ਲਈ ਹੈ, ਸਾਰੇ ਜ਼ਮਾਨੇ ਲਈ ਹੈ। ਮਨੁੱਖੀ ਜੀਵਨ ਦੀਆਂ ਦੋ ਬੁਨਿਆਦੀ ਲੋੜਾਂ ਹਨ ਅੰਨ ਅਤੇ ਪਾਣੀ। ਇਨ੍ਹਾਂ ਦੀ ਭਰਪੂਰਤਾ ਅਤੇ ਪੂਰਤੀ ਲਈ ਅਰਜ਼ ਹੈ ਤਾਂ ਕਿ ਦੋ ਮੁੱਖ ਕਲੇਸ਼ਾਂ, ਦੁੱਖ ਅਤੇ ਗਰੀਬੀ ਤੋਂ ਛੁਟਕਾਰਾ ਪਾਇਆ ਜਾ ਸਕੇ। ਇਹ ਭਾਵਨਾ ਕਿਸੇ ਨਿੱਜੀ ਜਾਂ ਜਾਤੀ, ਕੇਵਲ ਆਪਣੇ ਦੇਸ਼, ਧਰਮ ਜਾਂ ਕਬੀਲੇ ਜਾਂ ਕਿਸੇ ਖਾਸ ਸਦੀ ਤੇ ਸਮੇਂ ਦੇ ਹਿਤਾਂ ਦੀ ਪਾਲਣਾ ਦੀ ਥਾਂ, ਸਮੂੰਹ ਮਨੁੱਖਤਾ ਦੇ ਸਾਂਝੇ ਹਿਤਾਂ ਤੇ ਲਾਭਾਂ ਦੀ ਪੂਰਤੀ ਲਈ ਅਭਿਵਿਅਕਤ ਕੀਤੀ ਗਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਮੁੱਖ ਵਿਚਾਰਧਾਰਾ ਨਾਮ ਤੇ ਅਧਾਰਿਤ ਹੈ ਜਿਹੜਾ ਮਨੁੱਖੀ ਆਤਮਾ ਦਾ ਘਾੜਾ ਹੈ ਅਤੇ ਜਿਸ ਉਤੇ ਆਤਮਕ ਉਨਤੀ ਆਸ਼ਰਿਤ ਹੈ। ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਧੁਰਾ 'ਨਾਮ' ਦਰਸਾਉਂਦੇ ਹੋਏ ਫੁਰਮਾਇਆ ਹੈ-

*ਨਾਨਕ ਕੈ ਘਰਿ ਕੇਵਲ ਨਾਮੁ ॥ ੪ ॥ ੪ ॥*

*ਅੰਗ- ੧੧੩੬*

ਆਤਮਕ ਸ਼ਕਤੀ ਦਾ ਬਲ ਸਮੁੱਚੇ ਮਨੁੱਖਾਂ ਲਈ ਸਾਂਝਾ ਤੱਤ ਹੈ। ਜਿਹੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਗੁਰੂ ਸਾਹਿਬਾਨ ਦੇ ਆਗਮਨ ਵੇਲੇ ਮਨੁੱਖੀ ਭਾਈਚਾਰਾ ਜਾਤਾਂ ਵਿਚ ਵਿਭਾਜਤ ਹੋ ਚੁੱਕਾ ਸੀ ਅਤੇ ਉਸ ਵੰਡ ਕਾਰਣ ਹਿੰਦੁਸਤਾਨੀ ਸਮਾਜ ਬਲਹੀਨ, ਨਿਤਾਣਾ ਅਤੇ ਬੇਵਸ ਹੋ ਗਿਆ ਸੀ। ਜਿਸ ਦੇ ਫਲਸਰੂਪ ਧਾੜਵੀ ਬੇਰੋਕ ਟੋਕ ਹਿੰਦੁਸਤਾਨ ਵਰਗੇ ਮਹਾਨ ਦੇਸ਼ ਨੂੰ ਬਿਨਾਂ ਕਿਸੇ ਮੁਕਾਬਲੇ ਦੇ ਸੌਖੀ ਤਰ੍ਹਾਂ ਹੀ ਲੁੱਟ ਪੁੱਟ ਕੇ ਜਾਂਦੇ ਰਹੇ ਅਤੇ ਇਸ ਤਰ੍ਹਾਂ ਆਰਥਿਕ ਪੱਖ ਤੋਂ ਹਿੰਦੁਸਤਾਨ ਕਮਜ਼ੋਰ ਹੋ ਗਿਆ। ਸ੍ਰੀ ਗੁਰੂ ਨਾਨਕ ਦੇਵ ਤੇ ਬਾਕੀ ਗੁਰੂ ਸਾਹਿਬਾਨ ਨੇ ਇਸ ਗੱਲ ਨੂੰ ਭਲੀਭਾਂਤ ਭਾਂਪ ਲਿਆ ਸੀ। ਇਸ ਲਈ ਇਸ ਨਿਰਬਲਤਾ ਅਤੇ ਸਾਹਸਹੀਨਤਾ ਤੋਂ ਚੁੱਕ ਕੇ ਭਾਰਤੀ ਜਨਤਾ ਨੂੰ ਬਲਵਾਨ, ਸ਼ਕਤੀਸ਼ਾਲੀ ਅਤੇ ਸਵੈ ਨਿਰਭਰ ਹੋਣ ਲਈ ਗੁਰੂਆਂ ਨੇ ਇਥੋਂ ਦੀ ਜਨਤਾ ਨੂੰ ਆਤਮਿਕ ਤੌਰ ਤੇ ਬਲਵਾਨ ਬਣਾਉਣ ਵਲ ਬੜੀ ਗੰਭੀਰਤਾ ਨਾਲ ਧਿਆਨ ਦਿਤਾ। ਨਤੀਜਾ ਇਹ ਹੋਇਆ ਕਿ ਜਿਹੜੇ ਧਾੜਵੀ ਪੱਛਮ ਵਲੋਂ ਆ ਕੇ ਬੇਰੋਕ ਟੋਕ ਹਿੰਦੁਸਤਾਨ ਨੂੰ ਲੁੱਟ ਪੁੱਟ ਕੇ ਲੈ ਜਾਂਦੇ ਸਨ ਇਥੋਂ ਦੀਆਂ ਬਹੂ ਬੇਟੀਆਂ ਨੂੰ ਗਲੀਆਂ ਬਜ਼ਾਰਾਂ ਵਿਚ ਰੋਲਦੇ ਸਨ ਅਤੇ ਟਕੇ-ਟਕੇ ਪਿੱਛੇ ਇਨ੍ਹਾਂ ਨੂੰ ਪਸ਼ੂਆਂ ਦੀ ਤਰ੍ਹਾਂ ਵੇਚਦੇ ਸਨ, ਹਿੰਦੁਸਤਾਨ ਵਲ ਮੂੰਹ ਕਰਨ ਤੋਂ ਕੰਨੀ ਕਤਰਾਉਣ ਲੱਗੇ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰੇਰਨਾ ਤੋਂ ਪੈਦਾ ਹੋਏ ਲੋਕ, ਜੋ ਸਿੱਖ ਅਖਵਾਏ, ਇਸ ਸੋਨ-ਚਿੜੀ ਭਾਰਤ ਦੇਸ਼ ਦੇ ਰਾਖੇ ਸਾਬਤ ਹੋਏ ਅਤੇ ਇਨ੍ਹਾਂ ਨੇ ਜਾਨਾਂ ਤਲੀ ਉਤੇ ਰੱਖ ਕੇ ਇਥੋਂ ਦੀਆਂ ਸਰਹੱਦਾਂ ਦੀ ਰਾਖੀ ਕੀਤੀ ਅਤੇ ਗਜਨੀ ਦੀਆਂ ਗਲੀਆਂ ਵਿਚ ਰੁਲਦੀ ਭਾਰਤ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਆਬਰੂ ਨੂੰ ਬਚਾਇਆ ਜੋ ਅੱਜ ਤੱਕ ਇਸ ਦੀ ਰਾਖੀ ਲਈ ਆਪਣੀਆਂ ਕੁਰਬਾਨੀਆਂ ਦੇਣ ਤੋਂ ਕਦੇ ਵੀ ਪਿੱਛੇ ਨਹੀਂ ਹਟੇ ਅਤੇ ਇਹ ਸਿਲਸਿਲਾ ਨਿਰੰਤਰ ਜਾਰੀ ਹੈ। ਇਹ ਗੁਰਬਾਣੀ ਅਤੇ ਨਾਮ ਦੀ ਬਰਕਤ ਹੀ ਸੀ ਕਿ ਅਜਿਹੇ ਲੋਕ ਹੋਂਦ ਵਿਚ ਆਏ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਨਾਮ ਇਕ ਅਜਿਹੀ ਸ਼ਕਤੀ ਹੈ ਜੋ ਸਰਬ ਸਾਂਝੀ ਹੈ ਅਤੇ ਜਿਹੜੀ ਸਮੁੱਚੀ ਲੋਕਾਈ ਲਈ ਹੈ। ਸਮੁੱਚੀ ਲੋਕਾਈ ਜਾਂ ਸਾਰਾ ਜਗਤ ਇਸ ਅਨਮੋਲ ਵਸਤੂ ਦਾ ਲਾਭ ਪ੍ਰਾਪਤ ਕਰਕੇ ਮਨੁੱਖਤਾ ਦੀ ਸੇਵਾ ਵਿਚ ਜੁਟ ਸਕੇ, ਇਸ ਵੱਲ ਇਸ਼ਾਰਾ ਕਰਦੇ ਹੋਏ ਗੁਰੂ ਜੀ ਫੁਰਮਾਉਂਦੇ ਹਨ-

*ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ ॥*

*ਜਿਸੁ ਸਿਮਰਤ ਸੁਖੁ ਪਾਈਐ ਸਭ ਤਿਖਾ ਬੁਝਾਈ ॥*

*ਅੰਗ- ੩੧੮*

ਇਸ ਅਮੋਲਕ ਰਤਨ ਨੂੰ ਗੁਰੂ ਜੀ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ ਅਤੇ ਇਹ ਸਾਰੇ ਦੁੱਖ ਕਲੇਸ਼ਾਂ ਨੂੰ ਦੂਰ ਕਰਕੇ ਆਤਮਿਕ ਵਿਗਾਸ, ਖੇੜੇ ਅਤੇ ਉਮਾਹ ਪ੍ਰਦਾਨ ਕਰਨ ਵਾਲਾ ਸਦੀਵੀ ਸੁਖ ਪ੍ਰਦਾਨ ਕਰਦਾ ਹੈ। ਗੁਰੂ ਜੀ ਫੁਰਮਾਉਂਦੇ ਹਨ -

*ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ ॥*
*ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ ॥*

*ਅੰਗ- ੪੦*

ਗੁਰਬਾਣੀ ਨੇ ਨਾਮ ਨੂੰ ਹੀ ਅਸਲ ਪ੍ਰਮੁੱਖ ਮੰਨਿਆ ਹੈ ਅਤੇ ਇਸੇ ਲਈ ਮਨੁੱਖ ਨੂੰ ਇਸ ਨਾਲ ਜੁੜਨ ਦੀ ਤਾਕੀਦ ਕੀਤੀ ਹੈ। ਕਿਉਂਕਿ ਨਾਮ ਉਹ ਦੈਵੀ ਗਿਆਨ ਦਾ ਸੋਮਾ ਹੈ ਜਿਹੜਾ ਸਾਰੀ ਮਨੁੱਖਤਾ ਨੂੰ ਬਲ ਦੇਣ ਦੇ ਸਮਰੱਥ ਹੈ। ਗੁਰਬਾਣੀ ਕਥਨ ਹੈ-

*ਸਰਬ ਧਰਮ ਮਹਿ ਸ੍ਰੇਸਟ ਧਰਮੁ ॥*
*ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥* *ਅੰਗ- ੨੬੬*

ਇਹ ਨਾਮ ਹੀ ਸਰਬ ਮਨੁੱਖਾਂ ਲਈ ਕਲਿਆਣਕਾਰੀ ਅਤੇ ਮੁਕਤੀ ਦਾਤਾ ਹੈ ਜੋ ਮਨੁੱਖ ਦਾ ਅੰਤਿਮ ਲੱਕਸ਼ ਹੈ। ਗੁਰਬਾਣੀ ਕਥਨ ਹੈ -

*ਕਲ ਮੈ ਏਕੁ ਨਾਮੁ ਕਿਰਪਾ ਨਿਧਿ*
*ਜਾਹਿ ਜਪੈ ਗਤਿ ਪਾਵੈ ॥*
*ਅਉਰ ਧਰਮ ਤਾ ਕੈ ਸਮ ਨਾਹਨਿ*
*ਇਹ ਬਿਧਿ ਬੇਦੁ ਬਤਾਵੈ ॥ ੨ ॥* *ਅੰਗ- ੬੩੨*

ਕਿਉਂਕਿ ਨਾਮ ਗਿਆਨ ਦਾ ਸੋਮਾ ਹੈ ਅਤੇ ਮੁਕਤੀ ਦਾਤਾ ਹੈ ਇਸ ਲਈ ਗੁਰਬਾਣੀ ਨੇ ਸਮੁੱਚੀ ਮਨੁੱਖਤਾ ਨੂੰ ਮਨੁੱਖ ਨਾਲੋਂ ਤੋੜ ਕੇ ਸ਼ਬਦ ਨਾਲ ਜੋੜਿਆ ਹੈ। ਮਨੁੱਖ ਨਾਲ ਜੁੜਿਆ ਮਨੁੱਖ ਰੰਗ, ਨਸਲ, ਜਾਤ, ਊਚ, ਨੀਚ, ਅਮੀਰ, ਅਗਿਆਨੀ, ਵਿਦਵਾਨ ਦੇ ਭੇਦ ਭਾਵ ਤੋਂ ਮੁਕਤ ਨਹੀਂ ਹੋ ਸਕਦਾ ਅਤੇ ਕੋਈ ਵੀ ਮਨੁੱਖ, ਸਰੀਰ ਕਰਕੇ ਸਦੀਵੀ ਨਾ ਰਹਿਣ ਕਰਕੇ, ਗਿਆਨ ਰੂਪ ਵਿਚ ਮਨੁੱਖਤਾ ਦੀ ਰਹਿਨੁਮਾਈ ਕਰਨ ਦੇ ਸਮਰਥ ਨਹੀਂ ਹੈ। ਜੋ ਨਿਰਬਲਤਾ, ਬਲਹੀਣਤਾ ਅਤੇ ਬੇਵਸੀ ਦੀ ਨਿਸ਼ਾਨੀ ਹੈ ਅਤੇ ਇਸ ਦੀ ਪੁਸ਼ਟੀ ਲਈ ਇਤਿਹਾਸ ਗਵਾਹ ਹੈ। ਮਨੁੱਖ ਆਤਮਿਕ ਪ੍ਰਪੱਕਤਾ, ਉਚਾਈ, ਅਨੰਦ, ਖੁਸ਼ੀ, ਖੇੜਾ ਅਤੇ ਉਮਾਹ ਨਿਰੰਤਰ ਸ਼ਬਦ ਦੇ ਆਸਰੇ ਪ੍ਰਾਪਤ ਕਰਕੇ ਇਸ ਨੂੰ ਸਦੀਵੀ ਬਰਕਰਾਰ ਰੱਖ ਸਕਦਾ ਹੈ ਜਦੋਂ ਕਿ ਮਨੁੱਖ ਨਾਲ ਜੁੜਿਆ ਮਨੁੱਖ ਥੋੜ੍ਹੇ ਚਿਰ ਲਈ ਸੀਮਤ ਪਦਾਰਥ ਤਾਂ ਸ਼ਾਇਦ ਪ੍ਰਾਪਤ ਕਰ ਸਕੇ ਪਰ ਇਹ ਪ੍ਰਾਪਤੀ ਕਦੀ ਵੀ ਸੰਪੂਰਨ ਨਹੀਂ ਹੁੰਦੀ। ਕਿਉਂਕਿ ਮਨੁੱਖ ਸ਼ਕਤੀ ਅਤੇ ਸੋਚ, ਕਿਸੇ ਅਗੰਮੀ ਸ਼ਕਤੀ ਦੀ ਮੁਥਾਜ ਹੈ। ਇਸ ਲਈ ਗੁਰਬਾਣੀ ਨੇ ਮਨੁੱਖ ਨੂੰ ਉਸ ਸਦੀਵੀ ਸੱਚ ਨਾਲ ਜੋੜਿਆ ਹੈ ਤਾਂ ਕਿ ਇਸ ਨੂੰ ਕਦੇ ਵੀ ਨਾਮੋਸ਼ੀ ਦਾ ਮੂੰਹ ਨਾ ਦੇਖਣਾ ਪਵੇ।

ਲਿੰਗ ਭੇਦ ਦੇ ਅਧਾਰ ਤੇ ਭਾਰਤੀ ਧਾਰਮਿਕ ਪਰੰਪਰਾ ਵਿਚ ਇਸਤਰੀ ਨੂੰ ਉਚਿਤ ਥਾਂ ਨਾ ਦੇ ਕੇ ਬਰਾਬਰੀ ਤੋਂ ਇਨਕਾਰ ਕੀਤਾ ਗਿਆ ਸੀ। ਇਥੋਂ ਤੱਕ ਕਿ ਸ਼ੂਦਰ ਅਤੇ ਇਸਤਰੀ ਨੂੰ ਵੈਦਿਕ ਮੰਤਰ ਸੁਣਨ ਦੀ ਮਨਾਹੀ ਸੀ ਅਤੇ ਜੇਕਰ ਸੁਣ ਲਵੇ ਤਾਂ ਕੰਨਾਂ ਵਿਚ ਸਿੱਕਾ ਢਾਲ ਕੇ ਪਾ ਦੇਣ ਦੀ ਹਦਾਇਤ ਸੀ। ਕਿਉਂਕਿ ਮੁੱਖ ਰੂਪ ਵਿਚ ਮਨੁੱਖ ਪ੍ਰਧਾਨ ਸਮਾਜ ਸੀ ਅਤੇ ਇਸਤਰੀ ਦਾ ਕਈ ਤਰ੍ਹਾਂ ਨਾਲ ਨਿਰਾਦਰ ਕੀਤਾ ਜਾਂਦਾ ਸੀ। ਇਸਤਰੀ ਦਾ ਸਮਾਜਿਕ ਬਣਤਰ ਵਿਚ ਕੋਈ ਸਤਿਕਾਰਯੋਗ ਸਥਾਨ ਨਹੀਂ ਸੀ। ਗੁਰਬਾਣੀ ਨੇ ਇਸ ਦਾ ਖੰਡਨ ਕੀਤਾ ਅਤੇ ਇਸਤਰੀ ਨੂੰ ਇਸ ਦਾ ਬਣਦਾ ਯੋਗ ਥਾਂ ਦਿਵਾਇਆ ਅਤੇ ਆਖਿਆ ਕਿ ਜਿਹੜੀ ਇਸਤਰੀ ਪੀਰਾਂ, ਫਕੀਰਾਂ, ਗੁਰੂਆਂ, ਰਿਸ਼ੀਆਂ ਅਤੇ ਮੁਨੀਆਂ ਦੀ ਜਨਮਦਾਤੀ ਹੈ ਉਹ ਕਿਸ ਤਰ੍ਹਾਂ ਨਿੰਦਨਯੋਗ ਹੈ। ਯੋਗੀਆਂ ਨੇ ਤਾਂ ਇਸਤਰੀ ਨੂੰ ਨਾਗਣੀ ਦਾ ਨਾਮ ਦੇ ਕੇ ਭੰਡਿਆ ਸੀ। ਦੂਸਰੇ ਪਾਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿਸ ਮਾਨਵੀ ਬਰਾਬਰੀ ਦੀ ਗੱਲ ਕੀਤੀ ਗਈ ਹੈ ਉਹ ਸੰਪੂਰਨ ਹੈ ਇਸ ਵਿਚ ਕਿਸੇ ਕਿਸਮ ਦਾ ਅਧੂਰਾਪਨ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਇਸਤਰੀ ਅਤੇ ਪੁਰਖ ਦੀ ਬਰਾਬਰੀ ਦੀ ਗੱਲ ਹੀ ਨਹੀਂ ਕੀਤੀ ਬਲਕਿ ਅਭੇਦਤਾ ਦਾ ਵਿਚਾਰ ਦਿਤਾ ਹੈ। ਇਸ ਸੰਬੰਧ ਵਿਚ ਗੁਰੂ ਜੀ ਕਹਿੰਦੇ ਹਨ ਕਿ ਇਸਤਰੀ ਪੁਰਖ ਨੂੰ ਵੱਖ ਨਹੀਂ ਕੀਤਾ ਜਾ ਸਕਦਾ ਕਿਉਂਕਿ ਬੀਜ ਰੂਪ ਵਿਚ ਇਸਤਰੀ ਮਨੁੱਖ ਦੇ ਅੰਦਰ ਬਿਰਾਜਮਾਨ ਹੈ ਅਤੇ ਇਸਤਰੀ ਸਰੀਰ ਵਿਚ ਵਿਕਸਤ ਰੂਪ ਵਿਚ ਮਨੁੱਖ ਬਿਰਾਜਮਾਨ ਹੈ। ਗੁਰਬਾਣੀ ਦਾ ਫੁਰਮਾਣ ਹੈ-

*ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ*
*ਬੂਝਹੁ ਬ੍ਰਹਮ ਗਿਆਨੀ ॥* *ਅੰਗ- ੮੭੯*

ਅੱਗੇ ਇਸਤਰੀ ਦੀ ਬਰਾਬਰੀ ਦੀ ਗੱਲ ਕਰਦੇ ਹੋਏ ਜ਼ੋਰਦਾਰ ਸ਼ਬਦਾਂ ਵਿਚ ਇਸਤਰੀ ਜਾਤੀ ਦੇ ਸਨਮਾਨ ਬਾਰੇ ਫੁਰਮਾਉਂਦੇ ਹਨ -

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*

*ਅੰਗ- ੪੭੩*

ਇਸੇ ਤਰ੍ਹਾਂ ਸੰਸਾਰ ਵਿਚ ਅਮੀਰ ਗਰੀਬ ਦਾ ਪਾੜਾ ਮੌਜੂਦ ਹੈ ਇਹ ਦਿਨੋਂ ਦਿਨ ਵਧਦਾ ਜਾ ਰਿਹਾ ਹੈ ਇਸ ਆਰਥਿਕ ਸ਼ੋਸ਼ਨ ਅਤੇ ਮਨੁੱਖਤਾ ਦੁਆਰਾ ਪੈਦਾ ਕੀਤੀ ਨਾ ਬਰਾਬਰੀ ਦੇ ਵਿਰੁੱਧ ਗੁਰੂ ਜੀ ਨੇ ਆਪਣੀ ਆਵਾਜ਼ ਬੁਲੰਦ ਕੀਤੀ ਅਤੇ ਇਹ ਸੰਦੇਸ਼ ਸਰਬ ਸੰਸਾਰ ਦੇ ਕੋਨੇ-ਕੋਨੇ ਤੱਕ ਪਹੁੰਚਾਇਆ ਕਿ ਮਨੁੱਖ ਆਪਸ ਵਿਚ ਭਰਾ-ਭਰਾ ਹਨ ਕਿਉਂਕਿ ਅਸੀਂ ਸਾਰੇ ਇਕੋ ਪ੍ਰਮਾਤਮਾ ਪਿਤਾ ਦੀ ਉਲਾਦ ਹਾਂ -

*ਏਕੁ ਪਿਤਾ ਏਕਸ ਕੇ ਹਮ ਬਾਰਿਕ....॥ ਅੰਗ- ੬੧੧*

ਗੁਰਬਾਣੀ ਅੱਗੇ ਇਸ ਸੰਬੰਧ ਵਿਚ ਫੁਰਮਾਉਂਦੀ ਹੈ-

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥*
*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥*
*ਅੰਗ- ੧੩੫੦*

ਇਸੇ ਤਰ੍ਹਾਂ ਇਸ ਸਮੁੱਚੀ ਲੋਕਾਈ ਨੂੰ ਇਕ ਸੂਤਰ ਵਿਚ ਬੰਨ੍ਹ ਕੇ ਇਕ ਪਰਮਾਤਮਾ ਦੇ ਲੜ ਲਗਾਇਆ ਜਿਸ ਨਾਲ ਆਪਸੀ ਪ੍ਰੇਮ-ਪਿਆਰ, ਹਮਦਰਦੀ ਅਤੇ ਸੇਵਾ ਭਾਵ ਪੈਦਾ ਹੁੰਦਾ ਸੀ। ਜਿਸ ਨਾਲ ਸੰਸਾਰ ਵਿਚੋਂ ਨਾ-ਬਰਾਬਰੀ, ਲੁੱਟ ਖਸੁੱਟ, ਅਨਿਆਂ, ਜਬਰ ਅਤੇ ਧੱਕੇ ਦਾ ਖਾਤਮਾ ਹੋਣਾ ਹੈ।

ਗੁਰਬਾਣੀ ਨੇ ਅਜਿਹੀਆਂ ਕਦਰਾਂ ਕੀਮਤਾਂ ਪੈਦਾ ਕੀਤੀਆਂ ਜਿਹੜੀਆਂ ਮਨੁੱਖ ਬਣਨ ਵਿਚ ਸਹਾਈ ਹੋਣ ਅਤੇ ਸਮਾਜ ਦੀ ਸੇਵਾ ਕਰਨ ਲਈ ਪ੍ਰੇਰਿਤ ਕਰਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਵਿਚ ਅਸੀਂ ਦੇਖਦੇ ਹਾਂ ਕਿ ਸਿੱਖ ਗੁਰੂ ਸਾਹਿਬਾਨ ਤੋਂ ਇਲਾਵਾ ਪੰਦਰਾਂ ਭਗਤ, ਗਿਆਰ੍ਹਾਂ ਭੱਟ, ਚਾਰ ਗੁਰਸਿੱਖ, ਸੱਤਾ ਅਤੇ ਬਲਵੰਡ, ਭਾਈ ਮਰਦਾਨਾ ਅਤੇ ਸੁੰਦਰ ਜੀ ਸ਼ਾਮਲ ਹਨ। ਦੁਨੀਆਂ ਦਾ ਕੋਈ ਅਜਿਹਾ ਧਰਮ ਗ੍ਰੰਥ ਮੌਜੂਦ ਨਹੀਂ ਹੈ ਜਿਸ ਵਿਚ ਉਸ ਦੇ ਰਚਨਹਾਰਿਆਂ ਤੋਂ ਇਲਾਵਾ ਦੂਸਰੇ ਮਜ਼੍ਹਬ ਦੇ, ਬਿਨਾਂ ਕਿਸੇ ਜਾਤ-ਪਾਤ ਦੇ ਭੇਦ, ਰੰਗ, ਨਸਲ ਜਾਂ ਧਰਮ ਭੇਦ ਦੇ ਬਾਣੀ ਸ਼ਾਮਲ ਕੀਤੀ ਗਈ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਅਜਿਹਾ ਗ੍ਰੰਥ ਹੈ ਜੋ ਸਮੁੱਚੇ ਸੰਸਾਰ ਨੂੰ ਇਸ ਪੱਖੋਂ ਅਗਵਾਈ ਦੇਣ ਦੇ ਸਮਰੱਥ ਹੈ। ਇਸ ਵਿਚ ਅਖੌਤੀ ਬ੍ਰਾਹਮਣ, ਚਮਾਰ, ਨਾਈ, ਛੀਂਬਾ, ਜੱਟ ਆਦਿ ਜਾਤੀਆਂ ਨਾਲ ਸਬੰਧ ਰੱਖਣ ਵਾਲੀਆਂ ਪਵਿੱਤਰ ਰੂਹਾਂ ਦੀ ਬਾਣੀ ਸ਼ਾਮਲ ਹੈ। ਭਿੰਨ-ਭਿੰਨ ਰੱਬੀ ਲੋਕਾਂ ਦੀ ਬਾਣੀ ਸ਼ਾਮਲ ਹੈ ਜਿਹੜੀ ਇਸ ਪਵਿੱਤਰ ਗ੍ਰੰਥ ਨੂੰ ਸੰਸਾਰ ਵਿਚ ਲਾਸਾਨੀ ਬਣਾਉਂਦੀ ਹੈ। ਇਸ ਵਿਚ ਮੁਸਲਮਾਨ, ਹਿੰਦੂ ਦੋਵੇਂ ਸ਼ਾਮਲ ਹਨ। ਇਹ ਵਾਸਤਵ ਵਿਚ ਹਿੰਦੁਸਤਾਨ ਦੀ ਵਿਰਾਸਤ ਦਾ ਪਹਿਰੇਦਾਰ ਅਤੇ ਭਾਰਤ ਦੀ ਧਾਰਮਿਕ ਅਤੇ ਸਭਿਆਚਾਰਕ ਤਰੱਕੀ ਲਈ ਬਚਨਬੱਧ ਇਕੋ-ਇਕ ਅਦੁੱਤੀ ਗ੍ਰੰਥ ਹੈ। ਇਸ ਲਈ ਹਿੰਦੂ ਅਤੇ ਮੁਸਲਮਾਨਾਂ ਨੂੰ ਇਕੋ ਲੜੀ ਵਿਚ ਪਰੋਣ ਵਾਲਾ ਇਹ ਪਵਿੱਤਰ ਗ੍ਰੰਥ ਆਪਣੀ ਕਿਸਮ ਦਾ ਆਪ ਹੈ। ਗੁਰੂ ਜੀ ਦੇ ਸਮੇਂ ਇਹ ਦੋਵੇਂ ਪ੍ਰਮੁੱਖ ਧਰਮ ਭਾਰਤ ਵਿਚ ਸਨ। ਇਨ੍ਹਾਂ ਦੋਵਾਂ ਵਿਚ ਆਪਸੀ ਵੈਰ ਵਿਰੋਧ ਅਤੇ ਖਿਚੋਤਾਣ ਬਣੀ ਹੋਈ ਸੀ। ਗੁਰੂ ਜੀ ਨੇ ਇਸ ਆਪਸੀ ਨਫ਼ਰਤ ਨੂੰ ਖਤਮ ਕਰਨ ਲਈ ਆਖਿਆ ਕਿ ਹਿੰਦੂ ਅਤੇ ਮੁਸਲਮਾਨ ਕਿਥੋਂ ਆਏ ਹਨ? ਕਿਸ ਨੇ ਇਹ ਵੱਖਰੇ-ਵੱਖਰੇ ਪੰਥ ਚਲਾਏ ਹਨ? ਇਸ ਤਰ੍ਹਾਂ ਝਗੜਾ ਕਰਨ ਵਾਲਿਉ! ਸੁਰਗ ਅਤੇ ਨਰਕ ਕੌਣ ਪ੍ਰਾਪਤ ਕਰਦਾ ਹੈ? ਗੁਰਬਾਣੀ ਦਾ ਇਸ ਸਬੰਧੀ ਫੁਰਮਾਣ ਹੈ -

*ਹਿੰਦੂ ਤੁਰਕ ਕਹਾ ਤੇ ਆਏ ਕਿਨਿ ਏਹ ਰਾਹ ਚਲਾਈ ॥*
*ਦਿਲ ਮਹਿ ਸੋਚਿ ਬਿਚਾਰਿ ਕਵਾਦੇ*
*ਭਿਸਤ ਦੋਜਕ ਕਿਨਿ ਪਾਈ ॥ ਅੰਗ-੪੭੭*

ਅੱਗੇ ਜਾ ਕੇ ਕਬੀਰ ਜੀ ਆਖਦੇ ਹਨ ਕਿ ਹਿੰਦੂ ਅਤੇ ਮੁਸਲਮਾਨ ਵਿਚ ਇਕੋ ਰੱਬ ਵਸਦਾ ਹੈ। ਜੇ ਚਿੰਤਨ ਕਰੋਗੇ ਤਾਂ ਇਹ ਗੱਲ ਭਲੀ ਭਾਂਤ ਸਪੱਸ਼ਟ ਨਜ਼ਰ ਆਵੇਗੀ ਕਿ ਉਹ ਪਰਮਾਤਮਾ, ਜਿਸ ਨੂੰ ਗੁਰੂ ਜੀ ਨੇ ਅੱਲਾ ਰਾਮ ਕਿਹਾ ਹੈ, ਸਾਰਿਆਂ ਵਿਚ ਵਸਦਾ ਹੈ, ਫਿਰ ਝਗੜਾ ਕਿਸ ਗੱਲ ਦਾ -

*ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ ॥*
*ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ ॥*
*ਅੰਗ- ੪੮੩*

ਇਸ ਤਰ੍ਹਾਂ ਜੇਕਰ ਦੋਵਾਂ ਹੀ, ਹਿੰਦੂ ਅਤੇ ਮੁਸਲਮਾਨ ਦਾ ਸਾਂਝਾ ਰੱਬ ਇਕੋ ਹੀ ਹੈ ਤਾਂ ਫਿਰ ਇਸ ਸਥਿਤੀ ਨੂੰ ਕੋਈ ਮੁੱਲਾਂ ਜਾਂ ਪੀਰ ਫ਼ਕੀਰ ਬਦਲ ਨਹੀਂ ਸਕਦਾ। ਗੁਰਬਾਣੀ ਦਾ ਫੁਰਮਾਣ ਹੈ -

*ਹਿੰਦੂ ਤੁਰਕ ਕਾ ਸਾਹਿਬੁ ਏਕ ॥*
*ਕਹ ਕਰੈ ਮੁਲਾਂ ਕਹ ਕਰੈ ਸੇਖ ॥ ਅੰਗ- ੧੧੫੮*

ਇਕ ਪਰਮਾਤਮਾ ਦੇ ਬਹੁਭਾਂਤੀ ਅਤੇ ਅਨੇਕਾਂ ਪ੍ਰਗਟਾਵੇ ਹਨ। ਜੋਗੀ ਗੁਰੂ, ਗੋਰਖ ਨੂੰ ਮੰਨਦੇ ਹਨ। ਹਿੰਦੂ ਰਾਮ ਦਾ ਨਾਮ ਜਪਦੇ ਹਨ। ਮੁਸਲਮਾਨ ਇਕ ਖੁਦਾ ਦੇ ਪੁਜਾਰੀ ਹਨ। ਗੁਰਬਾਣੀ ਦਾ ਇਸ ਪਰਥਾਇ ਫੁਰਮਾਣ ਹੈ -

*ਜੋਗੀ ਗੋਰਖੁ ਗੋਰਖੁ ਕਰੈ ॥*
*ਹਿੰਦੂ ਰਾਮ ਨਾਮੁ ਉਚਰੈ ॥*
*ਮੁਸਲਮਾਨ ਕਾ ਏਕੁ ਖੁਦਾਇ ॥*
*ਕਬੀਰ ਕਾ ਸੁਆਮੀ ਰਹਿਆ ਸਮਾਇ ॥ ੪ ॥ ੩॥ ੧੧ ॥*
*ਅੰਗ- ੧੧੬੦*

ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੱਖ-ਵੱਖ ਬੋਲੀਆਂ ਦਾ ਮਿਸ਼ਰਣ ਹੈ। ਇਸ ਵਿਚ ਅਰਬੀ, ਫਾਰਸੀ, ਸੰਸਕ੍ਰਿਤ, ਅਪਭ੍ਰੰਸ਼ ਅਤੇ ਪੰਜਾਬੀ ਦੇ ਵੱਖ-ਵੱਖ ਰੂਪ ਵਿਦਤ ਹਨ ਜਿਸ ਕਰਕੇ ਇਹ ਭਾਸ਼ਾਵਾਂ ਦਾ ਮੁਜੱਸਮਾ ਹੈ ਜਿਸ ਤੋਂ ਹਰ ਮਨੁੱਖ ਬਿਨਾਂ ਕਿਸੇ ਭੇਦ ਭਾਵ ਦੇ ਉਪਦੇਸ਼ ਪ੍ਰਾਪਤ ਕਰਕੇ, ਅਗਵਾਈ ਲੈ ਕੇ ਆਪਣਾ ਜੀਵਨ ਖੁਸ਼ਹਾਲ ਅਤੇ ਸੁਚੱਜਾ ਬਣਾ ਕੇ ਦੇਸ਼ ਕੌਮ ਦੀ ਸੇਵਾ ਸਾਕਾਰਾਤਮਕ ਢੰਗ ਨਾਲ ਕਰ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਧਾਰਿਤ ਵਿਚਾਰਧਾਰਾ ਦੇ ਪ੍ਰਚਾਰ ਅਤੇ ਪਾਸਾਰ ਹਿਤ ਗੁਰੂ ਜੀ ਨੇ ਦਰਬਾਰ ਸਾਹਿਬ ਦੀ ਚਾਰ ਦਿਸ਼ਾਵਾਂ ਵਿਚ ਚਾਰ ਦਰਵਾਜ਼ੇ ਰੱਖੇ ਹਨ ਜੋ ਨਿਰਸੰਦੇਹ ਇਸ ਗੱਲ ਦੇ ਸੂਚਕ ਅਤੇ ਸੰਕੇਤਕ ਹਨ ਕਿ ਇਹ ਸਰਬ ਸਾਂਝਾ ਧਰਮ ਗ੍ਰੰਥ ਹੈ। ਇਹ ਕਿਸੇ ਇਕ ਫਿਰਕੇ, ਰੰਗ, ਨਸਲ ਦੇ ਵਿਸੇਸ਼ ਲੋਕਾਂ ਲਈ ਰਾਖਵਾਂ ਨਹੀਂ ਹੈ। ਅਗਰ ਅਜੋਕੇ ਸਮੇਂ ਵਿਚ ਇਸ ਧਾਰਮਿਕ ਗ੍ਰੰਥ ਦੀ ਵਿਚਾਰਧਾਰਾ ਨੂੰ ਅਪਣਾਅ ਲਿਆ ਜਾਵੇ ਤਾਂ ਬਿਨਾਂ ਸ਼ੱਕ ਹਿੰਦੂ, ਮੁਸਲਮਾਨ, ਸਿੱਖ, ਈਸਾਈ, ਪਾਰਸੀ ਆਦਿ ਮਜ਼੍ਹਬਾਂ ਦੇ ਆਪਸੀ ਝਗੜੇ ਹਮੇਸ਼ਾ ਲਈ ਖਤਮ ਹੋ ਸਕਦੇ ਹਨ ਅਤੇ ਇਸ ਤਰ੍ਹਾਂ ਇਕ ਸੰਸਾਰਿਕ ਭਾਈਚਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਤੇ ਆਧਾਰਿਤ ਸਰਬ ਹਿਤ, ਸਰਬ ਸੁੱਖ, ਖੁਸ਼ੀ ਅਤੇ ਖੁਸ਼ਹਾਲੀ ਲਈ ਸਥਾਪਿਤ ਹੋ ਕੇ ਸੰਸਾਰ ਲਾਈ ਅਗਵਾਈ ਦੇਣ ਦੇ ਸਮਰੱਥ ਹੋ ਸਕਦਾ ਹੈ।

*(ਪੰਨਾ 6 ਦੀ ਬਾਕੀ)*

'ਆਤਮ ਮਾਰਗ' ਮੈਗਜ਼ੀਨ ਰਾਹੀਂ ਐਸੇ ਉਦੇਸ਼ ਪੂਰੇ ਕਰਨ ਦੀ ਇਕ ਕੋਸ਼ਿਸ਼ ਹੈ, ਤਾਂਘ ਹੈ। ਇਹ ਇਕ ਵਸੀਲਾ ਹੈ, ਸਾਧਨ ਹੈ ਕਿ ਅਸੀਂ ਐਸੀ ਬੁਧਿ, ਮਤਿ ਧਾਰਨ ਕਰ ਸਕੀਏ ਜਿਸ ਨਾਲ ਪ੍ਰਮੇਸ਼ਰ ਦੇ ਦਰ 'ਤੇ ਪ੍ਰਵਾਨ ਹੋ ਜਾਈਏ। ਸਾਡੇ ਸਾਰੇ ਕਾਰਜ ਸਫਲ ਹੋ ਜਾਣ। ਐਸੀ ਅਵਸਥਾ ਸਤਿਪੁਰਸ਼ਾਂ ਦੀ ਹੁੰਦੀ ਹੈ ਜੋ ਆਪ ਪ੍ਰਵਾਣ ਹਨ ਤੇ ਉਨ੍ਹਾਂ ਦੇ ਸਮੁੱਚੇ ਕਾਰਜ ਵੀ ਪ੍ਰਮੇਸ਼ਰ ਨੂੰ ਭਾਉਂਦੇ ਹਨ -

*ਭਾਗਠੜੇ ਹਰਿ ਸੰਤ ਤੁਮ੍ਾਰੇ*
*ਜਿਨ੍ ਘਰਿ ਧਨੁ ਹਰਿ ਨਾਮਾ ॥*
*ਪਰਵਾਣੁ ਗਣੀ ਸੇਈ ਇਹ ਆਏ*
*ਸਫਲ ਤਿਨਾ ਕੇ ਕਾਮਾ ॥* *ਅੰਗ- ੭੪੯*

ਜਿਥੇ ਰਤਵਾੜਾ ਸਾਹਿਬ ਟਰੱਸਟ ਦੇ ਬਾਨੀ ਮਹਾਂਪੁਰਸ਼ਾਂ ਦੇ ਅਨੇਕਾਂ ਪਰਉਪਕਾਰੀ ਕਾਰਜ ਸਫਲ ਹਨ ਉਨ੍ਹਾਂ ਵਿਚੋਂ ਇਕ ਨਿਵੇਕਲਾ ਕਾਰਜ 'ਆਤਮ ਮਾਰਗ' ਮੈਗਜ਼ੀਨ ਦਾ ਸੰਚਾਲਨ ਕਰਨਾ ਵੀ ਹੈ। ਆਉ! ਇਸ ਵਡਮੁੱਲੇ ਕਾਰਜ ਤੋਂ ਆਪ ਲਾਹਾ ਲਈਏ ਤੇ ਹੋਰਨਾਂ ਨੂੰ ਇਸ ਲਾਹੇ ਪ੍ਰਤੀ ਪ੍ਰੇਰਨਾ ਦੇਈਏ। ਤਾਂਹੀ ਸਾਡਾ ਮਿਲਾਪ ਸੰਭਵ ਹੈ।

*ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥*
*ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ ॥ ਅੰਗ - ੭੨੯*

ਸੁਰਤਿ ਸਬਦਿ ਦੀ ਬਾਕੀ ਵੀਚਾਰ ਅਗਲੇ ਅੰਕ ਵਿਚ। ਗੁਰੂ ਕ੍ਰਿਪਾ ਨਾਲ।

ਭੁਲਾਂ ਚੁਕਾਂ ਦੀ ਖਿਮਾ।

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

**1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।**

**2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।**

**3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।**

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

***(ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ-44)***

ਹਉ ਬਲਿਹਾਰੀ ਤਿਨ ਕਉ
ਜਿਨ ਹਰਿ ਮਨਿ ਵੁਠਾ ਆਇ ॥

ਹਉ=ਅਸੀਂ ਤਿਨ=ਉਨ੍ਹਾਂ ਪਿਆਰਿਆਂ ਕਉ=ਤਾਈਂ ਬਲਿਹਾਰੀ=ਕੁਰਬਾਨ ਜਾਂਦੇ ਹਾਂ ਜਿਨ੍ਹਾਂ ਦੇ ਮਨ ਵਿਚ ਹਰਿ=ਅਕਾਲ ਪੁਰਖ ਪ੍ਰਸੰਨਤਾ ਸਹਿਤ ਆਇ=ਆ ਕੇ ਵੂਠਾ=ਵਸ ਗਿਆ ਹੈ। ਜਿਸ ਪ੍ਰਕਾਰ ਬੱਦਲ ਵਰ੍ਹਦਾ ਹੈ, ਇਸ ਪ੍ਰਕਾਰ ਉਨ੍ਹਾਂ ਦੇ ਅੰਦਰ ਅਜਪਾ ਜਾਪ ਵਰਖਾ ਦੀ ਨਿਆਈਂ ਹੋ ਗਿਆ। ਵਰਖਾ ਪੈਣ ਵੇਲੇ ਸਾਰੇ ਪਸ਼ੂ-ਪੰਛੀ ਬ੍ਰਿਖਾਂ 'ਤੇ ਟਿਕਾਣਾ ਕਰਦੇ ਹਨ। ਇਸੇ ਤਰ੍ਹਾਂ ਸੰਸਾਰਕ ਜੀਵਾਂ ਦੇ ਅੰਦਰ ਨਾਮ ਦੀ ਵਰਖਾ ਹੁੰਦੀ ਹੈ ਤਾਂ ਉਸ ਵੇਲੇ ਪਸ਼ੂਆਂ ਦੇ ਸਮਾਨ ਸੁਭਾਅ ਪੰਛੀਆਂ ਦੀ ਨਿਆਈਂ ਉਡਾਰੀਆਂ ਮਾਰਨ ਵਾਲਾ ਮਨ ਵੀ ਸ਼ਰਧਾ ਰੂਪੀ ਬ੍ਰਿਖਸ਼ ਉਤੇ ਟਿਕਾਣਾ ਕਰ ਲੈਂਦਾ ਹੈ ਅਥਵਾ ਜਿਨ੍ਹਾਂ ਦੇ ਮਨ ਵਿਚ ਹਰਿ=ਹਰੀ ਪਰਮੇਸ਼ਰ ਬੱਦਲ ਦੀ ਨਿਆਈਂ ਵਰਸਿਆ ਹੈ ਉਨ੍ਹਾਂ ਦੇ ਹਿਰਦੇ ਅੰਦਰੋਂ ਸਾਰਿਆਂ ਥਾਵਾਂ 'ਤੇ ਜਾਪ ਚੱਲਣ ਲਗ ਪੈਂਦਾ ਹੈ। ਜਿਸ ਪ੍ਰਕਾਰ ਵਰਖਾ ਉਪਰੋਂ ਹੁੰਦੀ ਹੈ ਤਾਂ ਖੜ੍ਹੇ ਹੋਏ ਸੋਮਿਆਂ ਦਾ ਪਾਣੀ ਉਪਰ ਨੂੰ ਹੀ ਨਿਕਲ ਆਉਂਦਾ ਹੈ, ਇਸ ਪ੍ਰਕਾਰ ਨਾਭੀ ਵਿਚੋਂ ਵੀ ਅਤੇ ਦਸਵੇਂ ਦੁਆਰ 'ਚੋਂ ਧੁਨੀ ਪ੍ਰਗਟ ਹੁੰਦੀ ਹੈ, ਫਿਰ ਰੋਮ-ਰੋਮ ਵਿਚ ਸਿਮਰਨ ਦਾ ਪ੍ਰਵਾਹ ਚੱਲਣ ਲਗ ਪੈਂਦਾ ਹੈ। ਜਦੋਂ ਮਨ ਵਿਚ ਪਰਮੇਸ਼ਰ ਵਸ ਜਾਵੇ ਤਾਂ ਇਸ ਪ੍ਰਕਾਰ ਦਾਤ ਪ੍ਰਾਪਤ ਹੁੰਦੀ ਹੈ।

ਜਿਨੀ ਹਰਿ ਹਰਿ ਨਾਮੁ ਨ ਚੇਤਿਓ
ਸੇ ਅੰਤਿ ਗਏ ਪਛੁਤਾਇ ॥

ਜਿਨੀ=ਜਿਨ੍ਹਾਂ ਨੇ ਹਰਿ=ਹਰੀ ਪਰਮੇਸ਼ਰ ਜੋ ਹਰਿ=ਸਾਰਿਆਂ ਨੂੰ ਹਰੇ ਭਰੇ ਕਰਨ ਵਾਲਾ ਹੈ, ਉਸ ਦੇ ਨਾਮ ਨੂੰ ਨਾ ਚੇਤਿਓ=ਚੇਤੇ ਨਹੀਂ ਕੀਤਾ, ਸੇ-ਉਹ ਅੰਤ ਭਾਵ ਮੌਤ ਦੇ ਸਮੇਂ ਦੁਨੀਆਂ ਤੋਂ ਪਛੁਤਾਇ=ਪਸ਼ਚਾਤਾਪ ਕਰਦੇ ਹੋਏ ਦੁੱਖ ਦੇ ਸਹਿਤ ਸੋਗ ਵਿਚ ਆਵਾਗਉਣ ਦੇ ਚੱਕਰਾਂ ਵਿਚ ਚਲੇ ਗਏ ਹਨ।

ਧੁਰਿ ਮਸਤਕਿ ਹਰਿ ਪ੍ਰਭਿ ਲਿਖਿਆ
ਜਨ ਨਾਨਕ ਨਾਮੁ ਧਿਆਇ ॥ ੩ ॥

ਜਿਨ੍ਹਾਂ ਦੇ ਧੁਰਿ=ਧੁਰੋਂ ਹੀ ਮਸਤਕਿ=ਮੱਥੇ ਉਤੇ ਉਸ ਹਰਿ=ਹਰੀ ਪਰਮੇਸ਼ਰ ਨੇ ਸ਼ੁਭ, ਨਿਸ਼ਕਾਮ ਕਰਮਾਂ ਦੇ ਲੇਖ ਲਿਖ ਦਿਤੇ ਹਨ, ਗੁਰੂ ਜੀ ਕਥਨ ਕਰਦੇ ਹਨ ਕਿ ਉਹ ਭਗਤ ਜਨ ਗੁਰਾਂ ਦੁਆਰਾ ਬਖਸ਼ਿਆ ਹੋਇਆ ਪਰਮੇਸ਼ਰ ਦਾ ਨਾਮ ਧਿਆਇ=ਧਿਆਉਣਾ ਕਰਦੇ ਹਨ।

ਮਨ ਹਰਿ ਹਰਿ ਪ੍ਰੀਤਿ ਲਗਾਇ॥

ਆਪਣੇ ਮਨ ਦੇ ਵਿਚ ਹਰਿ ਹਰਿ=ਹਰੀ ਪ੍ਰਮਾਮਤਾ ਦੀ ਪ੍ਰੀਤਿ ਲਗਾਇ=ਲਗਾਉਣਾ ਕਰੀਏ।

ਵਡਭਾਗੀ ਗੁਰੁ ਪਾਇਆ
ਗੁਰ ਸਬਦੀ ਪਾਰਿ ਲਘਾਇ ॥ ੧ ॥ ਰਹਾਉ ॥

ਵਡਭਾਗੀ=ਵੱਡੇ ਭਾਗਾਂ ਵਾਲਿਆਂ ਨੇ ਪੂਰੇ ਗੁਰੁ=ਸਤਿਗੁਰਾਂ ਨੂੰ ਪਾਇਆ=ਪਾਉਣਾ ਕੀਤਾ ਹੈ ਅਤੇ ਗੁਰਾਂ ਨੇ ਸਬਦੀ=ਉਪਦੇਸ਼ ਦੀ ਕਮਾਈ ਕਰਾ ਕੇ ਸੰਸਾਰ-ਸਮੁੰਦਰ ਵਿਚੋਂ ਨਾਮ ਦੇ ਜਹਾਜ਼ 'ਤੇ ਚਾੜ੍ਹ ਕੇ ਉਨ੍ਹਾਂ ਨੂੰ ਮੁਕਤੀ ਰੂਪ ਕਿਨਾਰੇ 'ਤੇ ਪਾਰ ਲਘਾਇ=ਲੰਘਾ ਦਿਤਾ ਹੈ।

ਹਰਿ ਆਪੇ ਆਪੁ ਉਪਾਇਦਾ
ਹਰਿ ਆਪੇ ਦੇਵੈ ਲੇਇ ॥

ਹਰਿ=ਹਰੀ ਪਰਮੇਸ਼ਰ ਐਸਾ ਹੈ ਕਿ ਜਿਸ ਪ੍ਰਕਾਰ ਜਲ ਵਿਚੋਂ ਹੀ ਲਹਿਰ ਉਠਦੀ ਹੈ, ਇਸ ਪ੍ਰਕਾਰ ਉਹ ਸੰਸਾਰ ਨੂੰ ਆਪੇ ਆਪੁ=ਆਪਣੇ ਆਪ ਤੋਂ ਹੀ ਉਪਾਇਦਾ=ਪੈਦਾ ਕਰਦਾ ਹੈ। ਉਹ ਹਰਿ=ਹਰੀ ਪਰਮੇਸ਼ਰ ਆਪ ਹੀ ਸਾਰਿਆਂ ਨੂੰ ਰੋਜ਼ੀ ਦੇਵੈ=ਦਿੰਦਾ ਹੈ। ਆਪ ਹੀ ਸਾਰੀਆਂ ਜਿੰਦਾਂ ਨੂੰ, ਦੇਹ ਰੂਪੀ ਪੁਸ਼ਾਕਾਂ ਨੂੰ ਲੈ ਜਾਂਦਾ ਹੈ। ਜਦੋਂ ਚਿਤ ਕਰੇ ਆਪ ਹੀ ਗੁਰੂ ਸਰੂਪ ਹੋ ਕੇ ਦੇਣ ਵਾਲਾ ਅਤੇ ਆਪ ਹੀ ਸਿੱਖ ਹੋ ਕੇ ਨਾਮ ਦੀ ਦਾਤ ਲੈਣ ਵਾਲਾ ਹੈ ਵਾ: ਆਪ ਹੀ ਈਸ਼ਰ ਹੋ ਕੇ ਦਾਤ ਨੂੰ ਦਿੰਦਾ ਹੈ, ਆਪ ਹੀ ਅਧਿਕਾਰੀ ਉਪਾਸ਼ਕ ਹੋ ਕੇ ਲੇਇ=ਲੈਣਾ ਕਰਦਾ ਹੈ।

ਹਰਿ ਆਪੇ ਭਰਮਿ ਭੁਲਾਇਦਾ
ਹਰਿ ਆਪੇ ਹੀ ਮਤਿ ਦੇਇ ॥

ਜਿਨ੍ਹਾਂ ਦਾ ਚਿੱਤ ਨਿਸਚੇ ਤੋਂ ਰਹਿਤ ਬੇਸਿਦਕ ਵਾਲਾ ਹੈ, ਉਨ੍ਹਾਂ ਨੂੰ ਹਰਿ=ਹਰੀ ਪਰਮੇਸ਼ਰ ਆਪ ਹੀ ਉਨ੍ਹਾਂ ਦਾ ਚਿੱਤ ਭਰਮ ਵਾਲਾ ਜਾਣ ਕੇ ਭਰਮ ਵਿਚ ਹੀ ਭੁਲਾਇਦਾ=ਭੁਲਾ ਦਿੰਦਾ ਹੈ, ਕਿਉਂਕਿ ਉਸ ਦਾ ਨਾਮ ਫਲ ਵਰ ਦਾਤਾ ਹੈ। ਜੈਸੀ ਕੋਈ ਕਰਨੀ ਕਰਦਾ ਹੈ, ਉਹ ਪ੍ਰਮੇਸ਼ਰ ਉਸ ਨੂੰ ਉਸ ਦੇ ਅਨੁਸਾਰ ਫਲ ਦਿੰਦਾ ਹੈ। ਇਸ ਪ੍ਰਕਾਰ ਜਿਨ੍ਹਾਂ ਦਾ ਮਨ ਭਰਮ ਵਿਚ ਨਿਸਚਾ ਕਰਦਾ ਹੈ, ਉਨ੍ਹਾਂ ਨੂੰ ਭਰਮ ਵਿਚ

ਹੀ ਭੁਲਾ ਦਿੰਦਾ ਹੈ। ਜਿਨ੍ਹਾਂ ਨੂੰ ਸੰਗਤ 'ਤੇ ਨਿਸਚਾ ਹੋ ਗਿਆ, ਉਨ੍ਹਾਂ ਨੂੰ ਹਰਿ=ਹਰੀ ਪਰਮੇਸ਼ਰ ਆਪ ਹੀ ਆਪਣੀ ਪ੍ਰਾਪਤੀ ਵਾਲੀ ਆਤਮ ਵਿਸ਼ੈਣੀ, ਮਤਿ=ਬੁੱਧ ਬਖਸ਼ਿਸ਼ ਕਰ ਦੇਇ=ਦਿੰਦਾ ਹੈ।

ਗੁਰਮੁਖਾ ਮਨਿ ਪਰਗਾਸੁ ਹੈ
ਸੇ ਵਿਰਲੇ ਕੇਈ ਕੇਇ ॥

ਗੁਰਮੁਖਾਂ ਦੇ ਮਨ ਵਿਚ ਪਰ=ਵਿਸ਼ੇਸ਼ ਕਰਕੇ ਗਿਆਨ ਦਾ ਗਾਸੁ=ਚਾਨਣਾ ਹੈ, ਸੇ=ਉਹ ਐਸੇ ਗੁਰਮੁਖ ਜਨ ਬਹੁਤੇ ਨਹੀਂ ਹੁੰਦੇ, ਕੇਈ ਕੇਇ=ਕੋਈ-ਕੋਈ ਵਿਰਲੇ-ਵਿਰਲੇ ਹੋਇਆ ਕਰਦੇ ਹਨ -

ਹਉ ਬਲਿਹਾਰੀ ਤਿਨ ਕਉ
ਜਿਨ ਹਰਿ ਪਾਇਆ ਗੁਰਮਤੇ ॥

ਤਿਨ=ਉਨ੍ਹਾਂ ਪਿਆਰਿਆਂ ਕਉ=ਤਾਈਂ ਹਉ=ਅਸੀਂ ਬਲਿਹਾਰੀ=ਕੁਰਬਾਨ ਜਾਂਦੇ ਹਾਂ, ਜਿਨ=ਜਿਨ੍ਹਾਂ ਨੇ ਗੁਰੂ ਦੀ ਮਤੇ=ਮੱਤ ਦੁਆਰਾ ਹਰਿ=ਹਰੀ ਪਰਮੇਸ਼ਰ ਨੂੰ ਪਾਇਆ ਹੈ।

ਜਨ ਨਾਨਕਿ ਕਮਲੁ ਪਰਗਾਸਿਆ
ਮਨਿ ਹਰਿ ਹਰਿ ਵੁਠੜਾ ਹੇ ॥੪॥

ਗੁਰੂ ਜੀ ਕਥਨ ਕਰਦੇ ਹਨ ਜਿਸ ਪ੍ਰਕਾਰ ਤਲਾਬ ਦੇ ਵਿਚ ਖਲੋਤਾ ਕਮਲ ਸੂਰਜ ਚੜ੍ਹਨ ਨਾਲ ਪਰਗਾਸਿਆ=ਖਿੜ ਜਾਂਦਾ ਹੈ, ਉਸੇ ਪ੍ਰਕਾਰ ਜਿਨ੍ਹਾਂ ਦੇ ਹਿਰਦੇ ਰੂਪੀ ਤਲਾਬ ਵਿਚ ਪ੍ਰੇਮ ਰੂਪੀ ਪਾਣੀ ਭਰਿਆ ਹੋਇਆ ਹੈ, ਉਹ ਕਮਲ ਦੀ ਨਿਆਈਂ ਮਹਾਂਪੁਰਖ ਪਰਮੇਸ਼ਰ ਸਰੂਪ ਸੂਰਜ ਦੇ ਦਰਸ਼ਨ ਕਰਕੇ ਅਨੰਦ ਰੂਪ ਵਿਚ ਖਿੜ ਜਾਂਦੇ ਹਨ। ਉਨ੍ਹਾਂ ਦੇ ਮਨ ਵਿਚ ਸਾਰਿਆਂ ਨੂੰ ਹਰਿ=ਹਰੇ ਭਰੇ ਕਰਨ ਵਾਲਾ ਹਰਿ=ਪਰਮੇਸ਼ਰ ਵੁਠੜਾ=ਵਸ ਗਿਆ ਹੈ=ਹੇ ਵਾ: ਉਨ੍ਹਾਂ ਨੇ ਹੋਰ ਕਰਤੱਵਾਂ ਦਾ ਹੇ (ਹੇਯ)=ਤਿਆਗ ਕਰ ਦਿਤਾ ਹੈ।

ਮਨਿ ਹਰਿ ਹਰਿ ਜਪਨੁ ਕਰੇ ॥

ਗੁਰਮੁਖ ਜਨ ਮਨ ਕਰਕੇ ਹਰਿ=ਹਰੀ ਪਰਮੇਸ਼ਰ ਜੋ ਹਰਿ=ਸਭ ਨੂੰ ਹਰੇ ਭਰੇ ਕਰਨ ਵਾਲਾ ਹੈ, ਉਸ ਦਾ ਜਪਨੁ=ਸਿਮਰਨ ਕਰੇ=ਕਰਦੇ ਹਨ।

ਹਰਿ ਗੁਰ ਸਰਣਾਈ ਭਜਿ ਪਉ ਜਿੰਦੂ
ਸਭ ਕਿਲਵਿਖ ਦੁਖ ਪਰਹਰੇ ॥੧॥ ਰਹਾਉ ॥

ਹੇ ਮੇਰੀ ਜਿੰਦੂ=ਜ਼ਿੰਦੇ! ਹਰਿ=ਪਰਮੇਸ਼ਰ ਸਰੂਪ ਗੁਰ=ਸਤਿਗੁਰਾਂ ਦੀ ਸਰਣਾਈ=ਸ਼ਰਨ ਵਿਚ ਭਜਿ=ਦੌੜ ਕੇ ਪਉ=ਪੈਣਾ ਕਰ, ਜਿਸ ਨਾਲ ਤੇਰੇ ਸਭ=ਸਾਰੇ ਕਿਲਵਿਖ=ਪਾਪ ਤੇ ਜੰਮਣ ਮਰਨ ਦੇ ਦੁਖ ਪਰਹਰੇ (ਪਰ+ਹਰੇ) ਪਰ=ਵਿਸ਼ੇਸ਼ ਕਰਕੇ ਹਰੇ=ਨਾਸ਼ ਹੋ ਜਾਣਗੇ।

ਘਟਿ ਘਟਿ ਰਮਈਆ ਮਨਿ ਵਸੈ
ਕਿਉ ਪਾਈਐ ਕਿਤੁ ਭਤਿ ॥

ਹੇ ਸਤਿਗੁਰੂ ਜੀ! ਜੋ ਰਮਾਈਆ=ਰਮਿਆ ਹੋਇਆ ਪਰਮੇਸ਼ਰ ਸਾਰਿਆਂ ਘਟਿ ਘਟਿ=ਸਰੀਰਾਂ ਸਰੀਰਾਂ ਦੇ ਮਨਿ=ਮਨਾਂ ਵਿਚ ਵਸੈ=ਵਸ ਰਿਹਾ ਹੈ, ਉਸ ਨੂੰ ਕਿਉ=ਕਿਵੇਂ ਪਾਈਐ=ਪਾਈਦਾ ਹੈ।

ਗੁਰ ਉਤਰ: (ਕਿਤੁ ਭਤਿ) ਕਿਤੁ=ਕੀਰਤੀ ਦੀ ਭਤਿ=ਭਾਂਤ ਨਾਲ ਪਾਈਦਾ ਹੈ ਭਾਵ ਪ੍ਰਮੇਸ਼ਰ ਦੇ ਗੁਣ ਗਾਉਣ ਨਾਲ ਉਸ ਦੀ ਪ੍ਰਾਪਤੀ ਹੁੰਦੀ ਹੈ।

ਗੁਰੁ ਪੂਰਾ ਸਤਿਗੁਰੁ ਭੇਟੀਐ
ਹਰਿ ਆਇ ਵਸੈ ਮਨਿ ਚਿਤਿ ॥

ਗੁਰੁ=ਚੇਤਨ ਸਰੂਪ ਪੂਰਾ=ਪੂਰਨ ਸਤਿਗੁਰਾਂ ਦੇ ਭੇਟੀਐ=ਮਿਲਣ ਨਾਲ ਹਰਿ=ਹਰੀ ਪਰਮੇਸ਼ਰ ਮਨਿ=ਹਿਰਦੇ ਦੀ ਚਿਤਿ=ਚਿਤਵਣੀ ਵਿਚ ਆਇ=ਆ ਕੇ ਵਸੈ=ਵਸ ਜਾਂਦਾ ਹੈ।

ਮੈ ਧਰ ਨਾਮੁ ਅਧਾਰੁ ਹੈ
ਹਰਿ ਨਾਮੈ ਤੇ ਗਤਿ ਮਤਿ ॥

ਮੈ=ਮੈਨੂੰ ਉਸ ਅਕਾਲ ਪੁਰਖ ਵਾਹਿਗੁਰੂ ਦੇ ਨਾਮ ਦਾ ਹੀ ਅਧਾਰੁ=ਆਸਰਾ ਹੈ ਅਤੇ ਇਕ ਉਸੇ ਦੀ ਹੀ ਧਰ=ਟੇਕ ਹੈ ਵਾ: ਮਨ ਕਰਕੇ ਧਰ=ਟੇਕ ਹੈ, ਸਰੀਰ ਕਰਕੇ ਆਸਰਾ ਹੈ ਅਤੇ ਹਰਿ=ਪਰਮੇਸ਼ਰ ਦੇ ਨਾਮੈ=ਨਾਮ ਤੇ=ਤੋਂ ਹੀ ਗਤਿ=ਮੁਕਤੀ ਵਾਲੀ ਆਤਮ ਵਿਸ਼ੈਣੀ ਮਤਿ=ਬੁੱਧੀ ਪਾਈਦੀ ਹੈ ਵਾ: ਪਰਮੇਸ਼ਰ ਦੀ ਗਤਿ=ਪ੍ਰਾਪਤੀ ਦੀ ਮਤਿ=ਪ੍ਰਾਪਤੀ ਦੀ ਮਤਿ=ਸਿੱਖਿਆ ਵਾ: ਗਤਿ=ਗਿਆਨ ਵਾਲੀ ਮੱਤ ਵਾ: ਗਤਿ=ਪਵਿੱਤਰਤਾ ਵਾਲੀ ਮੱਤ ਆਦਿ ਨਾਮ ਕਰਕੇ ਹੀ ਪ੍ਰਾਪਤ ਹੁੰਦੀ ਹੈ।

ਮੈ ਹਰਿ ਹਰਿ ਨਾਮੁ ਵਿਸਾਹੁ ਹੈ
ਹਰਿ ਨਾਮੇ ਹੀ ਜਤਿ ਪਤਿ ॥

ਮੈ=ਮੈਨੂੰ ਸਾਰਿਆਂ ਨੂੰ ਹਰਿ=ਹਰੇ ਭਰੇ ਕਰਨ ਵਾਲੇ ਹਰਿ=ਪਰਮੇਸ਼ਰ ਦੇ ਨਾਮ ਦਾ ਹੀ ਵਿਸਾਹੁ=ਭਰੋਸਾ ਹੈ ਵਾ: ਮੈਂ ਸ਼ਰਧਾ ਰੂਪੀ ਪੂੰਜੀ ਦੇ ਕੇ ਗੁਰਾਂ ਤੋਂ ਹਰੀ ਪਰਮੇਸ਼ਰ ਦੇ ਨਾਮ ਨੂੰ ਹੀ ਵਿਸਾਹੁ=ਖਰੀਦਣਾ ਕੀਤਾ ਹੈ ਅਤੇ ਹਰਿ=ਪਰਮੇਸ਼ਰ ਦਾ ਨਾਮ ਹੀ ਮੇਰੀ ਉੱਤਮ ਜਾਤਿ=ਜਾਤ ਤੇ ਪਤਿ=ਇੱਜ਼ਤ ਹੈ ਵਾ: ਆਤਮ ਵਿਸ਼ੈਣੀ ਜਾਤ=ਬੁੱਧੀ ਤੇ ਪਤਿ=ਪਤੀ ਪਰਮੇਸ਼ਰ ਦੀ ਪ੍ਰਾਪਤੀ ਵੀ ਨਾਮ ਕਰਕੇ ਹੀ ਹੁੰਦੀ ਹੈ।

ਜਨ ਨਾਨਕ ਨਾਮੁ ਧਿਆਇਆ
ਰੰਗਿ ਰਤੜਾ ਹਰਿ ਰੰਗਿ ਰਤਿ ॥੫॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਪ੍ਰੇਮੀ ਜਨਾਂ ਨੇ ਪਰਮੇਸ਼ਰ ਦੇ ਨਾਮ ਨੂੰ ਧਿਆਇਆ ਹੈ, ਉਨ੍ਹਾਂ ਦਾ ਚਿਤ ਪਰਮੇਸ਼ਰ ਦੇ ਰੰਗਿ=ਪ੍ਰੇਮ ਵਿਚ ਰਤੜਾ=ਰੰਗਿਆ ਗਿਆ ਹੈ ਜੋ ਹਰੀ ਸਾਰਿਆਂ ਰੰਗਾਂ ਵਿਚ ਰਤਿ=ਰੰਗਿਆ ਹੋਇਆ ਹੈ ਵਾ: ਸਾਰਿਆਂ ਰੰਗਾਂ ਵਿਚ ਰਤੜਾ=ਰੰਗਿਆ ਹੋਇਆ ਜੋ ਹਰੀ ਹੈ, ਉਸ

ਦੇ ਰੰਗ ਵਿਚ ਇਕ-ਰਸ ਮਨ ਬਾਣੀ ਸਰੀਰ ਕਰਕੇ ਰੰਗਿਆ ਗਿਆ ਹੈ।

ਜਿਹੜਾ ਮਨ ਪਹਿਲਾਂ ਅਨੇਕਾਂ ਤਰ੍ਹਾਂ ਦੇ ਪਦਾਰਥਾਂ, ਸ਼ਬਦ, ਸਪਰਸ਼, ਰੂਪ, ਰਸ, ਗੰਧ ਆਦਿ ਅਤੇ ਦੁਨੀਆਂ ਦੇ ਹੋਰ ਰੰਗਾਂ ਵਿਚ ਰੱਤਿਆ ਹੋਇਆ ਸੀ, ਹੁਣ ਅਕਾਲ ਪੁਰਖ ਦੀ ਐਸੀ ਕ੍ਰਿਪਾ ਹੈ ਕਿ ਉਹ ਕੇਵਲ ਹਰੀ ਦੇ ਰੰਗ ਵਿਚ ਹੀ ਰੰਗਿਆ ਗਿਆ।

ਹਰਿ ਧਿਆਵਹੁ ਹਰਿ ਪ੍ਰਭੁ ਸਤਿ ॥

ਉਹ ਹਰਿ=ਪਰਮੇਸਰ ਨੂੰ ਸਦਾ ਹੀ ਧਿਆਵਹੁ=ਧਿਆਉਣਾ ਕਰੇ, ਜੋ ਹਰਿ=ਹਰੀ ਪ੍ਰਭੂ=ਪਰਮੇਸ਼ਰ ਸਤਿ ਸਰੂਪ ਹੈ।

ਗੁਰ ਬਚਨੀ ਹਰਿ ਪ੍ਰਭੁ ਜਾਣਿਆ
ਸਭ ਹਰਿ ਪ੍ਰਭੁ ਤੇ ਉਤਪਤਿ ॥੧॥ ਰਹਾਉ

ਜਿਨ੍ਹਾਂ ਪ੍ਰੇਮੀਆਂ ਨੇ ਸਤਿਗੁਰਾਂ ਦੇ ਬਚਨੀ=ਬਚਨਾਂ ਦੁਆਰਾ ਭਾਵ ਅੰਮ੍ਰਿਤ ਸਰੂਪ ਬਾਣੀ ਦੁਆਰਾ ਉਸ ਹਰਿ=ਅਕਾਲ ਪੁਰਖ ਪ੍ਰਭੂ ਨੂੰ ਜਾਣਿਆ=ਜਾਣ ਲਿਆ ਹੈ, ਜਿੰਨੀ ਵੀ ਸ੍ਰਿਸ਼ਟੀ ਹੈ, ਉਨ੍ਹਾਂ ਨੂੰ ਇਹ ਸੋਝੀ ਹੋ ਗਈ ਹੈ ਕਿ ਸਭ=ਸਾਰੀ ਸ੍ਰਿਸ਼ਟੀ ਹਰਿ=ਹਰੀ ਪ੍ਰਭੂ=ਪਰਮੇਸ਼ਰ ਤੇ=ਤੋਂ ਹੀ ਉਤਪਤਿ=ਉਤਪੰਨ (ਪੈਦਾ) ਹੋਈ ਹੈ ਵਾ: ਅੰਤਹਕਰਣ ਦੇ ਅੰਦਰ ਪਰਮੇਸ਼ਰ ਦੇ ਹਰੀ ਨਾਮ ਕਰਕੇ ਹੀ ਸਭ=ਸਾਰੇ ਸ਼ੁਭ ਗੁਣ ਉਤਪਤਿ=ਪੈਦਾ ਹੁੰਦੇ ਹਨ।

ਜਿਨ ਕਉ ਪੂਰਬਿ ਲਿਖਿਆ
ਸੇ ਆਇ ਮਿਲੇ ਗੁਰ ਪਾਸਿ ॥

ਜਿਨ੍ਹਾਂ ਕਉ=ਦੇ ਮੱਥੇ 'ਤੇ ਪਰਮੇਸ਼ਰ ਨੇ ਪੂਰਬਿ=ਪੂਰਬਲੇ ਪੁੰਨਾਂ ਦੇ ਪ੍ਰੇਰੇ ਹੋਏ ਨੇ ਗੁਰਾਂ ਦੀ ਪ੍ਰਾਪਤੀ ਦਾ ਲੇਖ ਲਿਖ ਦਿਤਾ ਹੈ, ਸੇ=ਉਹ ਇਸ ਜਨਮ ਵਿਚ ਗੁਰੂ ਜੀ ਦੇ ਪਾਸਿ=ਕੋਲ ਆਇ=ਆ ਕੇ ਮਿਲੇ ਹਨ ਅਥਵਾ ਜਿਨ੍ਹਾਂ ਨੂੰ ਪਰਮੇਸ਼ਰ ਨੇ ਪੂਰਬਲੇ ਕਰਮਾਂ ਦੇ ਲਿਖੇ ਅਨੁਸਾਰ ਮਨੁੱਖਾ ਜਨਮ ਦਿਤਾ ਹੈ, ਸੇ=ਉਹ ਮਨੁੱਖਾ ਜਨਮ ਪਾ ਕੇ ਸਤਿਗੁਰਾਂ ਦੇ ਪਾਸਿ=ਨੇੜੇ ਆਦਿ=ਆ ਕੇ ਮਿਲੇ ਹਨ ਵਾ: ਸੂਖਮ, ਅਸਥੂਲ ਅਤੇ ਕਾਰਨ, ਤਿੰਨਾਂ ਦੇਹਾਂ ਦਾ ਅਧਿਆਸ ਛੱਡ ਕੇ, ਤਿੰਨਾਂ ਗੁਣਾਂ ਦਾ ਤਿਆਗ ਕਰਕੇ, ਗੁਰੂ ਪਾਸ ਆ ਕੇ ਮਿਲੇ ਹਨ।

ਸੇਵਕ ਭਾਇ ਵਣਜਾਰਿਆ ਮਿਤ੍ਰਾ
ਗੁਰੁ ਹਰਿ ਹਰਿ ਨਾਮੁ ਪ੍ਰਗਾਸਿ ॥

ਹੇ ਸ਼ੁਭ=ਅਸ਼ੁਭ ਕਰਮਾਂ ਕਰਕੇ ਵਣਜਾਰਿਆ ਅਤੇ ਪਰਮੇਸ਼ਰ ਦੀ ਅੰਸ਼ ਹੋਣ ਕਰਕੇ ਮਿੱਤਰਾ! ਜਿਨ੍ਹਾਂ ਨੇ ਸੇਵਕ=ਦਾਸਾ ਭਾਇ=ਭਾਵ ਧਾਰਨ ਕੀਤਾ ਹੈ, ਗੁਰੁ=ਸਤਿਗੁਰੂ ਸਾਹਿਬ ਜੀ ਨੇ ਉਨ੍ਹਾਂ ਦੇ ਹਿਰਦੇ ਅੰਦਰ ਹਰਿ=ਹਰੇ ਭਰੇ ਕਰਨ ਵਾਲੇ ਹਰਿ=ਪਰਮੇਸ਼ਰ ਦੇ ਨਾਮ ਦਾ ਪ੍ਰਗਾਸਿ=ਪ੍ਰਕਾਸ਼ ਕਰ ਦਿਤਾ ਹੈ।

ਧਨੁ ਧਨੁ ਵਣਜੁ ਵਾਪਾਰੀਆ
ਜਿਨ ਵਖਰੁ ਲਦਿਅੜਾ ਹਰਿ ਰਾਸਿ ॥

ਨਾਮ ਦਾ ਵਣਜੁ=ਵਾਪਾਰ ਧਨੁ=ਧੰਨਤਾ ਦੇ ਯੋਗ ਹੈ ਅਤੇ ਜਿਹੜੇ ਨਾਮ ਦੇ ਵਾਪਾਰੀਆ=ਵਣਜ ਕਰਨ, ਵਾਪਾਰ ਕਰਨ ਵਾਲੇ ਜਗਿਆਸੂ ਜਨ ਹਨ ਉਹ ਵੀ ਧਨੁ=ਧੰਨਤਾ ਦੇ ਯੋਗ ਹਨ ਵਾ: ਧੰਨ ਉਹ ਵਾਪਾਰੀ ਸੰਤ ਜਨ ਹਨ, ਜਿਨ੍ਹਾਂ ਨੇ ਵਣਜਾਰੇ ਬਣ ਕੇ ਨਾਮ ਰੂਪ ਵਣਜ ਦਾ ਵਾਪਾਰ ਕੀਤਾ ਹੈ, ਜਿਨ੍ਹਾਂ ਨੇ ਹਰੀ ਪ੍ਰਮੇਸ਼ਰ ਦੇ ਨਾਮ ਦੀ ਸ਼ਰਧਾ ਰੂਪੀ ਰਾਸਿ=ਪੂੰਜੀ ਦੇ ਵਖਰੁ=ਸੌਦੇ ਤਾਈਂ ਅੰਤਹਕਰਣ ਰੂਪੀ ਗੱਡੇ ਵਿਚ ਲਦਿਅੜਾ=ਲੱਦਣਾ ਕੀਤਾ ਭਾਵ ਧਾਰਨ ਕੀਤਾ ਹੈ।

ਗੁਰਮੁਖਾ ਦਰਿ ਮੁਖ ਉਜਲੇ
ਸੇ ਆਇ ਮਿਲੇ ਹਰਿ ਪਾਸਿ ॥

ਐਸੇ ਗੁਰਮੁਖਾਂ ਦੇ ਮੁੱਖ ਪਰਮੇਸ਼ਰ ਦੀ ਦਰਿ=ਦਰਗਾਹ ਸੱਚਖੰਡ ਵਿਚ ਉਜਲੇ=ਨਿਰਮਲੇ ਹੁੰਦੇ ਹਨ ਵਾ: ਗੁਰਮੁਖ ਜਨਾਂ ਦੇ ਸਤਿਸੰਗਤ ਰੂਪੀ, ਤੁਰੀਆ ਪਦ ਰੂਪੀ ਦਰ ਵਿਚ ਅੰਤਹਕਰਣ ਰੂਪੀ ਮੁਖ ਉਜਲੇ ਹੁੰਦੇ ਹਨ ਅਤੇ ਸੇ=ਉਹ ਹਰਿ=ਹਰੀ ਪਰਮੇਸ਼ਰ ਦੇ ਪਾਸ ਆਇ=ਆ ਕੇ ਮਿਲ ਗਏ ਹਨ ਵਾ: ਉਨ੍ਹਾਂ ਨੂੰ ਹਰੀ ਪਾਸਿ=ਨੇੜਿਉਂ ਹੀ ਮਿਲ ਗਿਆ ਅਤੇ ਉਨ੍ਹਾਂ ਦੀ ਜਮਾਂ ਦੀ ਫਾਹੀ ਕੱਟੀ ਗਈ ਹੈ।

ਜਨ ਨਾਨਕ ਗੁਰੁ ਤਿਨ ਪਾਇਆ
ਜਿਨਾ ਆਪਿ ਤੁਠਾ ਗੁਣਤਾਸਿ ॥੬॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਨ=ਉਨ੍ਹਾਂ ਗੁਰਮੁਖ ਜਨਾਂ ਨੇ ਪੂਰੇ ਗੁਰੁ=ਸਤਿਗੁਰਾਂ ਨੂੰ ਪਾਇਆ ਹੈ, ਜਿਨ੍ਹਾਂ ਦੇ ਪੂਰਬਲੇ ਨਿਸ਼ਕਾਮ ਕਰਮ ਵੇਖ ਕੇ ਗੁਣਤਾਸਿ=ਗੁਣਾਂ ਦਾ ਖਜ਼ਾਨਾ ਪਰਮੇਸ਼ਰ ਆਪ ਤੁਠਾ=ਪ੍ਰਸੰਨ ਹੋਇਆ ਹੈ।

ਹਰਿ ਧਿਆਵਹੁ ਸਾਸਿ ਗਿਰਾਸਿ ॥

ਸਾਸਿ ਗਿਰਾਸਿ=ਆਉਂਦੇ ਜਾਂਦੇ ਸੁਆਸਾਂ ਵਾ: ਹਰੇਕ ਸੁਆਸ ਅਤੇ ਗਿਰਾਸਿ=ਮੁਖ ਵਿਚ ਗਰਾਹੀ ਪਾਉਂਦਿਆਂ ਸਦਾ ਹੀ ਹਰਿ=ਪਰਮੇਸ਼ਰ ਦੇ ਨਾਮ ਨੂੰ ਧਿਆਵਹੁ=ਧਿਆਉਣਾ ਕਰੋ।

ਮਨਿ ਪ੍ਰੀਤਿ ਲਗੀ ਤਿਨਾ ਗੁਰਮੁਖਾ
ਹਰਿ ਨਾਮੁ ਜਿਨਾ ਰਹਰਾਸਿ ॥੧॥ ਰਹਾਉ ॥੧॥

ਤਿਨਾ=ਉਨ੍ਹਾਂ ਗੁਰਮੁਖਾਂ ਦੇ ਮਨ ਵਿਚ ਪ੍ਰਭੂ ਦੀ ਪ੍ਰੀਤਿ=ਲਗਨ ਲੱਗੀ ਹੋਈ ਹੈ। ਜਿਨ੍ਹਾਂ ਦੇ ਪਾਸ ਪ੍ਰਮੇਸ਼ਰ ਦੇ ਨਾਮ ਦੀ ਰਹਰਾਸਿ=ਰਹੁ ਰੀਤੀ ਭਾਵ ਮਰਯਾਦਾ ਹੈ ਵਾ: ਹਰੀ ਨਾਮ ਦੀ ਜਿਨ੍ਹਾਂ ਕੋਲ ਰਹਰਾਸਿ (ਰਹ+ਰਾਸਿ) ਰਾਸਿ=ਪੂੰਜੀ ਰਹ ਆਈ ਹੈ।

# ਗੁਰੂ ਨਾਨਕ ਆਗਮਨ
## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ-46)*

ਇਕ ਦਿਨ ਪ੍ਰਾਣ ਕਰਤਾ ਜੀ ਬੋਲੇ - ਰੂਪਿਆ! ਬਈ ਹੁਣ ਕੂਚ। ਸੱਦ ਕੂਕਦੀ ਹੈ ਕੂਚ।

ਰੂਪਾ - ਹੇ ਰਜ਼ਾ ਦੇ ਮਾਲਕ! ਰੱਜ ਕੇ ਦਰਸ਼ਨ ਦਿਓ, ਇਨ੍ਹਾਂ ਪਿਆਸਿਆਂ ਨੈਣਾਂ ਦੀ ਡੰਝ ਨਹੀਂ ਲੱਥੀ, ਤਿਹਾਏ ਮਨ ਦੀ ਤ੍ਰੇਹ ਨਹੀਂ ਮਿਟੀ, ਤਰੁੱਠੇ ਹੋ ਤਾਂ ਤਰੁੱਠੇ ਰਹੋ, ਵਿਛੋੜਾ ਸੁਣਿਆ ਦੁਖ ਜਾਂਦਾ ਹੈ, ਨਜ਼ਰੋਂ ਉਹਲੇ ਹੁੰਦੇ ਸੁਣ ਮਰਦਾ ਹਾਂ, ਧੀਰਜ ਨਹੀਂ ਬੰਨ੍ਹਦਾ ਅੰਦਰਲਾ, ਕਿਉਂ ਜੀਵਸਾਂ। ਜੀਵਾਲਣ ਹਾਰ। ਦੀਦਾਰ ਦੇ ਕੇ ਕੰਡ ਨਾ ਦਿਖਾਉਣੀ, ਕੰਡ ਨਾ ਦਿਖਾਓ ਤਾਂ ਆਪੇ ਵਿਚ ਸਮਾ ਲਓ।

ਉਧਾਰਨਹਾਰ - ਰੂਪਿਆ! ਬੱਚਿਆ! ਪਿਆਰਿਆ! ਹੁਕਮ ਹੈ ਕੂਚ। ਹੁਕਮ ਹੈ ਪ੍ਰੀਤਮ ਦਾ ਹੋਰਥੇ ਆਲੇਖ ਦੇ ਆਦੇਸ਼ ਜਗਾਉਣ ਦਾ।

ਰੂਪਾ - ਮਿਹਰ ਤੇ ਕੋਮਲਤਾ ਦੇ ਗੁਲਾਬ ਜੀ! ਜੰਤ, ਜੰਤੀ ਨੂੰ ਕੀ ਆਖੇ? ਨਾ ਆਖ ਹੁੰਦਾ ਹੈ, 'ਜਾਹੁ' ਨਾ ਰੋਕ ਹੁੰਦਾ ਹੈ। ਪਾਤਸ਼ਾਹ! ਮੈਂ ਮੂਰਖ ਹਾਂ, ਵਿਛੁੜਿਆ ਮਰਦਾ ਹਾਂ, ਮੇਰੇ ਵਸ ਨਹੀਂ।

ਉਧਾਰਨਹਾਰ - ਰੂਪੇ ਭਾਗ! ਦੁਖ ਦੀ ਕੁਰਲਾਟ ਦਰਗਾਹ ਪਹੁੰਚੀ ਹੈ। ਕਰਤਾਰ ਦੇ ਦਰਬਾਰ ਕਸ਼ਟ ਦੀ ਪੁਕਾਰ ਅੱਪੜੀ ਹੈ। ਹੁਕਮ ਹੋਇਆ ਹੈ ਪਹੁੰਚੋ, ਤ੍ਰਾਹ-ਤ੍ਰਾਹ ਦੀ ਸੱਦ ਨੇ ਪੌਣ ਵਿਚ ਗ਼ਮ ਛਾ ਦਿਤਾ ਹੈ ਹਾਇ! ਹਾਇ!! ਦੀ ਧੁਨਿ ਨੇ ਚਾਨਣੇ ਨੂੰ ਉਦਾਸ ਕਰ ਦਿਤਾ ਹੈ। ਵੇਖ ਧੁੱਪ ਉਦਾਸੀ ਬੋਲੀ ਬੋਲਦੀ ਹੈ, ਵਣ ਉਦਾਸ ਤੇ ਵਣ ਦੇ ਪੰਖੀ ਦਿਲਗੀਰ ਹਨ। ਹੁਣ ਚੱਲਣਾ ਹੈ ਤੇ ਹੁਕਮ ਕਮਾਉਣਾ ਹੈ। ਤੂੰ ਕਰਤਾਰ ਦੇ ਰੰਗ ਵਿਚ ਵੱਸ, ਜੀਵਾ ਹੋਇਆ ਹੈਂ, ਜੀਵਾ ਰਹੁ, ਤੇਰਾ ਸਰੀਰ ਪਿਆਰੇ ਦੀ ਯਾਦ ਦੇ ਸੰਗੀਤ ਵਿਚ, ਖਿੱਚ ਵਿਚ ਤੇ ਰੱਬੀ ਗੁੰਜਾਰ ਵਿਚ ਰਹੇ। ਕਦੇ ਨਾ ਵਿਸਰੇ ਵਾਹਿਗੁਰੂ, ਤੇਰੇ ਮਨੋਂ ਨਾ ਵਿਸਰੇ 'ਸਭਨਾ ਜੀਆ ਕਾ ਇਕੁ ਦਾਤਾ।'

ਰੂਪਾ - ਮੇਰੇ ਵਸ ਨਹੀਂ, ਪਾਤਸ਼ਾਹ! ਮੈਂ ਮਰਦਾ ਹਾਂ।

ਇਹ ਕਹਿੰਦਾ ਢਹਿ ਪਿਆ ਤੇ ਅੱਖਾਂ ਫਿਰ ਗਈਆਂ। ਰੱਬੀ ਪਿਆਰ ਦੇ ਨਿਝਰ ਝਰ ਰਹੇ ਸੋਮੇ ਨੇ, ਲਹਿ-ਲਹਿ ਵਗ ਰਹੇ ਪ੍ਰੇਮ-ਚਸ਼ਮੇ ਨੇ, ਗਲੇ ਲਾ ਕੇ ਤੇ ਸਿਰ ਤੇ ਪਿਆਰ ਦੇ ਕੇ ਕਿਹਾ -

ਰੂਪੇ! ਸਾਡਾ ਰਹਿਣਾ ਨਹੀਂ ਹੋਰ। ਨਾਲ ਚੱਲ, ਚੱਲ ਕੇ ਤੱਕ, ਕਰਤਾਰ ਦੇ ਰੰਗ।

ਮਰਦਾਨਿਆਂ! ਚੱਕ ਰਬਾਬ, ਦੇਖ ਕਰਤਾਰ ਦੇ ਰੰਗ! ਚੱਲ ਦੇਖ ਅਯਾਲੀ ਕਸਾਈ ਹੋ ਚੱਲੇ ਨੀ, ਵਾੜਾ ਲਾਵੀ ਬਣਨ ਲੱਗੀਆਂ ਨੀ, ਪਹਿਰੂਏ ਸਧੇਵਾ ਘੜਾ ਰਹੇ ਨੀ।

*ਨਾਨਕ ਦੁਨੀਆ ਕੈਸੀ ਹੋਈ ॥*
*ਸਾਲਕੁ ਮਿਤੁ ਨ ਰਹਿਓ ਕੋਈ ॥* *ਅੰਗ - ੧੪੧੦*

ਇਹ ਕਹਿੰਦਿਆਂ ਇਲਾਹੀ ਜੋਤਿ ਨਾਲ ਸਦਾ ਜਗਮਗ-ਜਗਮਗ ਕਰਨ ਵਾਲੇ ਨੈਣ ਕਿਸੇ ਡਾਢੇ ਤਰਸ ਤੇ ਪਿਆਰ ਨਾਲ ਜਲ ਪੂਰਤ ਹੋ ਗਏ, ਦੋ ਚਾਰ ਟੇਪੇ ਕਿਰੇ ਤੇ ਰੂਪੇ ਦੇ ਹੱਥਾਂ ਤੇ ਪਏ, ਜੋ ਹੱਥ ਕਿ ਚਰਨਾਂ ਤੇ ਟਿਕ ਰਹੇ ਸੀ।

ਇਕ ਪੁਰਾਣੇ ਮਿਟ ਰਹੇ ਕਬਰਸਤਾਨ ਦੇ ਲਾਗੇ ਬੇਰ ਦੀ ਛਾਵੇਂ ਆ ਕੇ ਪ੍ਰੇਮ ਪੁੰਜ ਜੀ ਬੋਲੇ -

ਮਰਦਾਨਿਆਂ! ਆਹ ਬੇਰ ਦੀ ਛਾਂ ਠੰਢੀ ਹੈ, ਆ ਬੈਠ ਜਾਈਏ।

ਮਰਦਾਨਾ - ਪਾਤਸ਼ਾਹ! ਇਹ ਤਾਂ ਕੋਈ ਪੁਰਾਣੀਆਂ ਕਬਰਾਂ ਦੀ ਜੂਹ ਜਾਪਦੀ ਹੈ ਕਿਤੇ ਸ਼ਹਿਰ ਚੱਲ ਕੇ ਠਹਿਰੀਏ।

ਸਤਿਗੁਰ - ਮਰਦਾਨਿਆਂ! ਕਰਤਾਰ ਦੀ ਰਜ਼ਾ ਇਥੇ ਹੈ, ਨੌਕਰੀ ਪਹਿਰਾ ਇਥੇ ਹੈ। ਵਸਦੀਆਂ ਤੇ ਉਜਾੜਾਂ ਕਰਤਾਰ ਨਾਲ ਭਰਪੂਰ ਹਨ, ਦੇਖ ਨਾ! ਸਾਰੇ ਦਿਸ ਰਿਹਾ ਹੈ ਪਿਆਰਾ, ਸਾਰੇ ਵਸ ਰਿਹਾ ਪਿਆਰਾ, ਸਾਰੇ ਡੁੱਲ੍ਹ-ਡੁੱਲ੍ਹ ਪੈ ਰਿਹਾ ਪਿਆਰਾ। ਹਰੀ ਹਰਿਆਵਲ ਦੀ ਸ਼ਾਖ-ਸ਼ਾਖ ਕਿਸ ਤਰ੍ਹਾਂ ਸਾਖੀ ਭਰ ਰਹੀ ਹੈ ਕਿ ਵਣ ਤ੍ਰਿਣ ਵਿਚ ਪਿਆਰਾ ਹੈ। ਵਸਦੀ ਹੈ ਸਾਰੇ, ਉਜਾੜ ਕਿਤੇ ਨਹੀਂ, ਨੈਣ ਖੋਹਲ

ਮਰਦਾਨਿਆਂ!

ਬੇਬਸਾ ਮਰਦਾਨੇ ਦਾ ਰਬਾਬ ਖੁੱਲ੍ਹ ਗਿਆ ਤੇ ਉਂਗਲਾਂ ਤੰਤਾਂ ਤੇ ਫਿਰ ਨਿਕਲੀਆਂ। ਸਤਿਗੁਰ ਦੇ ਇਲਾਹੀ ਗਲੇ ਤੋਂ ਧੁਨਿ ਉੱਠੀ ਤੇ ਰਾਮਕਲੀ ਵਿਚ ਸੱਦ ਹੋਈ –

*ਸਰਬ ਜੋਤਿ ਤੇਰੀ ਪਸਰਿ ਰਹੀ ॥*
*ਜਹ ਜਹ ਦੇਖਾ ਤਹ ਨਰਹਰੀ ॥ ੧ ॥*
*ਜੀਵਨ ਤਲਬ ਨਿਵਾਰਿ ਸੁਆਮੀ ॥*
*ਅੰਧ ਕੂਪਿ ਮਾਇਆ ਮਨੁ ਗਾਡਿਆ*
*ਕਿਉ ਕਰਿ ਉਤਰਉ ਪਾਰਿ ਸੁਆਮੀ ॥ ੧ ॥ ਰਹਾਉ ॥*
*ਜਹ ਭੀਤਰਿ ਘਟ ਭੀਤਰਿ ਬਸਿਆ ਬਾਹਰਿ ਕਾਹੇ ਨਾਹੀ ॥*
*ਤਿਨ ਕੀ ਸਾਰ ਕਰੇ ਨਿਤ ਸਾਹਿਬੁ*
*ਸਦਾ ਚਿੰਤ ਮਨ ਮਾਹੀ ॥ ੨ ॥*
*ਆਪੇ ਨੇੜੈ ਆਪੇ ਦੂਰਿ ॥*
*ਆਪੇ ਸਰਬ ਰਹਿਆ ਭਰਪੂਰਿ ॥*
*ਸਤਗੁਰੁ ਮਿਲੈ ਅੰਧੇਰਾ ਜਾਇ ॥*
*ਜਹ ਦੇਖਾ ਤਹ ਰਹਿਆ ਸਮਾਇ ॥ ੩ ॥*
*ਅੰਤਰਿ ਸਹਸਾ ਬਾਹਰਿ ਮਾਇਆ*
*ਨੈਣੀ ਲਾਗਸਿ ਬਾਣੀ ॥*
*ਪ੍ਰਣਵਤਿ ਨਾਨਕੁ ਦਾਸਨਿ ਦਾਸਾ*
*ਪਰਤਾਪਹਿਗਾ ਪ੍ਰਾਣੀ ॥ ਅੰਗ – ੮੭੬*

ਇਲਾਹੀ ਨਜ਼ਾਰਾ, ਵਾਹਿਗੁਰੂ ਰੰਗ ਦਾ ਅਚਰਜ ਦਰਸ਼ਨ ਬਣ ਰਿਹਾ ਹੈ। ਬੇਰ ਦੀ ਛਾਵੇਂ ਰੂਪਾ ਜੀ ਨੈਣ ਬੰਦ ਬੈਠੇ ਹਨ, ਚਿਹਰੇ ਪਰ ਲਾਲੀ ਤੇ ਨੈਣਾਂ ਵਿਚੋਂ ਸੁਖ ਦੇ ਅੱਥਰੂ ਕਿਰ ਰਹੇ ਹਨ, ਮਰਦਾਨਾ ਰਬਾਬ ਬਜਾ ਰਿਹਾ ਹੈ, ਪਰ ਆਪ ਮਸਤ ਹੈ, ਸਤਿਗੁਰ ਦਾ ਪਵਿੱਤਰ ਗਲਾ ਗਾ ਰਿਹਾ ਹੈ ਤੇ ਹੋਰ ਸਰੀਰ ਅਚੱਲ ਤੇ ਅਡੋਲ ਹੈ।

ਫੇਰ ਚੁੱਪ ਛਾ ਗਈ, ਫੇਰ ਸਤਿਗੁਰ ਬੋਲੇ –

ਮਰਦਾਨਿਆ! ਬਈ ਤਿਆਰ ਹੋ।

ਮਰਦਾਨਾ – ਸਤਿ ਬਚਨ ਜੀ।

ਰੂਪਾ – ਪਾਤਸ਼ਾਹ! ਕੁਝ ਜਲ ਪੀ ਲਓ ਤੇ ਥੋੜ੍ਹੀ ਪੰਜੀਰੀ ਮੂੰਹ ਪਾ ਲਓ।

ਸਤਿਗੁਰ–ਪਹਿਲਾਂ ਕੰਮ।

ਮਰਦਾਨਾ – ਜੀਓ ਪਾਤਸ਼ਾਹ! ਜਿਵੇਂ ਰਜ਼ਾ, ਪੈਂਡਾ ਢੇਰ ਕੱਟ ਕੇ ਆਏ ਹਾਂ, ਕੁਛ ਮੂੰਹ ਪਵੇ ਤਾਂ ਭਲਾ ਹੈ।

ਸਤਿਗੁਰ (ਹੱਸ ਕੇ) – ਮਰਦਾਨਿਆਂ! ਭਲਾ ਹੈ। ਸਭਨਾਂ ਨੇ ਕੁਛ ਖਾਧਾ ਤੇ ਜਲ ਛਕਿਆ, ਪਰ ਸਤਿਗੁਰ ਜਾਣੀ ਜਾਣ ਨੈਣ ਮੁੰਦੇ ਬੈਠੇ ਰਹੇ, ਫੇਰ ਤੱਕੇ ਤੇ ਬੋਲੇ –

ਮਰਦਾਨਿਆਂ! ਔਹ ਦੇਖ ਐਥੋਂ ਇਕ ਗੁੰਬਜ਼ ਜਿਹਾ ਦਿਸਦਾ ਹੈ, ਓਥੇ ਚਲਾ ਜਾਹ। ਜੋ ਆਦਮੀ ਬਾਹਰ ਬੈਠੇ ਹੋਣ ਉਹਨਾਂ ਨੂੰ ਕਹੁ ਕਿ ਵਾਹਿਗੁਰੂ ਦਾ ਢਾਡੀ ਆਯਾ ਹੈ ਤੇ ਪੀਰ ਜੀ ਨੂੰ ਯਾਦ ਕਰਦਾ ਹੈ।

ਹੁਕਮ ਸੁਣ ਕੇ ਮਰਦਾਨਾ ਚਲਾ ਗਿਆ। ਅੱਗੇ ਪੰਜ ਚਾਰ ਆਦਮੀ ਬੈਠੇ ਸਨ ਤੇ ਗੁੰਬਜ਼ ਦੇ ਬੂਹੇ ਬੰਦ ਸਨ। ਮਰਦਾਨੇ ਨੇ ਉਹਨਾਂ ਨੂੰ ਪੈਰੀ ਪਉਣਾ ਕਰਕੇ ਸੁਨੇਹਾ ਦਿਤਾ, ਅੱਗੋਂ ਉਹਨਾਂ ਨੇ ਆਖਿਆ–

ਸੁਣ ਬਈ, ਅਸੀਂ ਹਾਂ ਮੁਰੀਦ ਤੇ ਅੰਦਰ ਹਨ ਪੀਰ ਜੀ, ਉਹ ਚਿਲ੍ਹੇ ਬੈਠੇ ਹਨ। ਚਾਲੀ ਦਿਨਾਂ ਤੱਕ ਉਨ੍ਹਾ ਨੇ ਨਿਕਲਣਾ ਨਹੀਂ ਤੇ ਹੁਕਮ ਹੈ, ਚਾਹੇ ਕੁਛ ਹੋਵੇ ਚਾਲੀ ਦਿਨਾਂ ਤੋਂ ਪਹਿਲਾਂ ਸਾਨੂੰ ਕਿਸੇ ਗਲ ਦੀ ਖ਼ਬਰ ਨਹੀਂ ਕਰਨੀ, ਸੋ ਅਸੀਂ ਕਿਵੇਂ ਤੇਰਾ ਸੁਨੇਹਾ ਦੇਈਏ?

ਮਰਦਾਨਾ – ਮੇਰਾ ਸੁਨੇਹਾ ਮੇਰਾ ਨਹੀਂ, ਇਹ ਪੀਰਾਂ ਦੇ ਪੀਰ ਤੇ ਗੁਰਾਂ ਦੇ ਗੁਰੂ ਦਾ ਹੈ, ਤੁਸੀਂ ਵੇਖਦੇ ਹੋ ਮੇਰਾ ਜਨਮ ਮੁਸਲਮਾਨ ਦਾ ਹੈ ਤੇ ਗੁਰੂ ਮੇਰਾ ਜਗਤ ਦੇ ਹਿਸਾਬ ਖੱਤਰੀ ਜਨਮ ਦਾ ਹੈ, ਮੈਂ ਕੁਛ ਡਿੱਠਾ ਹੈ ਤਾਂ ਮਗਰ ਲੱਗਾ ਹਾਂ ਨਾ। ਮੈਂ ਸੱਚ ਆਖਨਾ ਹਾਂ ਕਿ ਉਹ ਰੱਬ ਵਲੋਂ ਆਏ ਹਨ, ਧੁਰੋਂ ਆਏ ਹਨ, ਇਲਹਾਮ ਉਹਨਾਂ ਤੇ ਉਤਰਦਾ ਹੈ ਤੇ ਗ਼ੈਬ ਵਿਚ ਓਹ ਗੋਤੇ ਮਾਰਦੇ ਹਨ, ਉਹਨਾਂ ਦਾ ਸੁਨੇਹਾ ਮੰਨ ਲੈਣਾ ਤੁਹਾਨੂੰ ਤੇ ਪੀਰ ਜੀ ਨੂੰ ਸੁਖ ਦੇਵੇਗਾ। ਉਹ ਸੰਸਾਰ ਦੇ ਐਸ਼੍ਵਰਜ, ਪੂਜਾ ਪ੍ਰਤਿਸ਼ਟਾ, ਕਿਸੇ ਸ਼ੈ ਦੇ ਲੋੜਕੂ ਨਹੀਂ, ਤ੍ਰਿਸ਼ਨਾ ਨਦੀ ਤੋਂ ਪਾਰ ਵਸਦੇ ਹਨ, ਤੁਸੀਂ ਜੇ ਖ਼ਬਰ ਦਿਓਗੇ ਤਾਂ ਤੁਸਾਂ ਉਤੇ ਤੇ ਤੁਸਾਡੇ ਪੀਰ ਉਤੇ ਸਾਂਈਂ ਦਾ ਫਜ਼ਲ ਉਤਰੇਗਾ।

ਮੁਰੀਦ – ਸਾਂਈਂ ਲੋਕਾ! ਤੂੰ ਸੱਚ ਆਖਦਾ ਹੋਸੇਂ ਪਰ ਪੀਰ ਪ੍ਰਸਤੀ ਦਾ ਬੜਾ ਗਾਖੜਾ ਰਸਤਾ ਹੈ। ਅਸਾਂ ਤਾਂ ਹੁਕਮ ਪਾਲਣਾ ਹੈ ਤੇ ਕਿਵੇਂ ਬੀ ਨਹੀਂ ਖਬਰ ਕਰਨੀ, ਤੇਰੇ ਗੁਰੂ ਜੇ ਕਦੇ ਸਾਹਿਬੇ ਕਸ਼ਫ ਹਨ, ਗ਼ੈਬੀ ਤਾਕਤ ਰੱਖਦੇ ਹਨ ਤਾਂ ਆਪ ਖ਼ਬਰ ਕਰ ਦੇਣ, ਸਾਨੂੰ ਗੁਨਾਹਗਾਰ ਬਨਾਉਣ ਦੀ ਕੀਹ ਲੋੜ ਹੈ? ਪੀਰ ਫਿੱਟਕੇ ਦਾ ਕਿਹੜਾ ਠਉਰ ਰਹਿ ਜਾਂਦਾ ਹੈ?

ਮਰਦਾਨਾ ਹੋਰ ਜ਼ੋਰ ਲਾ ਕੇ ਤੇ ਨਿਰਾਸ ਹੋ ਕੇ ਥੱਕ ਕੇ ਮੁੜ ਆਇਆ ਤੇ ਸਾਰੀ ਵਿਥਿਆ ਆ 'ਆਸ ਅੰਦੇਸੇ' ਦੇ ਕੱਟਣਹਾਰ ਨੂੰ ਸੁਣਾਈ। ਸਤਿਗੁਰੂ ਜੀ ਸੁਣ ਕੇ ਮੁਸਕਰਾਏ ਤੇ ਕਹਿਣ ਲੱਗੇ –

ਮਰਦਾਨਿਆਂ! ਇਕ ਫੇਰ ਹੋਰ ਕਰ ਤੇ ਆਖ ਆ ਕਿ ਅੱਜ ਜਿਸ ਵੇਲੇ ਸੂਰਜ ਠੀਕ ਸ਼ਿਖਰ ਤੇ ਆ ਕੇ ਚਮਕੇਗਾ ਉਸ ਵੇਲੇ ਚਿਲ੍ਹਾ ਟੁੱਟ ਜਾਏਗਾ, ਸੂਰਜ ਸ਼ਿਖਰੋਂ ਪਿਛੇ ਪੈਰ ਹੇਠਾਂ ਧਰੇਗਾ ਪਰ ਚਿਲ੍ਹਾ ਪੀਰ ਦਾ ਪਹਿਲੋਂ ਤਰੁੱਟੇਗਾ।

ਮਰਦਾਨਾ ਫੇਰ ਚਲਾ ਗਿਆ ਤੇ ਜਾ ਕੇ ਮੁਰੀਦਾਂ ਨੂੰ ਇਹ ਸੁਨੇਹਾ ਦੇ ਆਇਆ। ਮੁਰੀਦਾਂ ਵਿਚ ਇਹ ਗੱਲ ਬੜੀ ਹਲਚਲੀ ਪੈਦਾ ਕਰਨ ਵਾਲੀ ਸੀ। ਉਹ ਆਪਣੇ ਪੀਰ ਨੂੰ ਭਾਰਾ ਕਰਾਮਾਤੀ ਸਮਝਦੇ ਸਨ। ਪੀਰ ਪ੍ਰਾਣਾਯਾਮੀ ਬੀ ਸੀ, ਸੁਆਸ ਚੰਗੇ ਰੋਕਦਾ ਸੀ, ਰਿੱਧੀਆਂ-ਸਿੱਧੀਆਂ ਦਾ ਸ਼ੁਕੀਨ ਵੀ ਸੀ, ਇਸ ਕਰਕੇ ਉਸ ਦਾ ਡਰ ਬੀ ਬਹੁਤ ਸੀ। ਸੋ ਜਦ ਮੁਰੀਦਾਂ ਨੇ ਮਰਦਾਨੇ ਦੇ ਐਸੇ ਤਕੜੇ ਵਾਕ ਸੁਣੇ ਤਾਂ ਗੱਲਾਂ ਸ਼ੁਰੂ ਹੋ ਗਈਆਂ ਕਿ ਅੱਜ ਸਵੇਰੇ ਹੀ ਕੌਣ ਮਰਦ ਆਇਆ ਹੈ ਜੋ ਪੀਰ ਜੀ ਨੂੰ ਕਹਿ ਸਕਦਾ ਹੈ ਕਿ ਅੱਜ ਚਿਲ੍ਹਾ ਟੁੱਟ ਜਾਏਗਾ ਅਰ ਦੁਪਹਿਰਾਂ ਢਲਣ ਤੋਂ ਪਹਿਲਾਂ ਟੁੱਟੇਗਾ। ਮੁਰੀਦਾਂ ਵਿਚੋਂ ਕੁਛ ਸ਼ਹਿਰ ਗਏ ਤਾਂ ਗੱਲ ਸ਼ਹਿਰ ਵਿਚ ਬੀ ਪੁੱਜ ਗਈ ਤੇ ਸਾਰੇ ਪਲੋ-ਪਲੀ ਵਿਚ ਫੈਲ ਗਈ। ਉਧਰ ਮਰਦਾਨਾ ਆਪਣਾ ਸੁਨੇਹਾ ਦੇ ਕੇ ਸਤਿਗੁਰਾਂ ਦੇ ਪਾਸ ਆ ਗਿਆ। ਮਹਾਰਾਜ ਜੀ ਆਪਣੇ ਰੰਗ ਵਿਚ ਟਿਕ ਗਏ, ਮਰਦਾਨਾ ਕੀਰਤਨ ਵਿਚ ਲੱਗ ਗਿਆ ਤੇ ਰੂਪਾ ਜੀ ਅੰਨ ਪਾਣੀ ਦੇ ਆਹਰ ਲਗ ਪਏ ਕਿ ਆਪਣੇ ਪਿਆਰੇ ਦਾਤੇ ਜੀ ਲਈ ਭੋਜਨ ਤਿਆਰ ਕਰਕੇ ਕ੍ਰਿਤਾਰਥ ਹੋਣ।

ਜਦੋਂ ਸਵਾ ਪਹਿਰ ਦਿਨ ਆ ਗਿਆ ਤਾਂ ਬਾਬੇ ਨੇ ਨੈਣ ਖੁਹਲੇ, ਮਰਦਾਨੇ ਨੇ ਭੋਗ ਪਾਇਆ! ਇਸ ਵੇਲੇ ਸ਼ਹਿਰ ਦੀ ਲੁਕਾਈ ਕੁਛ ਜੁੜੀ ਪਈ ਸੀ। ਲੋਕੀਂ ਇਹ ਗੱਲ ਸੁਣ-ਸੁਣ ਕੇ ਬਹੁਤ ਆਏ ਕਿ ਕੋਈ ਵੱਡਾ ਫਕੀਰ ਆਯਾ ਹੈ ਜਿਸ ਪੀਰ ਹਮਜ਼ਾ ਗੌਂਸ ਦਾ ਚਿਲ੍ਹਾ ਅੱਜ ਤੋੜ ਸੁੱਟਣਾ ਹੈ ਤੇ ਉਜਾੜ ਵਿਚ ਬੇਰੀ ਹੇਠ ਬੈਠਾ ਹੈ। ਜਦੋਂ ਬਾਬੇ ਨੇ ਨੈਣ ਖੁਹਲੇ ਤਾਂ ਇਕ ਨੇ ਆਖਿਆ –

ਫਕੀਰ ਸਾਂਈਂ! ਸੁਣਿਆਂ ਹੈ ਕਿ ਆਪ ਹਮਜ਼ੇ ਦਾ ਚਿੱਲ੍ਹਾ ਤੋੜੋਗੇ, ਅਸੀਂ ਸ਼ਹਿਰ ਦੇ ਲੋਕ ਆਪ ਦੀ ਸ਼ਰਨ ਆਏ ਹਾਂ।

ਬਹੁੜੀ ਕਰਨ ਵਾਲੇ ਸਤਿਗੁਰ ਬੋਲੇ, ਚਿਲ੍ਹੇ ਛਿਲੇ ਬੈਠਣੇ ਤੇ ਕੱਟਣੇ, ਮਨੁੱਖ ਦਾ ਕੰਮ ਹੈ, ਫਲ ਲਾਉਣਾ ਤੇ ਤੋੜਨਾ ਕਰਤਾਰ ਦਾ ਕੰਮ ਹੈ, ਜੋ ਉਸ ਦੀ ਰਜ਼ਾ ਹੈ, ਹੋ ਕੇ ਰਹੇਗਾ।

ਲੋਕਾਂ ਵਿਚੋਂ ਇਕ-ਇਹ ਪੀਰ ਬੜਾ ਕਰਾਮਾਤੀਆ ਹੈ, ਸ਼ਹਿਰ ਤੇ ਗੁੱਸੇ ਹੋ ਗਿਆ ਹੈ। ਸਾਰਾ ਸ਼ਹਿਰ ਹੁਣ ਆਪ ਦੀ ਸ਼ਰਨ ਹੈ, ਨਗਰ ਦੀ ਰੱਖਿਆ ਕਰੋ।

ਗੁਰੂ ਜੀ -ਰਾਖਾ ਉਹ ਆਪ ਹੈ ਜਿਸ ਨੇ ਤੁਸਾਨੂੰ ਸਾਨੂੰ ਸਾਜਿਆ ਹੈ, ਫਿਕਰ ਨਾ ਕਰੋ।

ਲੋਕ – ਅਸਾਂ ਵਿਗਾੜਿਆ ਕੁਛ ਨਹੀਂ ਸੀ।

ਮਰਦਾਨਾ – ਗੱਲ ਕਿਵੇਂ ਹੋਈ ਹੈ?

ਲੋਕਾਂ ਵਿਚੋਂ ਇਕ – ਜੀਉ! ਇਥੇ ਇਕ ਆਦਮੀ ਵਡਹਰੇ ਜ਼ਾਤ ਦਾ ਖੱਤਰੀ ਹੈ, ਉਸ ਦੇ ਘਰ ਉਲਾਦ ਨਹੀਂ ਸੀ। ਬਹੁਤ ਚਿਰ ਉਹ ਤੇ ਉਸ ਦੀ ਵਹੁਟੀ ਪੀਰ ਜੀ ਨੂੰ ਮਿਲਦੇ ਤੇ ਸੇਵਾ ਪੂਜਾ ਕਰਦੇ ਰਹੇ ਹਨ ਤੇ ਉਲਾਦ ਦੀ ਮੰਗ-ਮੰਗਦੇ ਰਹੇ ਹਨ। ਇਕ ਦਿਨ ਪੀਰ ਨੇ ਵਰ ਦਿਤਾ ਕਿ ਤੁਹਾਡੇ ਘਰ ਉਲਾਦ ਹੋ ਜਾਏਗੀ ਪਰ ਪਹਿਲਾ ਫਲ ਮੈਨੂੰ ਦੇਣਾ। ਇਹ ਮੰਨਤ ਖੱਤਰੀ ਨੇ, ਜਿਸ ਦਾ ਨਾਉਂ ਗੀਗਾ ਕਰਕੇ ਸੱਦਦੇ ਸਨ, ਮੰਨ ਲਈ। ਕੁਦਰਤ ਐਸੀ ਵਰਤੀ ਕਿ ਉਸ ਦੇ ਤਿੰਨ ਪੁੱਤਰ ਜੰਮੇ, ਸੋ ਜਦ ਕੁਛ ਸਿਆਣੇ ਹੋ ਗਏ ਤਾਂ ਪੀਰ ਜੀ ਨੇ ਆਪਣੀ ਮੰਨਤ ਦੀ ਮੰਗ ਕੀਤੀ। ਗੀਗੇ ਹੁਰੀਂ ਲੱਗੇ ਆਲੇ-ਟੋਲੇ ਕਰਨ। ਆਲੇ-ਟੋਲੇ ਕਰਦਿਆਂ ਆਹ ਦਿਨ ਆ ਗਏ। ਅਖੀਰ ਅੱਜ ਪੰਝੀ ਦਿਨ ਹੋਏ ਹਨ ਤਾਂ ਗੀਗਾ ਸਿਰੋਂ ਹੀ ਮੁੱਕਰ ਗਿਆ ਤੇ ਪੀਰ ਜੀ ਨੂੰ ਕਹਿ ਦਿਤਾ ਕਿ ਮੈਂ ਆਪਣਾ ਬੱਚਾ ਨਹੀਂ ਦੇਣਾ, ਤੁਸੀਂ ਜੋ ਮਰਜ਼ੀ ਜੇ ਕਰ ਲਓ।

ਮਰਦਾਨਾ – ਬਈ ਸੱਜਣੋਂ! ਇਹ ਗੀਗਾ, ਜੇ ਇਕਰਾਰ ਕਰ ਚੁੱਕਾ ਸੀ ਤਾਂ ਕੌਲੋਂ ਕਿਉਂ ਹਾਰਿਆ? ਭੁੱਲ ਬੀ ਕੀਤੀ ਸੀ ਤਾਂ ਮਰਦਾਂ ਦਾ ਸੁਖਨ ਤਾਂ ਮਰਦ ਦੇ ਨਾਲ ਨਿਭੇ ਨਾ।

*'ਚਲਦਾ........।'*

# (ਸਾਹਿਬ) ਸ੍ਰੀ ਗੁਰੂ ਅੰਗਦ (ਦੇਵ ਜੀ) ਦਰਸ਼ਨ

*ਕ੍ਰਿਤ - ਪੂਰਨ ਸਿੰਘ*

## ਸ੍ਰੀ ਗੁਰੂ ਨਾਨਕ ਦੀ ਯਾਤਰਾ ਦਾ ਨਵਾਂ ਸਰੂਪ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਕਾਲ ਦੇ ਕਰਤਾਰਪੁਰ ਵਿਚ ਗੁਜ਼ਾਰੇ ਆਖਰੀ ਦਿਨ, ਉਨ੍ਹਾਂ ਦੇ ਸਪੁੱਤਰਾਂ ਵਲੋਂ, ਉਨ੍ਹਾਂ ਦੇ ਪਿਆਰੇ ਸੇਵਕ ਸ੍ਰੀ ਅੰਗਦ ਦੇਵ ਜੀ ਨਾਲ ਧਾਰੇ ਰਵੱਈਏ ਕਾਰਣ, ਕਸੈਲੇ ਬਣ ਗਏ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਧਿਆਤਮਕ ਗੁਰੂ ਦੇ ਨਾਤੇ ਆਪਣਾ ਪ੍ਰੇਮ ਆਪਣੇ ਸਭ ਤੋਂ ਵਧੀਕ ਪਿਆਰੇ ਸਿੱਖ ਨੂੰ ਬਖਸ਼ ਦਿਤਾ। ਜਿਸ ਕਾਰਨ ਪਰਿਵਾਰ ਵਿਚ ਪੈਦਾ ਹੋਈ ਈਰਖਾ ਦੀ ਭਾਵਨਾ ਨੇ ਉਸੇ ਤਰ੍ਹਾਂ ਦੀ ਗ਼ਲਤ ਭਾਵਨਾ ਪੈਦਾ ਕਰ ਦਿਤੀ ਜਿਸ ਦਾ ਜ਼ਿਕਰ ਗੈਲਟੀ ਦੇ ਜਾਗਰਣ (awakening of Galatea) ਨਾਂ ਦੀ ਕਥਾ ਵਿਚ ਮਿਲਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਹਿਲਾਂ ਹੀ ਸਾਹਿਬ ਸ੍ਰੀ ਅੰਗਦ ਦੇਵ ਜੀ ਨੂੰ ਕਰਤਾਰਪੁਰ ਰਹਿਣ ਤੋਂ ਵਰਜ ਦਿਤਾ ਸੀ ਅਤੇ ਆਪਣੇ ਉਸ ਪਿਆਰੇ ਸੇਵਕ ਨੂੰ, ਜਿਸ ਦਾ ਮਨ ਹਜ਼ੂਰੀ ਦਰਸ਼ਨ ਨਾਲ ਸਦਾ ਨਿਹਾਲ ਹੁੰਦਾ ਸੀ, ਆਪਣੇ ਪਿੰਡ ਖਡੂਰ ਜਾ ਕੇ ਰਹਿਣ ਲਈ ਹੁਕਮ ਕੀਤਾ। ਇਸ ਤੋਂ ਪਿੱਛੋਂ ਕਦੀ-ਕਦਾਈ ਸ੍ਰੀ ਗੁਰੂ ਨਾਨਕ ਦੇਵ ਜੀ, ਆਪ ਹੀ ਆਪਣੇ ਪਿਆਰੇ ਸੇਵਕ ਨੂੰ ਮਿਲਣ ਖਡੂਰ ਜਾਂਦੇ ਰਹੇ। ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ, ਨਵੇਂ ਸਰੂਪ ਵਿਚ ਯਾਤਰਾ ਸੀ।

## ਪ੍ਰੇਮ ਦਾ ਮਹਾਂ ਅਨੰਦ

ਇਕ ਦਿਨ ਜਦੋਂ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਖਡੂਰ ਤੋਂ ਕਰਤਾਰਪੁਰ ਲਈ ਵਿਦਾ ਕਰਨ ਆਏ ਤੇ ਉਨ੍ਹਾਂ ਦੇ ਪਿੱਛੇ-ਪਿੱਛੇ ਚੋਖਾ ਪੈਂਡਾ ਦੂਰ ਤਕ ਆ ਗਏ, ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਚਨ ਕੀਤਾ ਕਿ ਉਹ ਅੱਗੇ ਨਾ ਆਉਣ ਤੇ ਉਨ੍ਹਾਂ ਦੇ ਦੁਬਾਰਾ ਆਉਣ ਤਕ ਉਡੀਕ ਕਰਨ। ਸ੍ਰੀ ਗੁਰੂ ਅੰਗਦ ਦੇਵ ਜੀ ਖੜ੍ਹੇ ਹੋ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਿੱਠ ਵੱਲ ਵੇਖ ਰਹੇ ਸਨ ਜੋ ਹੁਣ ਸਹਿਜੇ-ਸਹਿਜੇ ਕਰਤਾਰਪੁਰ ਨੂੰ ਤੁਰੇ ਜਾਂਦੇ ਸਨ ਅਤੇ ਕਦੀ-ਕਦੀ ਮੁੜ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਵਲ ਭੀ ਵੇਖ ਲੈਂਦੇ ਸਨ। ਜਦੋਂ ਉਨ੍ਹਾਂ ਦਾ ਪ੍ਰਕਾਸ਼ਮਈ ਆਕਾਰ ਅਲੋਪ ਹੋ ਗਿਆ ਤਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਸ ਨੂੰ ਆਪਣੇ ਅੰਤਰ ਆਤਮੇ ਪ੍ਰਵੇਸ਼ ਕਰਦਾ ਪ੍ਰਤੀਤ ਕੀਤਾ। ਉਹ ਖੁਸ਼ੀ ਤੇ ਵਿਸਮਾਦ ਨੂੰ ਅਨੁਭਵ ਕਰਕੇ ਬੇਖੁਦ ਹੋ ਗਏ। ਉਥੇ ਹੀ ਧਿਆਨ ਮਗਨ, ਸੜਕ ਕੰਢੇ ਆਸਣ ਜਮਾ ਬੈਠੇ। ਆਪਣੇ ਹਿਰਦੇ ਵਿਚ ਬਿਰਾਜਮਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰਹੱਸਮਈ ਸਰੂਪ ਨੂੰ ਉਹ ਆਪਣੇ ਅਰਧ-ਮੁੰਦੇ ਨੈਣਾਂ ਨਾਲ ਨਿਹਾਰ ਰਹੇ ਸਨ। ਉਨ੍ਹਾਂ ਦੀ ਆਤਮਾ ਗੁਰੂ ਆਤਮਾ ਵਿਚ ਅਭੇਦ ਸੁੱਤੀ ਪਈ ਸੀ। ਮਹਾਂ ਅਨੰਦ ਦੀ ਇਸ ਸਮਾਧੀ ਵਿਚ ਕਈ ਦਿਨ ਬੀਤ ਗਏ। ਉਨ੍ਹਾਂ ਦੇ ਕੇਸਾਂ ਤੇ ਧੂੜ ਜੰਮ ਗਈ, ਹਰੇ ਘਾਹ ਦੀਆਂ ਤਿੜਾਂ ਨੇ ਉਨ੍ਹਾਂ ਦੇ ਪਬਾਂ ਨੂੰ ਜਕੜ ਲਿਆ। ਸ੍ਰੀ ਗੁਰੂ ਅੰਗਦ ਦੇਵ ਜੀ ਸਮਾਧੀ ਦੀ ਅਵਸਥਾ ਵਿਚ ਧਿਆਨ ਮੂਰਤੀ ਬਣੇ ਬੈਠੇ ਸਨ, ਮੁੰਦੇ ਨੈਣਾਂ ਵਿਚੋਂ ਅੰਮ੍ਰਿਤ ਮੋਤੀ ਛਮਾ-ਛਮ ਵਹਿ ਰਹੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਰਤਾਰਪੁਰ ਤੋਂ ਕਾਹਲੀ-ਕਾਹਲੀ ਹੀ ਵਾਪਸ ਪਰਤਣਾ ਪਿਆ ਤਾਂ ਜੋ ਉਹ ਸੜਕ ਕੰਢੇ ਬੈਠੇ ਆਪਣੇ ਮਹਾਨ ਪ੍ਰੇਮੀ ਤੇ ਰੱਬੀ ਪਿਆਰੇ ਨੂੰ ਵੇਖ ਸਕਣ। ਗੁਰੂ ਜੀ ਨੇ ਉਨ੍ਹਾਂ ਨੂੰ ਛਾਤੀ ਨਾਲ ਲਾ ਲਿਆ। ਇਹ ਰੱਬ ਦੀ ਮਨੁੱਖ ਨਾਲ ਪਾਈ ਗਲਵੱਕੜੀ ਸੀ। ਦੋਹਾਂ ਪ੍ਰੇਮੀਆਂ ਦੀ ਅਜਿਹੀ ਪਵਿੱਤਰ ਤੇ ਰਹੱਸ ਪੂਰਨ ਮਿਲਣੀ ਰਾਹੀਂ ਆਤਮਿਕ ਜੀਵਨ, ਹਜ਼ਾਰਾਂ ਚਮਕਦੀਆਂ ਨਦੀਆਂ ਵਿਚ ਵਹਿੰਦਾ ਹੋਇਆ ਲੋਕਾਂ ਦੀਆਂ ਰੂਹਾਂ ਤਕ ਪੁੱਜ ਗਿਆ।

## ਸ੍ਰੀ ਗੁਰੂ ਅੰਗਦ ਦੇਵ ਜੀ ਸੜਕ-ਕੰਢੇ

ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਮਾਤ ਲੋਕ ਨੂੰ ਛੱਡ ਕੇ ਆਪਣੇ ਅਸਲ ਕਰਤਾਰਪੁਰ ਨੂੰ ਸਿਧਾਰੇ ਤਾਂ ਸ੍ਰੀ ਗੁਰੂ ਅੰਗਦ ਦੇਵ ਜੀ ਇਕ ਵਾਰ ਮੁੜ ਉਸੇ ਤਰ੍ਹਾਂ ਸੜਕ ਦੇ ਕੰਢੇ ਇਕੱਲੇ ਰਹਿ ਗਏ, ਜਿਵੇਂ ਪਹਿਲਾਂ ਉਸ ਸਮੇਂ ਸ੍ਰੀ ਗੁਰੂ ਜੀ ਨੇ ਆਪ ਉਨ੍ਹਾਂ ਨੂੰ ਬੋਧ ਕਰਵਾਇਆ ਸੀ ਕਿ ਧਿਆਨ ਵਿਚ ਜੁੜ ਕੇ ਕਿਸ ਪ੍ਰਕਾਰ ਸਰੀਰਕ ਵਿਛੋੜੇ ਨੂੰ ਝੱਲਿਆ ਜਾ ਸਕਦਾ ਹੈ। ਪਰ, ਸ੍ਰੀ ਗੁਰੂ ਅੰਗਦ ਦੇਵ ਜੀ ਉੱਤੇ ਬਹੁਤ ਡੂੰਘਾ ਅਸਰ ਹੋਇਆ ਸੀ। ਉਨ੍ਹਾਂ ਨੇ ਆਪਣੇ ਇਕ ਗਰੀਬੜੇ ਜਿਹੇ ਸੇਵਕ ਦੇ, ਨਿੱਕੇ ਜਿਹੇ ਕੋਠੇ ਨੂੰ ਢੂੰਡ ਲਿਆ। ਅੰਦਰ ਜਾ ਕੇ ਉਸ ਦੇ ਦਰਵਾਜ਼ੇ ਬੰਦ ਕਰ ਦਿਤੇ। ਅੱਖਾਂ ਮੁੰਦ ਲਈਆਂ, ਤਾਂ ਜੋ ਉਹ

ਹੋਰ ਕੁਝ ਵੀ ਨਾ ਵੇਖ ਸਕਣ। ਉਨ੍ਹਾਂ ਦੀ ਆਤਮਾ ਕੂੰਜ ਵਾਂਗ ਅਧ ਅਕਾਸ਼ੀ ਉਡ ਕੇ ਆਪਣੇ ਵਿਛੜ ਚੁੱਕੇ, ਉਸ ਪ੍ਰੀਤਮ ਲਈ ਕੁਰਲਾ ਰਹੀ ਸੀ ਜੋ ਗਗਨ ਮੰਡਲ ਦੀਆਂ ਹੱਦਾਂ ਨੂੰ ਪਾਰ ਕਰ ਚੁੱਕਾ ਸੀ। ਮਹੀਨੇ ਬੀਤ ਗਏ, ਕਿਸੇ ਨੂੰ ਪਤਾ ਨਾ ਲੱਗੇ ਕਿ ਲੋਕਾਂ ਦਾ ਗੁਰੂ ਅੰਗਦ ਦੇਵ ਜੀ ਕਿਥੇ ਹੈ। ਗੁਰੂ ਦੇ ਦਰਸ਼ਨਾਂ ਦੇ ਭੁੱਖੇ ਤੇ ਵਿਆਕੁਲ ਦਰਸ ਪਿਆਸੇ ਲੋਕਾਂ ਦੀਆਂ ਵਹੀਰਾਂ, ਪਿੰਡਾਂ ਵਿਚ ਇਧਰ ਉਧਰ ਭਾਲ ਕਰ ਰਹੀਆਂ ਸਨ। ਆਖਰ ਬਾਬਾ ਬੁੱਢਾ ਜੀ ਨੇ ਗੁਰੂ ਜੀ ਦੀ ਪ੍ਰੇਮ ਸਮਾਧੀ ਨੂੰ ਭੰਗ ਕੀਤਾ ਤੇ ਬੇਨਤੀ ਕੀਤੀ ਕਿ ਉਹ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰਨ। ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪਹਿਲਾ ਵਾਕ ਇਹ ਸੀ –

*ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥*
*ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥ ਅੰਗ – ੮੩*

ਉਨ੍ਹਾਂ ਨੇ ਫਿਰ ਕਿਹਾ –

*ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਦੀਜੈ ਡਾਰਿ ॥*
*ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ*
*ਸੋ ਪਿੰਜਰੁ ਲੈ ਜਾਰਿ ॥ ਅੰਗ – ੮੯*

ਦੂਜੇ ਗੁਰੂ ਨਾਨਕ, ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਹੁਤ ਥੋੜ੍ਹੀ ਬਾਣੀ ਪ੍ਰਾਪਤ ਹੈ, ਪਰ ਜਿਹੜੇ ਥੋੜ੍ਹੇ ਜਿਹੇ ਸਲੋਕ ਮਿਲਦੇ ਹਨ ਉਹ ਸੰਜਮ ਤੇ ਪ੍ਰੇਮ ਦੀ ਤੀਬਰਤਾ ਤੇ ਗੂੜ੍ਹੇ ਰੰਗ ਵਿਚ ਉਸ ਤਰ੍ਹਾਂ ਰੰਗੇ ਹੋਏ ਹਨ ਜਿਵੇਂ ਉਨ੍ਹਾਂ ਦੇ ਇਕਾਂਤ ਵਾਸ ਵਿਚੋਂ ਬਾਹਰ ਆਉਣ ਸਮੇਂ ਦੇ ਉਚਾਰੇ ਹੋਏ 'ਸ਼ਬਦ' –

*ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ ॥*
*ਏਨੀ ਜਲੀਈਂ ਨਾਮੁ ਵਿਸਾਰਿਆ*
*ਇਕ ਨ ਚਲੀਆ ਨਾਲਿ॥ ਅੰਗ – ੧੨੯੦*

*ਨਾਨਕ ਤਿਨਾ ਬਸੰਤੁ ਹੈ ਜਿਨ੍ ਘਰਿ ਵਸਿਆ ਕੰਤੁ ॥*
*ਜਿਨ ਕੇ ਕੰਤ ਦਿਸਾਪੁਰੀ*
*ਸੇ ਅਹਿਨਿਸਿ ਫਿਰਹਿ ਜਲੰਤ ॥ ਅੰਗ – ੭੯੧*

*ਪਹਿਲ ਬਸੰਤੈ ਆਗਮਨਿ ਤਿਸ ਕਾ ਕਰਹੁ ਬੀਚਾਰੁ ॥*
*ਨਾਨਕ ਸੋ ਸਾਲਾਹੀਐ ਜਿ ਸਭਸੈ ਦੇ ਆਧਾਰੁ ॥*
*ਅੰਗ – ੭੯੧*

*ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥*
*ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ*
*ਅਵਰ ਨ ਕੁੰਜੀ ਹਥਿ ॥ ਅੰਗ – ੧੨੩੭*

*ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥*
*ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥ ਅੰਗ – ੯੫੪*

*ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ ॥*
*ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ ॥*
*ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ ॥*
*ਤਿਨ੍ਹੀ ਪੀਤਾ ਰੰਗ ਸਿਉ*
*ਜਿਨ੍ ਕਉ ਲਿਖਿਆ ਆਦਿ ॥ ਅੰਗ – ੧੨੩੮*

*ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ ॥*
*ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ ॥*
*ਅੰਗ – ੪੬੩*

*ਸਾਵਣੁ ਆਇਆ ਹੇ ਸਖੀ ਕੰਤੈ ਚਿਤਿ ਕਰੇਹੁ ॥*
*ਨਾਨਕ ਝੂਰਿ ਮਰਹਿ ਦੋਹਾਗਣੀ*
*ਜਿਨ੍ ਅਵਰੀ ਲਾਗਾ ਨੇਹੁ ॥ ੧ ॥*
*ਮਃ ੨ ॥ ਸਾਵਣੁ ਆਇਆ ਹੇ ਸਖੀ*
*ਜਲਹਰੁ ਬਰਸਨਹਾਰੁ ॥*
*ਨਾਨਕ ਸੁਖਿ ਸਵਨੁ ਸੋਹਾਗਣੀ*
*ਜਿਨ੍ ਸਹ ਨਾਲਿ ਪਿਆਰੁ ॥ ਅੰਗ – ੧੨੮੦*

*ਤਿਸੁ ਸਿਉ ਕੈਸਾ ਬੋਲਣਾ ਜਿ ਆਪੇ ਜਾਣੈ ਜਾਣੁ ॥*
*ਚੀਰੀ ਜਾ ਕੀ ਨਾ ਫਿਰੈ ਸਾਹਿਬੁ ਸੋ ਪਰਵਾਣੁ ॥*
*ਚੀਰੀ ਜਿਸ ਕੀ ਚਲਣਾ ਮੀਰ ਮਲਕ ਸਲਾਰ ॥*
*ਜੋ ਤਿਸੁ ਭਾਵੈ ਨਾਨਕਾ ਸਾਈ ਭਲੀ ਕਾਰ ॥*
*ਜਿਨ੍ਹਾ ਚੀਰੀ ਚਲਣਾ ਹਥਿ ਤਿਨ੍ਹਾ ਕਿਛੁ ਨਾਹੀ ॥*
*ਸਾਹਿਬ ਕਾ ਫੁਰਮਾਣੁ ਹੋਇ ਉਠੀ ਕਰਲੈ ਪਾਹਿ ॥*
*ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥*
*ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥ ੧ ॥*
*ਮਹਲਾ ੨ ॥*
*ਸਿਫਤਿ ਜਿਨਾ ਕਉ ਬਖਸੀਐ ਸੇਈ ਪੋਤੇਦਾਰ ॥*
*ਕੁੰਜੀ ਜਿਨ ਕਉ ਦਿਤੀਆ ਤਿਨ੍ਹਾ ਮਿਲੇ ਭੰਡਾਰ ॥*
*ਜਹ ਭੰਡਾਰੀ ਹੂ ਗੁਣ ਨਿਕਲਹਿ ਤੇ ਕੀਅਹਿ ਪਰਵਾਣੁ ॥*
*ਨਦਰਿ ਤਿਨ੍ਹਾ ਕਉ ਨਾਨਕਾ ਨਾਮੁ ਜਿਨ੍ਹਾ ਨੀਸਾਣੁ ॥*
*ਅੰਗ – ੧੨੩੯*

ਜਦੋਂ ਸ੍ਰੀ ਗੁਰੂ ਅੰਗਦ ਦੇਵ ਜੀ ਇਕਾਂਤ ਵਾਸ ਛੱਡ ਕੇ ਸੰਗਤਾਂ ਵਿਚ ਆਏ ਤਾਂ (ਇਹ ਲਿਖਿਆ ਹੋਇਆ ਮਿਲਦਾ ਹੈ) ਸੇਵਕਾਂ ਨੂੰ ਉਨ੍ਹਾਂ ਕੋਲੋਂ ਉਹੀ ਸੁਗੰਧੀ, ਉਹੀ ਨੂਰੀ ਝਲਕ ਤੇ ਪ੍ਰੇਮ ਬਾਣੀ ਦੇ ਮਿੱਠੇ ਬਚਨ ਮਿਲੇ, ਜਿਹੜੇ ਉਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਕੋਲੋਂ ਪ੍ਰਾਪਤ ਹੁੰਦੇ ਸਨ।

ਸ੍ਰੀ ਗੁਰੂ ਨਾਨਕ ਸਾਹਿਬ ਦੇ ਅੰਗਾਂ 'ਚੋਂ ਜਨਮ ਧਾਰ ਕੇ, ਸੰਪੂਰਨ ਮਨੁੱਖ ਹੋਂਦ ਵਿਚ ਆਇਆ। ਉਸ ਦੇ ਨੈਣਾਂ ਵਿਚੋਂ ਅੱਖਾਂ ਜੋਤੀ ਪ੍ਰਾਪਤ ਕਰਦੀਆਂ ਤੇ ਅਦ੍ਰਿਸ਼ਟ ਦੇ ਦੀਦਾਰ ਕਰਦੀਆਂ ਹਨ। ਉਸ ਦੀਆਂ ਮੁਸਕਣੀਆਂ ਥੱਲੇ, ਲੱਖਾਂ ਦਿਲ ਭਰੋਸੇ ਤੇ ਅਰਦਾਸ ਵਿਚ ਧੜਕਦੇ ਹਨ, ਉਸ ਦੀ ਮੁਸਕਾਨ ਦੂਜੇ ਜਹਾਨਾਂ

ਦੇ ਰਹੱਸਾਂ ਨੂੰ ਖੋਲ੍ਹਦੀ ਹੈ ਅਤੇ ਉਸ ਦੇ ਭਾਵਾਂ ਦੀਆਂ ਰਿਸ਼ਮਾਂ ਤੋਂ ਸੂਰਜਾਂ ਨੂੰ ਰੋਸ਼ਨੀ ਮਿਲਦੀ ਹੈ। ਸਮੱਸਤ ਸ੍ਰਿਸ਼ਟੀ ਆਪਣੀ ਅਸਲੀ ਖੁਲ੍ਹ, ਅਨੰਦ ਤੇ ਸ਼ਾਂਤੀ ਵਿਚ ਖੇਡਾਂ ਰਚਾਉਂਦੀ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਆਪਣੇ ਗੁਰੂ ਦੀ ਬਾਣੀ ਦਾ ਕੀਰਤਨ ਕਰਦੇ ਹਨ ਜਿਹੜੀ ਕਿ ਹਰ ਨਰ, ਨਾਰੀ ਤੇ ਬੱਚੇ ਨੂੰ ਰੂਹਾਨੀ ਜੀਵਨ ਬਖਸ਼ਦੀ ਹੈ। ਆਪਣੀ ਨਿੱਤ ਦੀ ਉਪਜੀਵਕਾ ਲਈ ਉਹ ਪੰਜਾਬ ਦਾ ਮੋਟਾ ਵਾਣ ਵੱਟ ਕੇ ਮੁੜ੍ਹਕਾ ਵਹਾਉਂਦੇ ਹਨ ਤੇ ਗਾਉਂਦੇ ਹਨ।

## ਸ੍ਰੀ ਗੁਰੂ ਅੰਗਦ ਦੇਵ ਜੀ ਦੇ ਬਾਲ ਸਖਾਈ

ਛੋਟੇ ਬੱਚੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਬਾਲ ਸਖਾਈ ਤੇ ਹਮਜੋਲੀ ਸਨ। ਉਹ ਸੰਗਤਾਂ ਨੂੰ ਅਟੱਲ ਸਚਾਈਆਂ ਦ੍ਰਿੜ੍ਹਾਉਣ ਲਈ ਬੱਚਿਆਂ ਦੇ ਜੀਵਨ ਤੋਂ ਪ੍ਰਸੰਗ ਲੈ ਲੈਂਦੇ ਸਨ। ਉਨ੍ਹਾਂ ਦੀ ਇਕ ਹੋਰ ਦਿਲਚਸਪੀ ਬਾਲ-ਵਿੱਦਿਆ ਸੀ। ਉਨ੍ਹਾਂ ਨੇ ਆਪਣੇ ਦੁਆਲੇ ਬੱਚਿਆਂ ਨੂੰ ਸਿੱਖਿਆ ਦੇਣ ਲਈ ਸਕੂਲ ਜੋੜ ਲਿਆ ਅਤੇ ਪੁਰਾਤਨ ਅੱਖਰਾਂ ਨੂੰ ਸੁਖੈਨ ਕਰਕੇ ਨਵੀਂ ਵਰਣ-ਮਾਲਾ ਬਣਾਈ ਜਿਸ ਨੂੰ ਗੁਰਮੁਖੀ 'ਗੁਰੂ ਦੇ ਮੁਖ ਤੋਂ ਉਚਾਰੀ ਹੋਈ' ਕਿਹਾ ਜਾਂਦਾ ਹੈ।

## ਸ੍ਰੀ ਗੁਰੂ ਅੰਗਦ ਦੇਵ ਜੀ ਤੇ ਸੰਗਤ

ਆਮ ਲੋਕ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਬੜਾ ਸਤਿਕਾਰ ਕਰਦੇ ਸਨ। ਸੰਗਤਾਂ ਨੂੰ ਉਹ ਪਵਿੱਤਰ ਸਮਝਦੇ ਸਨ। ਇਕ ਦਿਨ ਉਨ੍ਹਾਂ ਦੇ ਰਬਾਬੀਆਂ ਨੇ ਉਨ੍ਹਾਂ ਦੇ ਸੇਵਕਾਂ ਨੂੰ ਕੀਰਤਨ ਸੁਣਾਉਣ ਤੋਂ ਇਹ ਕਹਿ ਕੇ ਇਨਕਾਰ ਕਰ ਦਿਤਾ ਕਿ ਉਹ ਤਾਂ ਕੇਵਲ ਗੁਰੂ ਘਰ ਦੀ ਸੇਵਾ ਲਈ ਹੀ ਹਨ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਨ੍ਹਾਂ ਨੂੰ ਸੇਵਾ ਤੋਂ ਤੁਰੰਤ ਹਟਾ ਦਿਤਾ ਅਤੇ ਕਿਹਾ ਕਿ ਜੇ ਉਹ ਏਨੇ ਅਭਿਮਾਨੀ ਹੋ ਗਏ ਹਨ ਤਾਂ ਮੇਰੇ ਮੱਥੇ ਨਾ ਲੱਗਣ। ਜਦੋਂ ਇਨ੍ਹਾਂ ਰਬਾਬੀਆਂ ਨੇ ਸੰਗਤਾਂ ਤੋਂ ਮਾਫੀ ਮੰਗ ਲਈ ਤਦੋਂ ਸੰਗਤਾਂ ਦੀ ਬੇਨਤੀ ਕਰਨ ਉੱਤੇ ਹੀ ਗੁਰੂ ਘਰ ਵਿਚ ਉਨ੍ਹਾਂ ਨੂੰ ਮੁੜ ਢੋਈ ਮਿਲ ਸਕੀ।

## ਦੀਪਕ ਗਿਰਦੇ ਪਤੰਗੇ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਥਾਪਿਤ ਕੀਤਾ ਲੰਗਰ, ਸ੍ਰੀ ਗੁਰੂ ਅੰਗਦ ਦੇਵ ਜੀ ਨੇ ਭੀ ਜਾਰੀ ਰੱਖਿਆ। ਸਾਰੀ ਸੰਗਤ ਨਵੇਂ ਗੁਰੂ ਜੀ ਦੀ ਹਜ਼ੂਰੀ ਵਿਚ ਪੁੱਜਦੀ। ਕਈਆਂ ਨੂੰ ਅਰੋਗਤਾ, ਕਈਆਂ ਨੂੰ ਵਰਦਾਨ ਅਤੇ ਕਈ ਹੋਰਾਂ ਨੂੰ ਸਿੱਖੀ ਦਾਨ ਪ੍ਰਾਪਤ ਹੁੰਦਾ। ਜੇ ਕੋਈ ਗੁਰੂ ਘਰ ਵਿਚ ਇਕ ਵਾਰ ਆ ਜਾਂਦਾ ਉਹ ਗੁਰੂ ਜੀ ਦੀ ਮੋਹ ਲੈਣ ਵਾਲੀ ਸ਼ਖਸੀਅਤ ਨਾਲ ਸਦਾ ਲਈ ਬੱਝ ਜਾਂਦਾ। ਜਿਵੇਂ ਹਨ੍ਹੇਰੇ ਵਿਚ ਜਗ ਰਹੇ ਦੀਪਕ ਉੱਪਰ ਪਰਵਾਨੇ ਆ ਇਕੱਠੇ ਹੁੰਦੇ ਹਨ ਤਿਵੇਂ ਸੰਗਤ, ਸ੍ਰੀ ਗੁਰੂ ਅੰਗਦ ਦੇਵ ਜੀ ਕੋਲ ਆ ਜੁੜਦੀ।

## ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਕਤੀ

ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਸੁਤੇ ਪ੍ਰਕਾਸ਼ੀ ਜੀਵਨ ਚੰਗਿਆੜੀਆਂ ਉਠਦੀਆਂ ਤੇ ਲੋਕਾਂ ਦੀ ਸਮੁੱਚੀ ਆਤਮਾ ਉਨ੍ਹਾਂ ਤੋਂ ਲਟ-ਲਟ ਬਲ ਉਠਦੀ। ਉਨ੍ਹਾਂ ਦੀ ਸਿਰਜਨ ਸ਼ਕਤੀ ਦਾ ਇਹ ਕਮਾਲ ਸੀ ਕਿ ਉਨ੍ਹਾਂ ਦੀ ਹਜ਼ੂਰੀ ਵਿਚ ਮੁਰਦੇ ਵੀ ਜੀ ਉਠਦੇ ਸਨ। ਉਹ ਅਦ੍ਰਿਸ਼ਟ ਰੂਪ ਵਿਚ ਕੰਮ ਕਰਦੇ ਸਨ ਅਤੇ ਸੰਗਤਾਂ ਦੇ ਦਿਲਾਂ ਵਿਚ ਪੂਰੀ ਤਰ੍ਹਾਂ ਵੱਸੇ ਹੋਏ ਸਨ।

## ਸ੍ਰੀ ਗੁਰੂ ਅੰਗਦ ਦੇਵ ਜੀ ਤੇ ਸ਼ਹਿਨਸ਼ਾਹ ਹਮਾਯੂੰ

ਬਾਬਰ ਦੇ ਸਮੇਂ ਤੋਂ ਹੀ ਸ਼ਾਹੀ ਖਾਨਦਾਨ ਦਾ ਲਗਾਓ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਨਾਲ ਜੁੜਿਆ ਰਿਹਾ ਅਤੇ ਪਹਿਲੀ ਪਾਤਸ਼ਾਹੀ ਤੋਂ ਪਿੱਛੋਂ ਵੀ ਜਿੰਨਾ ਚਿਰ ਤਕ ਇਸ ਬੰਸ ਨੇ ਭਾਰਤ ਵਿਚ ਰਾਜ ਕੀਤਾ, ਇਹ ਸੰਪਰਕ ਸਥਾਪਿਤ ਰਿਹਾ। ਇਹ ਲਗਾਓ ਮੁਸਲਮਾਨ ਲੋਕਾਂ ਵਿਚ ਆਮ-ਪ੍ਰਚਲਿਤ ਦਰਵੇਸ਼-ਪੂਜਾ ਕਰਕੇ ਸੀ ਕਿਉਂਕਿ ਉਨ੍ਹਾਂ ਦਾ ਵਿਸ਼ਵਾਸ਼ ਸੀ ਕਿ ਫਕੀਰ ਲੋਕ ਆਪਣੀ ਦੁਆ ਨਾਲ ਵੱਡੇ-ਵੱਡੇ ਸੰਕਟ ਟਾਲ ਦਿੰਦੇ ਹਨ।

ਹਮਾਯੂੰ, ਸ਼ੇਰ ਸ਼ਾਹ ਤੋਂ ਹਾਰ ਗਿਆ ਸੀ। ਉਹ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਤੋਂ ਤਖਤ ਵਾਪਸੀ ਲਈ ਵਰ ਮੰਗਣ ਆਇਆ। ਗੁਰੂ ਜੀ ਬੱਚਿਆਂ ਨਾਲ ਖੇਡ ਵਿਚ ਮਸਤ ਸਨ। ਉਨ੍ਹਾਂ ਨੇ ਹਮਾਯੂੰ ਦੀ ਕੋਈ ਪਰਵਾਹ ਨਾ ਕੀਤੀ। ਕੰਗਲਿਆਂ ਵਾਂਗ ਹੋਏ ਨਿਰਾਦਰ ਕਾਰਣ ਹਮਾਯੂੰ ਕ੍ਰੋਧ ਵਿਚ ਆ ਗਿਆ, ਉਸ ਨੇ ਆਪਣੀ ਤਲਵਾਰ ਦੇ ਕਬਜ਼ੇ ਨੂੰ ਹੱਥ ਪਾਇਆ, ਪਰ ਤਲਵਾਰ ਨਾ ਨਿਕਲੀ ਅਤੇ ਉਸ ਦੀ ਸ਼ਕਤੀ ਜੁਆਬ ਦੇ ਗਈ। ਇਸ ਉੱਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਮੁਸਕਰਾਉਂਦਿਆਂ ਉਸ ਵੱਲ ਵੇਖਿਆ ਤੇ ਬਚਨ ਕੀਤਾ, 'ਸ਼ੇਰ ਸ਼ਾਹ ਤੋਂ ਮਾਰ ਖਾ ਕੇ, ਹੁਣ ਫਕੀਰਾਂ ਉੱਤੇ ਤਲਵਾਰ ਚੁੱਕਣੀ, ਸ਼ੋਭਾ ਨਹੀਂ ਦਿੰਦੀ। ਆਪਣੇ ਤਖ਼ਤ ਨੂੰ ਪ੍ਰਾਪਤ ਕਰਨ ਤੋਂ ਪਹਿਲਾਂ ਚੰਗਾ ਹੈ ਕਿ ਆਪਣੇ ਵਤਨ ਵਾਪਸ ਪਰਤ ਜਾਓ।

*'ਚਲਦਾ......।'*

# ਜਨ ਪਰਉਪਕਾਰੀ ਆਏ

## (ਸਚਖੰਡ ਵਾਸੀ ਪਿਆਰੇ ਮਹਾਂਪੁਰਸ਼ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ)

*ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ-50)*

### ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਬਚਪਨ ਵਿਚ ਮਿਲਣੀ

ਹਾਲੇ ਆਪ ਜੀ (ਸੰਤ ਵਰਿਆਮ ਸਿੰਘ ਜੀ) ਅੱਠਵੀਂ ਜਮਾਤ ਵਿਚ ਹੀ ਪੜ੍ਹਦੇ ਸੀ ਤਾਂ ਮਹਾਂਪੁਰਸ਼ ਭਾਈ ਰਣਧੀਰ ਸਿੰਘ ਜੀ ਬਾਰੇ ਸੁਣਿਆ ਕਰਦੇ ਸੀ ਪਰ ਹਾਲੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਨਹੀਂ ਸੀ ਹੋਇਆ ਪਰ ਲਗਨ ਐਨੀ ਪ੍ਰਬਲ ਸੀ ਕਿ ਜਿਥੇ ਵੀ ਕਿਸੇ ਮਹਾਂਪੁਰਸ਼ ਨੇ ਆਉਣਾ, ਬਚਨ ਸਰਵਣ ਕਰਨ ਵਾਸਤੇ ਚਲੇ ਜਾਇਆ ਕਰਦੇ ਸੀ। ਜਦੋਂ ਇਕ ਵਾਰੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਜੇਲ੍ਹ 'ਚੋਂ ਛੁੱਟ ਕੇ ਆਏ ਤਾਂ ਅਸੀਂ ਉਨ੍ਹਾਂ ਦੇ ਦਰਸ਼ਨ ਕਰਨ ਗਏ ਜਿਸ ਨੇ ਆਪਣੀ ਉਮਰ ਦਾ ਸਭ ਤੋਂ ਚੰਗਾ ਹਿੱਸਾ ਮਾਤ ਭੂਮੀ ਦੀ ਆਜ਼ਾਦੀ ਹਾਸਲ ਕਰਨ ਵਾਸਤੇ ਜੇਲ੍ਹ ਦੀਆਂ ਕੋਠੜੀਆਂ ਵਿਚ ਕਸ਼ਟ ਸਹਿ ਕੇ ਬਤੀਤ ਕੀਤਾ। ਇਨ੍ਹਾਂ ਦੇ ਘਰ ਧਮੋਟ ਵੀ ਗੁਰਸਿੱਖਾਂ ਦਾ ਆਉਣਾ-ਜਾਣਾ ਬਣਿਆ ਰਹਿੰਦਾ ਸੀ ਅਤੇ ਇਸ ਸੰਘਰਸ਼ ਦੌਰਾਨ ਅੰਗਰੇਜ਼ ਸਰਕਾਰ ਨੇ ਅਨੇਕਾਂ ਸਿੰਘਾਂ ਦੇ ਘਰ ਜਬਤ ਕਰ ਲਏ ਸੀ। ਜਦੋਂ ਇਨ੍ਹਾਂ ਦੇ ਪਿਤਾ ਜੀ (ਜਥੇਦਾਰ ਬਾਬਾ ਕਰਤਾਰ ਸਿੰਘ ਜੀ) ਨੇ ਸੇਵਾ ਸਿੰਘ ਠੀਕਰੀਵਾਲ ਵਾਲੇ ਜਥੇ ਨੂੰ ਪ੍ਰਸ਼ਾਦਾ ਛਕਾਇਆ ਸੀ ਤਾਂ ਇਨ੍ਹਾਂ ਦਾ ਘਰ ਵੀ ਅੰਗਰੇਜ਼ੀ ਸਰਕਾਰ ਨੇ ਜਬਤ ਕਰ ਲਿਆ ਸੀ ਤੇ ਛੇ ਮਹੀਨੇ ਬਾਦ ਤਾਲੇ ਖੋਲ੍ਹੇ ਸੀ। ਇਸ ਕਰਕੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਦਿਲੋਂ ਹਮਦਰਦੀ ਸੀ। ਜਦੋਂ ਉਥੇ ਪਹੁੰਚੇ ਤਾਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਹੱਥ ਵਿਚ ਲੋਹੇ ਦਾ ਸਿਮਰਨਾ ਫੜ ਕੇ ਨਾਮ ਸਿਮਰਨ ਕਰ ਰਹੇ ਸੀ। ਬਾਬਾ ਜੀ ਆਪ ਹੀ ਦੱਸਿਆ ਕਰਦੇ ਸਨ ਕਿ ਅਸੀਂ ਨਮਸ਼ਕਾਰ ਕੀਤੀ ਫੇਰ ਥੋੜ੍ਹੀ ਦੇਰ ਬਚਨ ਬਿਲਾਸ ਕਰਨ ਉਪਰੰਤ ਸਾਨੂੰ ਉਪਰ ਚੁਬਾਰੇ ਵਿਚ ਲੈ ਗਏ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸੀ। ਭਾਈ ਸਾਹਿਬ ਜੀ ਨੇ ਬਾਬਾ ਜੀ (ਸੰਤ ਵਰਿਆਮ ਸਿੰਘ ਜੀ) ਨੂੰ ਪੁੱਛਿਆ, ਬੇਟਾ! ਕੀ ਤੂੰ ਸ਼ਬਦ ਪੜ੍ਹ ਸਕਦਾ ਹੈਂ? ਬਾਬਾ ਜੀ ਕਹਿੰਦੇ, ਜੀ ਹਾਂ, ਮੈਨੂੰ ਚਾਰ ਸ਼ਬਦ ਆਉਂਦੇ ਹਨ। ਉਸੇ ਵੇਲੇ ਉਨ੍ਹਾਂ ਨੇ ਬਾਬਾ ਜੀ ਅੱਗੇ ਹਰਮੋਨੀਅਮ (ਵਾਜਾ) ਕਰ ਦਿਤਾ ਅਤੇ ਆਪ ਭਾਈ ਸਾਹਿਬ ਜੀ ਨੇ ਤਬਲੇ, ਵਜਾਉਣ ਵਾਸਤੇ ਲੈ ਲਏ। ਉਸ ਵੇਲੇ ਬਾਬਾ ਜੀ ਨੇ ਰਾਗ ਕਲਿਆਣ ਵਿਚ ਇਸ ਸ਼ਬਦ ਦੇ ਕੀਰਤਨ ਦਾ ਗਾਇਨ ਕੀਤਾ।

*ਠਾਕੁਰ ਤੁਮ੍ ਸਰਣਾਈ ਆਇਆ ॥*
*ਉਤਰਿ ਗਇਓ ਮੇਰੇ ਮਨ ਕਾ ਸੰਸਾ*
*ਜਬ ਤੇ ਦਰਸਨੁ ਪਾਇਆ ॥ ੧ ॥ ਰਹਾਉ ॥*
*ਅਨਬੋਲਤ ਮੇਰੀ ਬਿਰਥਾ ਜਾਨੀ*
*ਅਪਨਾ ਨਾਮੁ ਜਪਾਇਆ ॥*
*ਦੁਖ ਨਾਠੇ ਸੁਖ ਸਹਜਿ ਸਮਾਏ*
*ਅਨਦ ਅਨਦ ਗੁਣ ਗਾਇਆ ॥ ੧ ॥*
*ਬਾਹ ਪਕਰਿ ਕਢਿ ਲੀਨੇ ਅਪੁਨੇ*
*ਗ੍ਰਿਹ ਅੰਧ ਕੂਪ ਤੇ ਮਾਇਆ ॥*
*ਕਹੁ ਨਾਨਕ ਗੁਰਿ ਬੰਧਨ ਕਾਟੇ*
*ਬਿਛੁਰਤ ਆਨਿ ਮਿਲਾਇਆ ॥* *ਅੰਗ - ੧੨੧੮*

ਬਾਬਾ ਜੀ ਨੇ ਇਹ ਤੁੱਕ ਗਾਈ ਤਾਂ ਭਾਈ ਸਾਹਿਬ ਜੀ ਬਾਰ-ਬਾਰ ਇਹੀ ਤੁੱਕ ਪੜ੍ਹੀ ਗਏ 'ਸਰਣਾਈ ਆਇਆ - ਸਰਣਾਈ ਆਇਆ, ਠਾਕੁਰ ਤੁਮ ਸਰਣਾਈ ਆਇਆ' ਅਤੇ ਬਾਣੀ ਵਿਚੋਂ ਉਨ੍ਹਾਂ ਨੇ ਐਨੀਆਂ ਤੁੱਕਾਂ ਲਾ ਦਿਤੀਆਂ ਕਿ ਪੂਰੇ ਢਾਈ ਘੰਟੇ ਦਾ ਸਮਾਂ ਲੰਘ ਗਿਆ। ਬਾਬਾ ਜੀ ਕਹਿੰਦੇ ਕਿ ਮੈਨੂੰ ਉਸ ਵੇਲੇ ਭਾਈ ਸਾਹਿਬ ਰਣਧੀਰ ਸਿੰਘ ਜੀ ਬਹੁਤ ਪਿਆਰੇ ਲੱਗੇ। ਉਸ ਵੇਲੇ ਬਾਬਾ ਜੀ ਦੇ ਨਾਲ ਬੀਜੀ, ਬਾਬਾ ਜੀ ਦੇ ਵੱਡੇ ਭੈਣ, ਬੀਬੀ ਜਸਵੰਤ ਕੌਰ ਜੀ ਵੀ ਨਾਲ ਸੀ ਅਤੇ ਇਕ ਦੋ ਹੋਰ ਬੀਬੀਆਂ ਵੀ ਨਾਲ ਸਨ। ਬਾਬਾ ਜੀ ਕਹਿੰਦੇ ਕਿ ਭਾਈ ਸਾਹਿਬ ਜੀ ਨੇ ਸਾਨੂੰ ਸਾਰਿਆਂ ਨੂੰ ਸਰਬਲੋਹ ਦੇ ਬਾਟਿਆਂ ਵਿਚ ਪ੍ਰਸ਼ਾਦਾ ਛਕਾਇਆ। ਭਾਈ ਸਾਹਿਬ ਜੀ ਦਾ ਪ੍ਰਸ਼ਾਦਾ ਛਕਾਉਣਾ ਤੇ ਉਨ੍ਹਾਂ ਦਾ ਕੀਰਤਨ ਕਰਨਾ, ਇਹ ਸਭ ਕੁਝ ਇਕ ਫਿਲਮ ਦੀ ਤਰ੍ਹਾਂ ਮੇਰੇ ਹਿਰਦੇ ਅੰਦਰ ਰੂਪਮਾਨ ਹੋ ਗਿਆ। ਬਾਬਾ ਜੀ (ਸੰਤ ਵਰਿਆਮ ਸਿੰਘ ਜੀ) ਦੱਸਿਆ ਕਰਦੇ ਕਿ ਉਨ੍ਹਾਂ ਨੇ ਹੀ ਮੈਨੂੰ ਕਿਹਾ ਕਿ ਬੇਟਾ! ਅੱਜ ਤੋਂ 'ਗੁਰਮੁਖੀ'

ਦਸਤਾਰ ਸਜਾਇਆ ਕਰ, ਲੜ ਨਹੀਂ ਛੱਡਣਾ। ਬਾਬਾ ਜੀ ਕਹਿੰਦੇ ਮੈਂ ਸਤਿ ਬਚਨ ਜੀ, ਕਹਿ ਕੇ ਪ੍ਰਵਾਨ ਕੀਤਾ। ਫੇਰ ਉਥੋਂ ਆਪ ਜੀ ਮਨਸੂਰਾਂ, ਆਪਣੇ ਨਾਨਕੇ ਪਿੰਡ ਗਏ ਅਤੇ ਸੰਤ ਮਨੀ ਸਿੰਘ ਜੀ ਦਾ ਕੀਰਤਨ ਸੁਣਨ ਗਏ ਤੇ ਦੂਜੇ ਦਿਨ ਧਮੋਟ ਆਏ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਅਤੇ ਸਕੂਲ-ਕਾਲਜ ਦੀ ਵਿਦਿਆ

ਇਨ੍ਹਾਂ ਦੇ ਪਿੰਡ ਧਮੋਟ ਵਿਖੇ ਗਿਆਨੀ ਰਾਮ ਸਿੰਘ ਜੀ, ਜਿਨ੍ਹਾਂ ਦਾ ਜੀਵਨ ਤਿਆਗਮਈ ਸੀ ਅਤੇ ਉਨ੍ਹਾਂ ਨੇ ਆਪਣਾ ਸਾਰਾ ਜੀਵਨ ਗੁਰਮਤਿ ਪ੍ਰਚਾਰ ਵਿਚ ਲਾਇਆ। ਗਿਆਨੀ ਜੀ ਨੇ ਦਸਵੀਂ ਦੇ ਇਮਤਿਹਾਨ ਤੋਂ ਬਾਦ ਸਾਨੂੰ 14 ਬੱਚਿਆਂ ਨੂੰ ਗੁਰਦੁਆਰਾ ਸਾਹਿਬ ਵਿਖੇ 14 ਸਰੂਪ ਪ੍ਰਕਾਸ਼ ਕਰਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਦੇਣ ਦਾ ਪ੍ਰੋਗਰਾਮ ਬਣਾਇਆ। ਬਾਬਾ ਜੀ ਦੀ ਉਮਰ ਹਾਲੇ 13 ਸਾਲ ਦੀ ਸੀ, ਇਨ੍ਹਾਂ ਨੇ ਵੀ ਗਿਆਨੀ ਜੀ ਨੂੰ ਬੇਨਤੀ ਕੀਤੀ ਤਾਂ ਉਨ੍ਹਾਂ ਜਵਾਬ ਦਿਤਾ ਕਿ ਅਜੇ ਤੂੰ ਨਿਆਣਾ ਹੈਂ, ਨਾ ਤੂੰ ਗੁਰਮੁਖੀ ਪੜ੍ਹੀ ਹੈ ਕਿਉਂਕਿ ਉਨ੍ਹਾਂ ਦਿਨਾਂ ਵਿਚ ਸਕੂਲਾਂ ਵਿਚ ਕੇਵਲ ਉਰਦੂ-ਫਾਰਸੀ ਹੀ ਪੜ੍ਹਾਈ ਜਾਂਦੀ ਸੀ। ਬਾਬਾ ਜੀ ਕਹਿੰਦੇ, ਗਿਆਨੀ ਜੀ! ਮੈਂ 'ਜਾਨੀ ਚੋਰ' ਦਾ ਚਿੱਠਾ ਪੜ੍ਹਿਆ ਹੈ। ਇਹ ਸੁਣ ਕੇ ਸਾਰੇ ਹੱਸ ਪਏ ਤੇ ਕਹਿੰਦੇ ਕਿ ਇਹਦੇ ਨਾਲ ਕੋਈ ਪੰਜਾਬੀ ਪੜ੍ਹਨੀ ਥੋੜਾ ਆ ਜਾਂਦੀ ਹੈ? ਬਾਬਾ ਜੀ ਦੀਆਂ ਬੇਨਤੀਆਂ ਸੁਣ ਕੇ ਇਨ੍ਹਾਂ ਨੂੰ ਪਾਠੀ ਹੀਰਾ ਸਿੰਘ ਨਾਲ ਬਿਠਾ ਦਿਤਾ ਤੇ ਉਨ੍ਹਾਂ ਦਿਨਾਂ ਵਿਚ (ਲੜੀਵਾਰ) ਜੁੜਵੇਂ ਅੱਖਰਾਂ ਵਾਲੇ ਸਰੂਪ ਹੁੰਦੇ ਸੀ। ਜਦ ਕਿ ਦਸਵੀਂ ਜਮਾਤ ਦੇ ਬੱਚਿਆਂ ਤੋਂ ਇਹ ਪਾਠ ਨਹੀਂ ਸੀ ਹੁੰਦਾ। ਪਰ ਬਾਬਾ ਜੀ ਨੇ ਸਹਿਜ ਨਾਲ ਹੀ ਪਾਠ ਕਰਕੇ ਸੁਣਾ ਦਿਤਾ। ਗਿਆਨੀ ਜੀ ਬੜੇ ਪ੍ਰਸੰਨ ਹੋਏ ਤੇ ਉਨ੍ਹਾਂ ਨੇ ਮੈਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੀ ਸੰਥਿਆ ਕਰਵਾ ਦਿਤੀ। ਇਸ ਨਾਲ ਬਾਬਾ ਜੀ ਬਹੁਤ ਖੁਸ਼ ਹੋਏ ਕਿ ਹੁਣ ਮੈਨੂੰ ਪਾਠ ਕਰਨਾ ਆ ਗਿਆ। ਉਨ੍ਹਾਂ ਦਿਨਾਂ ਵਿਚ ਪਿੰਡ ਵਿਚ ਕਾਫੀ ਅਖੰਡ ਪਾਠ ਤੇ ਸਹਿਜ ਪਾਠ ਹੋਇਆ ਕਰਦੇ ਸਨ ਤੇ ਗਿਆਨੀ ਸੁੰਦਰ ਸਿੰਘ ਜੋ ਜਥੇਦਾਰ ਸਨ, ਜਦੋਂ ਮੈਂ (ਬਾਬਾ ਜੀ ਨੇ) ਸਕੂਲੋਂ ਆਉਣਾ ਉਸ ਨੇ ਰਸਤੇ ਵਿਚ ਖੜ੍ਹ ਕੇ ਉਡੀਕਣਾ ਤੇ ਮੈਨੂੰ ਦੁੱਧ ਦਾ ਛੰਨਾ ਪਿਲਾ ਕੇ ਕਹਿਣਾ ਕਿ ਫਲਾਣੇ ਦੇ ਘਰ ਸਹਿਜ ਪਾਠ ਹੋ ਰਿਹਾ ਹੈ, ਉਥੇ ਪਾਠ ਕਰਕੇ ਆ। ਬਾਬਾ ਜੀ ਨੇ ਕਹਿਣਾ ਕਿ ਮੈਂ ਸਕੂਲ ਦਾ ਕੰਮ ਕਰਨਾ ਹੈ, ਉਸ ਨੇ ਕਹਿਣਾ ਐਥੇ ਬੈਠ ਕੇ ਹੀ ਥੋੜ੍ਹਾ-ਬਹੁਤ ਕਰ ਲੈ ਬਾਕੀ ਘਰ ਜਾ ਕੇ ਰਾਤ ਨੂੰ ਕਰ ਲਵੀਂ। ਬਾਬਾ ਜੀ ਦਾ ਪਾਠ ਸੁਣਨ ਵਾਸਤੇ ਭਾਈ-ਬੀਬੀਆਂ ਹੁੰਮ-ਹੁੰਮਾ ਕੇ ਪਹੁੰਚਿਆ ਕਰਦੇ ਸਨ ਕਿਉਂਕਿ ਪਿੰਡ ਵਾਲੇ ਮਾਈ-ਭਾਈ ਇਨ੍ਹਾਂ ਤੋਂ ਹੀ ਪਾਠ ਸੁਣਨਾ ਪਸੰਦ ਕਰਦੇ ਸੀ। ਇਸ ਲਈ ਇਨ੍ਹਾਂ ਦੀ ਡਿਊਟੀ ਸ਼ਾਮ 8 ਤੋਂ 10 ਵਜੇ ਲਗਦੀ ਸੀ। ਇਸੇ ਤਰ੍ਹਾਂ ਛੁੱਟੀਆਂ ਵਿਚ ਘਰੋਂ-ਘਰੀਂ ਕੀਰਤਨ ਕਰਨਾ ਸ਼ੁਰੂ ਕਰ ਦਿਤਾ ਅਤੇ ਪਿੰਡ ਦੇ ਰਾਮਗੜ੍ਹੀਆਂ ਪਰਿਵਾਰ ਵੀ ਸਾਰੇ, ਸਿੱਖੀ ਨਾਲ ਜੁੜ ਗਏ ਤੇ ਗੁਰਦੁਆਰੇ ਆਉਣ ਲਗ ਪਏ।

ਆਪ ਜੀ ਨੇ ਸੰਨ 1934 ਵਿਚ ਪਾਇਲ ਹਾਈ ਸਕੂਲ ਤੋਂ ਦਸਵੀਂ ਪਾਸ ਕਰਕੇ 1935 ਵਿਚ ਲੁਧਿਆਣੇ ਆ ਕੇ commercial ਕਾਲਜ ਵਿਚ ਟਾਈਪ ਅਤੇ ਟੈਲੀਗਰਾਫੀ (shorthand) ਆਦਿ ਦਾ ਕੋਰਸ ਕੀਤਾ। ਉਥੋਂ ਫੇਰ ਆਪ ਜੀ ਨੂੰ ਮਾਨਸਾ ਦੇ ਕੋਲ ਜਵਾਹਰਕੇ ਦੀ ਕੋਠੀ ਵਿਚ ਤਾਰ ਬਾਬੂ ਪਾਸ ਭੇਜ ਦਿਤਾ ਕਿਉਂਕਿ ਆਪ ਜੀ ਨੇ ਇਹ ਕੋਰਸ ਕੀਤਾ ਹੋਇਆ ਸੀ। ਆਪ ਜੀ ਆਪਣਾ ਪ੍ਰਸ਼ਾਦਾ ਆਪ ਤਿਆਰ ਕਰਦੇ ਸੀ ਅਤੇ ਉਥੇ ਭਜਨ ਕਰਨ ਨੂੰ ਬਹੁਤ ਸਮਾਂ ਮਿਲ ਜਾਂਦਾ ਸੀ। ਹਰ ਰੋਜ਼ 75 ਹਜ਼ਾਰ ਵਾਰੀ ਵਾਹਿਗੁਰੂ ਮੰਤਰ ਸਿਮਰਨ ਕਰਨ ਨਾਲ ਨਾਮ ਚੱਲ ਪਿਆ ਤੇ ਉਥੇ ਜਿਹੜਾ ਨਹਿਰ ਦਾ ਓਵਰਸੀਅਰ ਸੀ ਉਸ ਨਾਲ ਵੀ ਰਕਮਾਂ ਦੇ ਜੋੜ ਕਰਕੇ ਐਸਟੀਮੇਟ ਬਣਾਉਣ ਵਿਚ ਮਦਦ ਕਰਿਆ ਕਰਦੇ ਸਨ। ਜਦੋਂ ਰਕਮਾਂ ਦੇ ਜੋੜ ਕਰਨੇ ਤਾਂ ਆਪ ਜੀ ਦੇ ਬੁਲ੍ਹ ਜ਼ੋਰ ਨਾਲ ਫਰਕਦੇ ਸੀ, ਉਸ ਨੇ ਪੁੱਛਣਾ ਕਿ ਤੇਰੇ ਬੁਲ੍ਹ ਕਿਉਂ ਫਰਕਦੇ ਹਨ?

ਆਪ ਜੀ ਨੇ ਕਹਿਣਾ ਬਾਬੂ ਜੀ! ਇਹ ਗੱਲ ਤੁਹਾਡੇ ਸਮਝ ਵਿਚ ਨਹੀਂ ਆਉਣੀ ਕਿਉਂਕਿ ਤੁਸੀਂ ਇਸ ਮਾਰਗ ਤੋਂ ਅਛੋਹ ਹੋ।

ਮਾਤਾ ਤੇ ਪਿਤਾ ਜੀ ਦੋਵੇਂ ਗੁਰੂ ਘਰ ਨਾਲ ਜੁੜੇ ਹੋਣ ਕਰਕੇ ਗੁਰਮਤਿ ਮਰਿਯਾਦਾ ਦੇ ਧਾਰਨੀ ਸਨ। ਧਾਰਮਿਕ ਬਿਰਤੀ ਐਨੀ ਪਰਪੱਕ ਸੀ ਕਿ ਸਕੂਲ ਵਿਚ ਪੜ੍ਹਦਿਆਂ ਜਦੋਂ ਅਧਿਆਪਕ ਨੇ ਆਪ ਨੂੰ ਜਗਤ ਜੂਠ (ਤਮਾਕੂ) ਦਾ ਨਾਮ ਦੱਸਣ ਲਈ ਕਿਹਾ

ਤਾਂ ਆਪ ਚੁੱਪ ਰਹੇ ਕਿਉਂਕਿ ਇਸ ਨੂੰ ਜ਼ੁਬਾਨ ਨਾਲ ਦੱਸਣਾ ਵੀ ਗੁਰਮਤਿ ਤੋਂ ਵਿਪਰੀਤ ਸਮਝਦੇ ਸੀ। ਬਚਪਨ ਦੀ ਡਾਇਰੀ ਵਿਚ ਆਪ ਜੀ ਦੇ ਲਿਖੇ ਹੋਏ ਇਸ ਪ੍ਰਕਾਰ ਦੇ ਬਚਨ ਮਿਲੇ ਹਨ।

"ਗਰੀਬ ਤੇ ਦਇਆ ਕਰਨੀ ਠੰਡੇ ਅਤੇ ਸ਼ਾਂਤ ਹਿਰਦੇ ਦਾ ਅੰਗ ਹੈ। ਸ਼ਾਂਤੀ ਵੈਰਾਗ ਤੋਂ ਉਤਪੰਨ ਹੁੰਦੀ ਹੈ। ਵੈਰਾਗ ਵਿਵੇਕ ਤੋਂ ਪੈਦਾ ਹੁੰਦਾ ਹੈ। ਵਿਵੇਕ ਸਤਿਸੰਗਤ ਕੀਤਿਆਂ ਪ੍ਰਾਪਤ ਹੁੰਦਾ ਹੈ। ਸਤਿਸੰਗ ਕਰਮਾਂ ਕਰਕੇ ਮਿਲਦਾ ਹੈ। ਕਰਮ ਵਾਹਿਗੁਰੂ ਦੀ ਪ੍ਰੇਰਨਾ ਅੰਦਰ ਹਨ ਅਤੇ ਉਸ ਦੀ ਕ੍ਰਿਪਾ ਤੋਂ ਉਤਪੰਨ ਹੁੰਦੇ ਹਨ।

ਬਾਬਾ ਜੀ ਦੇ ਵੱਡੇ ਭੈਣ ਜੀ, ਜਸਵੰਤ ਕੌਰ ਜੀ, ਅਕਸਰ ਪਿਆਰ ਭਰੇ ਖੱਤ, ਆਪਣੇ ਪਿਆਰੇ ਵੀਰ (ਬਾਬਾ ਜੀ) ਨੂੰ ਤੇ ਮੈਨੂੰ ਵੀ ਲਿਖਦੇ ਰਹਿੰਦੇ ਸੀ। ਉਨ੍ਹਾਂ ਦਾ ਜਵਾਬ ਲਿਖਣ ਵਾਸਤੇ, ਆਪ ਜੀ ਨੇ ਦਾਸ ਨੂੰ ਕਹਿਣਾ ਕਿ ਗੁਰਦੇਵ ਸਿੰਘ! ਬੀਬੀ ਜੀ ਨੂੰ ਜਵਾਬ ਲਿਖ ਤੇ ਜੋ ਲਿਖਣਾ ਹੁੰਦਾ ਮੈਨੂੰ ਡਿਕਟੇਟ ਕਰਵਾ ਦਿੰਦੇ ਸਨ। ਉਸ ਵਿਚੋਂ ਕੁਝ ਅੰਸ਼, ਸੰਗਤ ਦੇ ਗਿਆਤ ਲਈ ਲਿਖਦਾ ਹਾਂ ਜੋ ਉਪਰੋਕਤ ਡਾਇਰੀ ਵਿਚ ਅੰਕਿਤ ਕੀਤੇ ਬਚਨਾਂ ਦੀ ਪ੍ਰੋੜ੍ਹਤਾ ਕਰਦੇ ਹਨ।

"ਮੇਰਾ ਵੀਰ ਬੰਦਗੀ ਕਰਕੇ ਬਹੁਤ ਬੜਾ ਸੰਤ ਬਣੇ, ਦੁਨੀਆਂ ਨੂੰ, ਕੁਲਾਂ ਨੂੰ ਤਾਰੇ। ਵੀਰ ਜੀ, ਪਹਿਲਾਂ ਤੋਂ ਹੀ ਨਿਰਛਲ, ਈਮਾਨਦਾਰ, ਸੱਚ ਬੋਲਣ ਵਾਲੇ, ਸਭ ਦੇ ਦਰਦੀ, ਕਦਰ ਪਾਉਣ ਵਾਲੇ, ਸਭ ਨਾਲ ਪਿਆਰ ਕਰਨਾ, ਬੀਰ ਜੀ ਦਾ ਸੁਭਾਅ ਸੀ। ਦੁਖੀਆਂ ਦੇ ਦਰਦੀ ਸਨ। ਗੁਰੂ ਜੀ ਦੀ ਕ੍ਰਿਪਾ ਤੇ ਮਿਹਰ ਸੀ। ਸਾਡੇ ਮਾਤਾ ਪਿਤਾ ਵੀ ਦੁਖੀਆਂ ਦੇ ਦਰਦੀ ਸਨ। ਸਾਡੇ ਕੋਲ ਇਕ ਬਹੁਤ ਗਰੀਬ ਪਰਿਵਾਰ ਰਹਿੰਦਾ ਸੀ। ਬਾਬਾ ਜੀ ਨੇ ਵੀ, ਮਾਤਾ-ਪਿਤਾ ਜੀ ਨੇ ਵੀ, ਪਹਿਲਾਂ ਉਨ੍ਹਾਂ ਨੂੰ ਅੰਨ-ਪਾਣੀ ਦੇਣਾ, ਫੇਰ ਆਪ ਛਕਣਾ। ਇਨ੍ਹਾਂ ਨੂੰ ਸੰਤ ਜੀ ਕਹਿੰਦੇ ਹੁੰਦੇ ਸੀ। ਪਿਤਾ ਜੀ ਨੇ ਕਹਿਣਾ ਕਿ ਇਹ ਬੱਚਾ ਸਾਡਾ ਨਾਮ ਉੱਚਾ ਕਰੇਗਾ, ਸੰਸਾਰ ਨੂੰ ਤਾਰਨਹਾਰਾ ਹੋਵੇਗਾ। ਮਾਤਾ ਜੀ ਨੇ ਮੈਨੂੰ ਕਹਿਣਾ ਬੀਬੀ! ਆਪ ਦੇ ਵੀਰ ਨੂੰ ਹੋਰ ਪ੍ਰਸ਼ਾਦਾ ਦੇ ਦੇ, ਸ਼ੀਤ ਪ੍ਰਸ਼ਾਦ ਵਲ ਦੇਖਦੇ ਰਹਿੰਦੇ ਸੀ ਤੇ ਕਹਿਣਾ, ਮੈਨੂੰ ਆਪਣਾ ਸ਼ੀਤ ਪ੍ਰਸ਼ਾਦ ਮਿਲ ਜਾਵੇ। ਵੀਰ ਜੀ ਵੀ ਇਹੋ ਜਿਹੇ ਪਰਉਪਕਾਰੀ ਸੀ। ਜਦ ਛੁੱਟੀਆਂ ਵਿਚ ਚੰਡੀਗੜ੍ਹ ਤੋਂ ਪਿੰਡ ਆਉਣਾ ਤਾਂ ਗਰੀਬਾਂ ਨੂੰ ਕੱਪੜੇ, ਪੈਸੇ ਦੇਣੇ, ਇਨ੍ਹਾਂ ਦਾ ਵੀ ਇਹੀ ਕਰਤੱਵ ਸੀ। ਗੁਰੂ ਜੀ ਸਦਾ ਤੰਦਰੁਸਤੀ, ਚੜ੍ਹਦੀ ਕਲਾ ਬਖਸ਼ਦੇ ਰਹਿਣ। ਹੋਰ ਪੁੱਤਰ ਗੁਰਦੇਵ ਸਿੰਘ! ਖੱਤ ਦਾ ਜਵਾਬ ਛੇਤੀ ਦਿੰਦੇ ਰਹਿਣਾ।"

ਘਰ ਵਿਚ ਖੇਤੀ ਦਾ ਕੰਮ ਧੰਦਾ ਕਰਦਿਆਂ ਉਨ੍ਹਾਂ ਨੂੰ ਇਕੋ ਲਗਨ ਤੇ ਚੇਟਕ ਲੱਗੀ ਰਹਿੰਦੀ ਸੀ ਕਿ ਵੱਧ ਤੋਂ ਵੱਧ ਨਾਮ ਜਪਣਾ ਹੈ ਤੇ ਨਾਮ ਰਸੀਏ ਮਹਾਂਪੁਰਸ਼ਾਂ ਦੀ ਸੰਗਤ ਕਰਨੀ ਹੈ ਤੇ ਆਪ ਜੀ ਪੂਰਨ ਮਹਾਂਪੁਰਸ਼ ਦੀ ਤਲਾਸ਼ ਵਿਚ ਵੀ ਸਨ। ਇਸ ਲਈ ਜਿਥੇ ਕਿਤੇ ਵੀ, ਨੇੜੇ ਤੇੜੇ ਜਾਂ ਦੂਰ-ਦੁਰਾਡੇ ਨਾਮ ਜਪਣ ਵਾਲੇ ਸੰਤਾਂ ਦਾ ਕੀਰਤਨ ਸਮਾਗਮ ਹੁੰਦਾ ਉਥੇ ਸਤਿਸੰਗ ਦਾ ਲਾਹਾ ਲੈਣ ਲਈ ਪਹੁੰਚ ਜਾਇਆ ਕਰਦੇ ਸਨ। ਪੁਰਖਿਆਂ ਤੋਂ ਸੰਤ ਸੇਵੀ ਪਰਿਵਾਰ ਹੋਣ ਕਰਕੇ ਇਨ੍ਹਾਂ ਦੇ ਖੂਹ ਉਤੇ ਚਾਰ ਖਣਾਂ ਦਾ ਕੋਠਾ ਪਾਇਆ ਹੋਇਆ ਸੀ ਜਿਥੇ ਆ ਕੇ ਸਾਧੂ ਮਹਾਂਪੁਰਸ਼ ਆ ਕੇ ਠਹਿਰਿਆ ਕਰਦੇ ਸੀ। ਜਟਾਵਾਂ ਵਾਲੇ ਸੰਤ ਕਈ-ਕਈ ਮਹੀਨੇ ਰਹਿੰਦੇ ਤੇ ਸਾਰਾ ਪਰਿਵਾਰ ਸੇਵਾ ਕਰਦਾ ਸੀ। ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਵੀ ਤਿੰਨ ਵੇਰਾਂ ਇਥੇ ਖੂਹ ਤੇ ਆ ਕੇ ਠਹਿਰੇ ਸਨ ਤੇ ਪਰਿਵਾਰ ਨੇ ਸੇਵਾ ਕਰਕੇ ਲਾਹਾ ਪ੍ਰਾਪਤ ਕੀਤਾ ਸੀ। ਸੰਤਾਂ ਨੇ ਇਨ੍ਹਾਂ ਵੱਲ ਤੱਕ ਕੇ ਬਚਨ ਕੀਤਾ ਸੀ ਕਿ ਇਹ ਬੰਦਗੀ ਵਾਲੀ ਰੂਹ ਤੁਹਾਡੇ ਘਰ ਆਈ ਹੈ, ਕਦੀ ਇਸ ਦਾ ਮੂੰਹ ਨਾ ਫਿਟਕਾਰਿਓ।

ਆਪ ਜੀ ਦੀ ਉਮਰ 17 ਸਾਲ ਦੀ ਹੋ ਗਈ ਸੀ ਪਰ ਆਪ ਨੂੰ ਗ੍ਰਿਹਸਤ ਜੀਵਨ ਬਾਰੇ ਕੋਈ ਵੀ ਫੁਰਨਾ ਨਹੀਂ ਸੀ। ਆਪ ਜੀ ਦੇ ਮਾਤਾ ਇੰਦ ਕੌਰ ਜੀ ਨੂੰ ਭਲੀਭਾਂਤ ਪਤਾ ਸੀ ਕਿ ਇਹ ਬੰਦਗੀ ਵਾਲੀ ਰੂਹ ਹੈ। ਕਿਉਂਕਿ ਪਿਛਲੇ ਜਨਮ ਵਿਚ ਹਰਨਾਮ ਸਿੰਘ ਨਾਮ ਸੀ ਤੇ ਛੋਟੀ ਉਮਰੇ ਦਸ ਗਏ ਸੀ ਕਿ ਮੈਂ ਫੇਰ ਆਵਾਂਗਾ। ਮਾਤਾ ਜੀ ਨੇ ਇਨ੍ਹਾਂ ਦੇ ਜਨਮ ਲੈਣ ਤੋਂ ਪਹਿਲਾਂ ਸਾਧੂ ਰੂਪ ਵਿਚ ਦਰਸ਼ਨ ਕੀਤੇ ਸੀ। ਬਚਪਨ ਵਿਚ ਨਾਮ ਜਪਣ ਦੀ ਲਗਨ ਵੀ ਵੇਖੀ ਸੀ ਕਿ ਕਿਸ ਤਰ੍ਹਾਂ ਨਾਲ ਗੁਰਦੁਆਰਾ ਸਾਹਿਬ ਦੀ ਪੌੜਸਾਲ ਹੇਠਾਂ ਛੁਪ ਕੇ, ਹਰ ਰੋਜ਼ ਮੂੰਹ-ਹਨ੍ਹੇਰੇ ਬੈਠ ਕੇ, ਇਕ ਟਕ ਜਾਪ ਕਰਿਆ ਕਰਦੇ ਸਨ।

*'ਚਲਦਾ............।'*

